6-MARCH-PAGE-1.qxd 3/5/2023 8:23 PM Page 1

ਸੋਮਵਾਰ, 6 ਮਾਰਚ, 2023
22 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 275

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • MONDAY, 6 MARCH, 2023 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਖੁਸ਼ੀ ਦੇ ਹੰਝੂ



**ਹੈਦਰਾਬਾਦ** : ਟੈਨਿਸ ਸਟਾਰ ਸਾਨੀਆ ਮਿਰਜ਼ਾ (36) ਨੇ ਐਤਵਾਰ ਉਥੇ ਹੀ ਆਪਣੇ ਖੇਡ ਸਫਰ ਦਾ ਅੰਤ ਕੀਤਾ, ਜਿੱਥੋਂ ਸ਼ੁਰੂਆਤ ਕੀਤੀ ਸੀ। ਉਸ ਨੇ ਲਾਲ ਬਹਾਦੁਰ ਟੈਨਿਸ ਸਟੇਡੀਅਮ ਵਿਚ ਰੋਹਨ ਬੋਪੰਨਾ, ਯੁਵਰਾਜ ਸਿੰਘ ਤੇ ਬੇਥੈਨੀ ਮੇਟੇਕ ਸੈਂਡਸ ਨਾਲ ਨੁਮਾਇਸ਼ੀ ਖੇਡ ਕੇ ਖੁਸ਼ੀ-ਭਰੇ ਹੰਝੂਆਂ ਨਾਲ 20 ਸਾਲਾ ਪ੍ਰੋਫੈਸ਼ਨਲ ਕੈਰੀਅਰ ਨੂੰ ਅਲਵਿਦਾ ਕਿਹਾ। ਸਾਨੀਆ ਨੇ ਆਪਣੇ ਕੈਰੀਅਰ ਵਿਚ ਛੇ ਗਰੈਂਡ ਸਲੈਮ ਟਾਈਟਲ (ਤਿੰਨ ਮਹਿਲਾ ਡਬਲਜ਼ ਤੇ ਤਿੰਨ ਮਿਕਸਡ ਡਬਲਜ਼) ਜਿੱਤੇ। ਸਾਨੀਆ ਨੇ ਜਜ਼ਬਾਤੀ ਤਕਰੀਰ ਵਿਚ ਕਿਹਾ ਕਿ ਹਾਲਾਂਕਿ ਉਹ ਰਿਟਾਇਰ ਹੋ ਗਈ ਹੈ, ਪਰ ਟੈਨਿਸ ਤੇ ਹੋਰਨਾਂ ਖੇਡਾਂ ਨਾਲ ਜੁੜੀ ਰਹੇਗੀ। ਉਸ ਨੇ ਆਸ ਪ੍ਰਗਟਾਈ ਕਿ ਦੇਸ਼ ਵਿਚ ਕਈ ਸਾਨੀਆ ਉਭਰਨਗੀਆਂ।

## 'ਪਠਾਨ' ਸਭ ਤੋਂ ਵੱਧ ਕਮਾਈ ਵਾਲੀ ਹਿੰਦੀ ਫਿਲਮ

**ਮੁੰਬਈ** : ਯਸ਼ ਰਾਜ ਫਿਲਮਜ਼ ਨੇ ਕਿਹਾ ਹੈ ਕਿ ਸ਼ਾਹਰੁਖ ਖਾਨ ਦੀ ਫਿਲਮ 'ਪਠਾਨ' ਭਾਰਤ ਵਿਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਹਿੰਦੀ ਫਿਲਮ ਬਣ ਗਈ ਹੈ। 25 ਜਨਵਰੀ ਨੂੰ ਰਿਲੀਜ਼ ਹੋਈ ਫਿਲਮ ਆਪਣੇ ਪਹਿਲੇ ਪੜਾਅ 'ਚ ਹੁਣ ਤੱਕ 1028 ਕਰੋੜ ਰੁਪਏ ਦੀ ਕਮਾਈ ਕਰ ਚੁੱਕੀ ਹੈ। ਇਸ ਨੇ ਭਾਰਤ ਵਿਚ 641.50 ਕਰੋੜ ਤੇ ਵਿਦੇਸ਼ਾਂ ਵਿਚ 386.50 ਕਰੋੜ ਰੁਪਏ ਕਮਾਏ ਹਨ। ਉਂਜ ਆਮਿਰ ਖਾਨ ਦੀ ਫਿਲਮ 'ਦੰਗਲ' ਨੇ ਕਰੀਬ 2000 ਕਰੋੜ ਰੁਪਏ ਦੀ ਕਮਾਈ ਕੀਤੀ ਸੀ, ਪਰ ਪਹਿਲੇ ਪੜਾਅ ਵਿਚ ਉਸ ਨੇ 700 ਕਰੋੜ ਰੁਪਏ ਕਮਾਏ ਸਨ ਅਤੇ ਚੀਨ ਦੇ ਸਿਨਮਿਆਂ ਵਿਚ ਰਿਲੀਜ਼ ਹੋਣ ਤੋਂ ਬਾਅਦ ਉਸ ਦੀ ਦੁਨੀਆ ਪੱਧਰ 'ਤੇ ਕਮਾਈ ਇਕ ਹਜ਼ਾਰ ਕਰੋੜ ਰੁਪਏ ਹੋਰ ਹੋਈ ਸੀ।

## ਕੰਵਰਦੀਪ ਚੰਡੀਗੜ੍ਹ ਦੀ ਐੱਸ ਐੱਸ ਪੀ



**ਚੰਡੀਗੜ੍ਹ** : ਪੰਜਾਬ ਕੇਡਰ ਦੀ 2013 ਬੈਚ ਦੀ ਆਈ ਪੀ ਐੱਸ ਅਧਿਕਾਰੀ ਕੰਵਰਦੀਪ ਕੌਰ ਨੂੰ ਚੰਡੀਗੜ੍ਹ ਦਾ ਨਵਾਂ ਐੱਸ ਐੱਸ ਪੀ ਲਾਇਆ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਇਹ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ।

## ਏ ਐੱਸ ਆਈ ਦੀ ਮੌਤ



**ਮਲੋਟ (ਗੁਰਮੀਤ ਸਿੰਘ ਮੱਕੜ)** : ਥਾਣਾ ਲੰਬੀ ਵਿੱਚ ਤਾਇਨਾਤ ਏ ਐੱਸ ਆਈ ਬਲਰਾਜ ਸਿੰਘ ਦੀ ਐਤਵਾਰ ਡਿਊਟੀ ਦੌਰਾਨ ਅਸਲਾ ਸਾਫ ਕਰਦੇ ਅਚਾਨਕ ਗੋਲੀ ਚੱਲਣ ਕਾਰਨ ਮੌਤ ਹੋ ਗਈ। ਡੀ ਐਸ ਪੀ ਬਲਕਾਰ ਸਿੰਘ ਨੇ ਦੱਸਿਆ ਕਿ ਪਰਿਵਾਰ ਵਾਲਿਆਂ ਦੇ ਬਿਆਨਾਂ ਦੇ ਅਧਾਰ 'ਤੇ 174 ਦੀ ਕਰਵਾਈ ਕਰਦੇ ਹੋਏ ਮਾਮਲਾ ਦਰਜ ਕੀਤਾ ਗਿਆ ਹੈ।

## ਉੱਤਰਕਾਸ਼ੀ 'ਚ ਭੁਚਾਲ ਦੇ ਝਟਕੇ

**ਉੱਤਰਕਾਸ਼ੀ** : ਐਤਵਾਰ ਇੱਥੇ ਵੱਡੇ ਤੜਕੇ ਭੁਚਾਲ ਦੇ ਉਪਰੋਥੱਲੀ ਤਿੰਨ ਝਟਕੇ ਮਹਿਸੂਸ ਕੀਤੇ ਗਏ ਹਨ। ਰਿਕਟਰ ਪੈਮਾਨੇ 'ਤੇ ਭੁਚਾਲ ਦੀ ਸ਼ਿੱਦਤ 2.5 ਮਾਪੀ ਗਈ ਹੈ। ਭੁਚਾਲ ਦੇ ਪਹਿਲੇ ਝਟਕੇ ਦਾ ਕੇਂਦਰ ਜ਼ਿਲ੍ਹੇ ਦੇ ਭਟਵਾਰੀ ਇਲਾਕੇ 'ਚ ਸਿਰੋਰ ਦਾ ਜੰਗਲ ਸੀ। ਉਸ ਮਗਰੋਂ ਦੋ ਹੋਰ ਝਟਕੇ ਮਹਿਸੂਸ ਕੀਤੇ ਗਏ, ਪਰ ਇਨ੍ਹਾਂ ਦੀ ਸ਼ਿੱਦਤ ਏਨੀ ਹਲਕੀ ਸੀ ਕਿ ਇਨ੍ਹਾਂ ਨੂੰ ਰਿਕਾਰਡ ਵੀ ਨਹੀਂ ਕੀਤਾ ਜਾ ਸਕਿਆ। ਭੁਚਾਲ ਦੀ ਦਹਿਸ਼ਤ ਕਰਕੇ ਵੱਡੀ ਗਿਣਤੀ ਲੋਕਾਂ ਨੇ ਰਾਤ ਘਰਾਂ ਦੇ ਬਾਹਰ ਹੀ ਕੱਟੀ। ਉਂਜ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਤੋਂ ਬਚਾਅ ਰਿਹਾ।

## ਕੇਂਦਰੀ ਸਿਹਤ ਮੰਤਰੀ ਅਚਾਨਕ ਪਟਿਆਲਾ ਪੁੱਜੇ

**ਪਟਿਆਲਾ** : ਕੇਂਦਰੀ ਸਿਹਤ ਮੰਤਰੀ ਮਨਸੁਖ ਮੰਡਵੀਆ ਨੇ ਨੀਟ-ਪੀ ਜੀ ਪ੍ਰੀਖਿਆ ਲਈ ਕੀਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਐਤਵਾਰ ਪਟਿਆਲਾ ਦੇ ਪ੍ਰੀਖਿਆ ਕੇਂਦਰ 'ਚ ਅਚਨਚੇਤ ਦਸਤਕ ਦਿੱਤੀ। ਉਹ ਪ੍ਰੀਖਿਆ ਦੇਣ ਵਾਲੇ ਉਮੀਦਵਾਰਾਂ ਦੇ ਮਾਪਿਆਂ ਨੂੰ ਵੀ ਮਿਲੇ। ਮੰਡਵੀਆ ਮਗਰੋਂ ਸ੍ਰੀ ਕਾਲੀ ਦੇਵੀ ਮੰਦਰ ਤੇ ਗੁਰਦੁਆਰਾ ਦੂਖ ਨਿਵਾਰਨ ਵੀ ਗਏ। 277 ਸ਼ਹਿਰਾਂ ਦੇ 902 ਪ੍ਰੀਖਿਆ ਕੇਂਦਰਾਂ 'ਚ ਪ੍ਰੀਖਿਆ ਲਈ ਗਈ। ਪ੍ਰੀਖਿਆ 'ਚ 2,08,898 ਵਿਦਿਆਰਥੀ ਬੈਠੇ।

## ਚੀਨ ਦਾ ਰੱਖਿਆ ਬਜਟ ਭਾਰਤ ਨਾਲੋਂ ਤਿੱਗਣਾ

**ਬੀਜਿੰਗ** : ਚੀਨ ਨੇ ਆਪਣਾ ਰੱਖਿਆ ਬਜਟ 7.2 ਫੀਸਦ ਵਧਾ ਕੇ 1550 ਅਰਬ ਯੁਆਨ ਕਰ ਦਿੱਤਾ ਹੈ। ਚੀਨ ਨੇ ਲਗਾਤਾਰ 8ਵੀਂ ਵਾਰ ਬਜਟ ਵਧਾਇਆ ਹੈ। ਉਸ ਨੇ ਪਿਛਲੇ ਸਾਲ 7.1 ਫੀਸਦੀ ਦੇ ਵਾਧੇ ਨਾਲ 1450 ਅਰਬ ਯੁਆਨ ਦਾ ਬਜਟ ਪੇਸ਼ ਕੀਤਾ ਸੀ। ਹਾਲਾਂਕਿ ਯੁਆਨ ਦੇ ਮੁਕਾਬਲੇ ਡਾਲਰ ਦੀ ਮਜ਼ਬੂਤੀ ਨੂੰ ਵੇਖਦਿਆਂ ਇਸ ਸਾਲ ਚੀਨ ਦਾ ਰੱਖਿਆ ਖਰਚ ਕਰੀਬ 224 ਅਰਬ ਡਾਲਰ ਹੋ ਗਿਆ ਹੈ, ਜੋ ਪਿਛਲੇ ਸਾਲ ਦੇ 230 ਅਰਬ ਡਾਲਰ ਦੇ ਮੁਕਾਬਲੇ ਘੱਟ ਹੈ। ਭਾਰਤ ਦੇ ਮੁਕਾਬਲੇ ਚੀਨ ਦਾ ਰੱਖਿਆ ਬਜਟ ਤਿੰਨ ਗੁਣਾ ਵੱਧ ਹੈ। ਭਾਰਤ ਨੇ ਵਿੱਤੀ ਸਾਲ 2023-24 ਲਈ ਪੇਸ਼ ਬਜਟ 'ਚ ਰੱਖਿਆ ਖੇਤਰ ਲਈ 72.6 ਅਰਬ ਡਾਲਰ ਦਾ ਪ੍ਰਬੰਧ ਕੀਤਾ ਹੈ।

# ਪਰਵਾਸੀ ਮਜ਼ਦੂਰਾਂ ਬਾਰੇ ਅਫਵਾਹਾਂ ਫੈਲਾਉਣ 'ਤੇ ਦੋ ਪੱਤਰਕਾਰਾਂ ਸਣੇ ਚਾਰ ਖਿਲਾਫ ਕੇਸ ਦਰਜ



**ਚੇਨਈ** : ਤਾਮਿਲਨਾਡੂ ਪੁਲਸ ਨੇ ਬਿਹਾਰ ਨਾਲ ਸੰਬੰਧਤ ਪਰਵਾਸੀ ਮਜ਼ਦੂਰਾਂ 'ਤੇ ਹਮਲੇ ਨਾਲ ਸੰਬੰਧਤ 'ਝੂਠੀ' ਖਬਰ ਫੈਲਾਉਣ ਦੇ ਦੋਸ਼ 'ਚ ਭਾਜਪਾ ਆਗੂ ਅਤੇ ਦੋ ਪੱਤਰਕਾਰਾਂ ਸਣੇ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੇ ਕਿਹਾ ਕਿ ਭਾਜਪਾ ਤਰਜਮਾਨ ਤੇ ਸੁਪਰੀਮ ਕੋਰਟ ਦੇ ਵਕੀਲ ਪ੍ਰਸ਼ਾਂਤ ਉਮਰਾਓ, ਦੈਨਿਕ ਭਾਸਕਰ ਦੇ ਇਕ ਸੰਪਾਦਕ, ਪਟਨਾ ਅਧਾਰਤ ਪੱਤਰਕਾਰ ਮੁਹੰਮਦ ਤਨਵੀਰ ਅਤੇ ਸ਼ੁਭਮ ਸ਼ੁਕਲਾ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਪਰਵਾਸੀ ਕਾਮਿਆਂ 'ਤੇ ਹਮਲੇ ਨਾਲ ਸੰਬੰਧਤ ਵੀਡੀਓਜ਼ ਸੋਸ਼ਲ ਮੀਡੀਆ 'ਤੇ ਘੁੰਮਣ ਨਾਲ ਤਾਮਿਲਨਾਡੂ 'ਚ ਕੰਮ ਕਰਦੇ ਪਰਵਾਸੀ ਕਾਮੇ ਖੌਫ 'ਚ ਸਨ। ਇਨ੍ਹਾਂ ਵੀਡੀਓਜ਼ ਮਗਰੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਰਾਜ ਦੇ ਮੁੱਖ ਸਕੱਤਰ ਤੇ ਡੀ ਜੀ ਪੀ ਨੂੰ ਤਾਮਿਲਨਾਡੂ ਸਰਕਾਰ ਨਾਲ ਗੱਲਬਾਤ ਕਰਕੇ ਉਥੇ ਕੰਮ ਕਰ ਰਹੇ ਸੂਬੇ ਨਾਲ ਸੰਬੰਧਤ ਮਜ਼ਦੂਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਸੀ। ਉਨ੍ਹਾ ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਕੋਲ ਇਸ ਬਾਰੇ ਚਿੰਤਾ ਵੀ ਜ਼ਾਹਰ ਕੀਤੀ ਸੀ। ਤਾਮਿਲਨਾਡੂ ਦੀ ਸਨਅਤ ਪਰਵਾਸੀ ਮਜ਼ਦੂਰਾਂ ਦੇ ਆਸਰੇ ਹੈ ਤੇ ਵੀਡੀਓਜ਼ ਤੋਂ ਬਾਅਦ ਕਈ ਮਜ਼ਦੂਰ ਕੰਮ 'ਤੇ ਆਉਣੋਂ ਹਟ ਗਏ ਹਨ।

ਉਧਰ ਤਾਮਿਲਨਾਡੂ ਦੇ ਡੀ ਜੀ ਪੀ ਸ਼ੈਲੇਂਦਰ ਬਾਬੂ ਨੇ ਇਕ ਬਿਆਨ 'ਚ ਸੋਸ਼ਲ ਮੀਡੀਆ 'ਤੇ ਚੱਲ ਰਹੀ ਵੀਡੀਓ ਨੂੰ ਫਰਜ਼ੀ ਤੇ ਸ਼ਰਾਰਤ-ਭਰੀ ਕਰਾਰ ਦਿੱਤਾ ਹੈ। ਉਨ੍ਹਾ ਕਿਹਾ—ਕਿਸੇ ਨੇ ਬਿਹਾਰ ਤੋਂ ਦੋ ਸ਼ਰਾਰਤੀ ਵੀਡੀਓਜ਼ ਪੋਸਟ ਕਰ ਦਿੱਤੀਆਂ ਕਿ ਪਰਵਾਸੀ ਮਜ਼ਦੂਰਾਂ 'ਤੇ ਹਮਲੇ ਹੋ ਰਹੇ ਹਨ। ਇਹ ਵੀਡੀਓ ਤਿਰੁਪੁਰ ਤੇ ਕੋਇੰਬਟੂਰ ਵਿਚ ਵਾਪਰੀਆਂ ਦੋ ਘਟਨਾਵਾਂ ਬਾਰੇ ਸਨ। ਇਕ ਵਿਚ ਬਿਹਾਰ ਦੇ ਦੋ ਪਰਵਾਸੀ ਮਜ਼ਦੂਰ ਲੜ ਰਹੇ ਹਨ, ਜਦਕਿ ਦੂਜੀ ਵਿਚ ਦੋ ਸਥਾਨਕ ਲੋਕ ਲੜ ਰਹੇ ਹਨ। ਡੀ ਜੀ ਪੀ ਨੇ ਕਿਹਾ ਕਿ ਦਹਿਸ਼ਤ ਪੈਦਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਅਖਬਾਰ ਨੇ ਤਾਮਿਲਨਾਡੂ ਦੇ ਇਕ ਬਿਹਾਰੀ ਬੰਦੇ ਦੇ ਫੋਨ ਦੇ ਆਧਾਰ 'ਤੇ ਖਬਰ ਛਾਪ ਦਿੱਤੀ ਸੀ ਕਿ 15 ਬਿਹਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਹਿੰਦੀ ਬੋਲਣ ਕਰਕੇ ਬਿਹਾਰੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਇਸ ਨੇ ਇਹ ਵੀ ਲਿਖਿਆ ਸੀ ਕਿ ਬਿਹਾਰੀਆਂ 'ਤੇ ਤਾਲਿਬਾਨੀ ਸਟਾਈਲ ਵਿਚ ਹਮਲੇ ਹੋ ਰਹੇ ਹਨ।

# ਕੇਂਦਰੀ ਏਜੰਸੀਆਂ ਨੂੰ ਮਗਰ ਪਾਉਣ ਖਿਲਾਫ 9 ਆਪੋਜ਼ੀਸ਼ਨ ਲੀਡਰਾਂ ਦਾ ਮੋਦੀ ਨੂੰ ਪੱਤਰ

**ਹੈਦਰਾਬਾਦ** : ਤਿਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ (ਕੇ ਸੀ ਆਰ) ਸਣੇ ਨੌਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਾਂਝਾ ਪੱਤਰ ਲਿਖ ਕੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਮਸਲਾ ਉਨ੍ਹਾ ਦੇ ਧਿਆਨ 'ਚ ਲਿਆਂਦਾ ਹੈ। ਪੱਤਰ 'ਚ ਲਿਖਿਆ ਹੈ ਕਿ ਇਨ੍ਹਾਂ ਏਜੰਸੀਆਂ ਜ਼ਰੀਏ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਪੱਤਰ 'ਤੇ ਸਹੀ ਪਾਉਣ ਵਾਲੇ ਹੋਰਨਾਂ ਆਗੂਆਂ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਤੇਜਸਵੀ ਯਾਦਵ (ਆਰ ਜੇ ਡੀ), ਸ਼ਰਦ ਪਵਾਰ (ਐੱਨ ਸੀ ਪੀ), ਫਾਰੂਕ ਅਬਦੁੱਲਾ (ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ), ਊਧਵ ਠਾਕਰੇ (ਸ਼ਿਵ ਸੈਨਾ-ਯੂ ਬੀ ਟੀ) ਤੇ ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ ਸ਼ਾਮਲ ਹਨ।

ਪੱਤਰ ਵਿੱਚ ਸੀ ਬੀ ਆਈ ਵੱਲੋਂ ਦਿੱਲੀ ਸ਼ਰਾਬ ਆਬਕਾਰੀ ਨੀਤੀ ਮਾਮਲੇ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਕੀਤੀ ਗ੍ਰਿਫਤਾਰੀ ਨੂੰ ਪ੍ਰਮੁੱਖਤਾ ਨਾਲ ਉਭਾਰਦਿਆਂ ਆਗੂਆਂ ਨੇ ਦਾਅਵਾ ਕੀਤਾ ਕਿ 'ਆਪ' ਆਗੂ ਖਿਲਾਫ ਲੱਗੇ ਦੋਸ਼ ਬੇਬੁਨਿਆਦ ਹਨ ਤੇ ਇਸ ਵਿਚੋਂ ਸਿਆਸੀ ਸਾਜ਼ਿਸ਼ ਦੀ ਝਲਕ ਮਿਲਦੀ ਹੈ। ਆਗੂਆਂ ਨੇ ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਅਤੇ ਸਾਬਕਾ ਟੀ ਐੱਮ ਸੀ ਆਗੂਆਂ ਸੁਵੇਂਦੂ ਅਧਿਕਾਰੀ ਤੇ ਮੁਕੁਲ ਰਾਏ ਦੀ ਮਿਸਾਲ ਦਿੰਦਿਆਂ ਦਾਅਵਾ ਕੀਤਾ ਕਿ ਜਾਂਚ ਏਜੰਸੀਆਂ ਉਨ੍ਹਾਂ ਵਿਰੋਧੀ ਆਗੂਆਂ ਖਿਲਾਫ ਆਪਣੀ ਜਾਂਚ ਮੱਠੀ ਕਰ ਦਿੰਦੀਆਂ ਹਨ, ਜੋ ਭਾਜਪਾ 'ਚ ਸ਼ਾਮਲ ਹੋ ਜਾਂਦੇ ਹਨ। ਉਨ੍ਹਾਂ ਕਿਹਾ—ਸਾਲ 2014 ਮਗਰੋਂ ਵਿਰੋਧੀ ਧਿਰਾਂ ਦੇ ਆਗੂਆਂ ਖਿਲਾਫ ਛਾਪਿਆਂ, ਕੇਸ ਦਰਜ ਕਰਨ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਲਾਲੂ ਪ੍ਰਸਾਦ ਯਾਦਵ (ਆਰ ਜੇ ਡੀ), ਸੰਜੈ ਰਾਊਤ (ਸ਼ਿਵ ਸੈਨਾ), ਆਜ਼ਮ ਖਾਨ (ਸਪਾ), ਨਵਾਬ ਮਲਿਕ, ਅਨਿਲ ਦੇਸ਼ਮੁੱਖ (ਐੱਨ ਸੀ ਪੀ) ਤੇ ਅਭਿਸ਼ੇਕ ਬੈਨਰਜੀ (ਟੀ ਐੱਮ ਸੀ) ਜਿਹੇ ਆਗੂਆਂ ਖਿਲਾਫ ਵਿੱਢੀ ਜਾਂਚ ਇਸ ਖਦਸ਼ੇ ਨੂੰ ਹੋਰ ਪੱਕਾ ਕਰਦੀ ਹੈ ਕਿ ਕੇਂਦਰੀ ਏਜੰਸੀਆਂ ਕੇਂਦਰ ਦੇ

● ਬਾਕੀ ਸਫ਼ਾ 2 'ਤੇ

## ਸੀ ਬੀ ਆਈ ਸਿਸੋਦੀਆ ਨੂੰ ਤਸੀਹੇ ਦੇ ਰਹੀ : ਭਾਰਦਵਾਜ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਸੌਰਭ ਭਾਰਦਵਾਜ ਨੇ ਐਤਵਾਰ ਪੱਤਰਕਾਰਾਂ ਨੂੰ ਕਿਹਾ—ਸੀ ਬੀ ਆਈ ਮਨੀਸ਼ ਸਿਸੋਦੀਆ ਨੂੰ ਤਸੀਹੇ ਦੇ ਰਹੀ ਹੈ। ਝੂਠੇ ਦੋਸ਼ਾਂ ਵਾਲੇ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਲਈ ਦਬਾਅ ਪਾਇਆ ਜਾ ਰਿਹੈ। ਸੀ ਬੀ ਆਈ ਕੋਲ ਸਿਸੋਦੀਆ ਖਿਲਾਫ ਕੋਈ ਸਬੂਤ ਨਹੀਂ । ਉਨ੍ਹਾ ਸਿਸੋਦੀਆ ਦੀ ਰਿਹਾਇਸ਼ 'ਤੇ ਵੀ ਛਾਪਾ ਮਾਰਿਆ, ਪਰ ਕੁਝ ਨਹੀਂ ਮਿਲਿਆ। ਸਿਸੋਦੀਆ ਨੇ ਸ਼ਨੀਵਾਰ ਕੋਰਟ 'ਚ ਪੇਸ਼ ਕੀਤੇ ਜਾਣ ਮੌਕੇ ਦਾਅਵਾ ਕੀਤਾ ਸੀ ਕਿ ਉਸ ਨੂੰ 8 ਤੋਂ 9 ਘੰਟਿਆਂ ਤੱਕ ਬਿਠਾ ਕੇ ਰੱਖਿਆ ਜਾਂਦਾ ਹੈ ਤੇ ਇਕੋ ਸਵਾਲ ਵਾਰ-ਵਾਰ ਪੁੱਛਿਆ ਜਾਂਦਾ ਹੈ। ਸਿਸੋਦੀਆ ਨੇ ਇਸ ਨੂੰ ਮਾਨਸਕ ਤੌਰ 'ਤੇ ਪ੍ਰੇਸ਼ਾਨ ਕਰਨਾ ਦੱਸਿਆ ਸੀ।

## 95 ਫੀਸਦੀ ਤੋਂ ਵੱਧ ਕੇਸ ਆਪੋਜ਼ੀਸ਼ਨ ਲੀਡਰਾਂ 'ਤੇ : ਚੱਢਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਦੇਸ਼ ਦੀ ਲੋਕਤੰਤਰੀ ਨੀਂਹ ਨੂੰ ਹਿਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਜਿਸ ਵੀ ਵਿਰੋਧੀ ਪਾਰਟੀ ਨੂੰ ਮਜ਼ਬੂਤ ਸਮਝਦੀ ਹੈ, ਉਹ ਉਸ ਕੋਲ ਸੀ ਬੀ ਆਈ-ਈ ਡੀ ਭੇਜਦੀ ਹੈ ਅਤੇ ਇਸ ਦੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਸੁੱਟ ਦਿੰਦੀ ਹੈ। ਉਨ੍ਹਾ ਕਿਹਾ ਕਿ ਅੱਜ ਦੇਸ਼ ਦੀਆਂ 9 ਪ੍ਰਮੁੱਖ ਸ਼ਖਸੀਅਤਾਂ ਨੇ ਈ ਡੀ, ਸੀ ਬੀ ਆਈ ਦੇ ਛਾਪੇ ਖਿਲਾਫ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਪੱਤਰ ਲਿਖਣ ਵਾਲਿਆਂ ਵਿੱਚ ਚਾਰ ਮੌਜੂਦਾ ਮੁੱਖ ਮੰਤਰੀ, ਇੱਕ ਮੌਜੂਦਾ ਉਪ ਮੁੱਖ

● ਬਾਕੀ ਸਫ਼ਾ 2 'ਤੇ

## ਜੀ-20 ਮੀਟਿੰਗ ਰੱਦ ਨਹੀਂ ਹੋਈ : ਚੀਫ ਸੈਕਟਰੀ

**ਚੰਡੀਗੜ੍ਹ** : ਪੰਜਾਬ ਦੇ ਚੀਫ ਸੈਕਟਰੀ ਵੀ ਕੇ ਜੰਜੂਆ ਨੇ ਸਪੱਸ਼ਟ ਕੀਤਾ ਹੈ ਕਿ ਅੰਮ੍ਰਿਤਸਰ ਵਿਚ ਜੀ-20 ਸੰਮੇਲਨ ਨਾਲ ਸੰਬੰਧਤ ਮੀਟਿੰਗ ਰੱਦ ਨਹੀਂ ਹੋਈ। ਉਨ੍ਹਾ ਇਸ ਨੂੰ ਅਫਵਾਹ ਦੱਸਦਿਆਂ ਕਿਹਾ ਕਿ ਉਨ੍ਹਾ ਨੂੰ ਕੇਂਦਰ ਸਰਕਾਰ ਵੱਲੋਂ ਅਜਿਹੀ ਕੋਈ ਸੂਚਨਾ ਨਹੀਂ ਮਿਲੀ। ਕਾਂਗਰਸੀ ਸਾਂਸਦ ਜਸਬੀਰ ਸਿੰਘ ਡਿੰਪਾ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਮੀਟਿੰਗ ਰੱਦ ਹੋਣ ਦੀ ਗੱਲ ਕਹੀ ਸੀ। ਉਧਰ, ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਵਿਕਰਮ ਸਾਹਨੀ ਨੇ ਦੱਸਿਆ ਕਿ 15-17 ਮਾਰਚ ਨੂੰ ਹੋਣ ਵਾਲੀ ਮੀਟਿੰਗ ਤੈਅ ਹੈ।

## ਸਿਸੋਦੀਆ ਦੇ ਹੱਕ 'ਚ ਪੋਸਟਰ ਲਾਉਣ 'ਤੇ ਐੱਫ ਆਈ ਆਰ

**ਨਵੀਂ ਦਿੱਲੀ** : ਦਿੱਲੀ ਦੇ ਸ਼ਾਸਤਰੀ ਪਾਰਕ ਇਲਾਕੇ 'ਚ ਸਰਵੋਦਿਆ ਕੰਨਿਆ ਵਿਦਿਆਲਾ ਦੇ ਬਾਹਰ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਹਮਾਇਤ 'ਚ ਲੱਗੇ ਪੋਸਟਰ ਖਿਲਾਫ ਐੱਫ ਆਈ ਆਰ ਦਰਜ ਕੀਤੀ ਗਈ ਹੈ। ਵੱਡੇ ਸਾਰੇ ਪੋਸਟਰ 'ਤੇ 'ਆਈ ਲਵ ਮਨੀਸ਼ ਸਿਸੋਦੀਆ' ਲਿਖਿਆ ਹੈ। ਸੀ ਬੀ ਆਈ ਨੇ 'ਆਪ' ਆਗੂ ਨੂੰ ਦਿੱਲੀ ਐਕਸਾਈਜ਼ ਕੇਸ 'ਚ ਪਿਛਲੇ ਐਤਵਾਰ ਨੂੰ ਗ੍ਰਿਫਤਾਰ ਕੀਤਾ ਸੀ। ਐੱਫ ਆਈ ਆਰ 'ਚ ਦਾਅਵਾ ਕੀਤਾ ਗਿਆ ਹੈ ਕਿ ਇਹ ਪੋਸਟਰ ਲਾਉਣ ਲਈ ਡੈਸਕ ਸਕੂਲ ਪ੍ਰਿੰਸੀਪਲ ਵੱਲੋਂ ਮੁਹੱਈਆ ਕਰਵਾਏ ਗਏ ਸਨ। ਐੱਫ ਆਈ ਆਰ 'ਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਐਕਸਾਈਜ਼ ਪਾਲਿਸੀ ਕੇਸ 'ਚ ਗ੍ਰਿਫਤਾਰ ਸਿਸੋਦੀਆ ਨੂੰ ਇੰਜ ਵਡਿਆਉਣਾ ਸੰਵਿਧਾਨ ਦਾ ਮਖੌਲ ਉਡਾਉਣ ਦੇ ਬਰਾਬਰ ਹੈ। ਐੱਸ ਐੱਮ ਸੀ ਕੋਆਡਰੀਨੇਟਰ ਗਜ਼ਾਲਾ ਤੇ ਪ੍ਰਿੰਸੀਪਲ ਗੀਤਾ ਰਾਣੀ 'ਤੇ ਇਹ ਪ੍ਰਚਾਰ ਮੁਹਿੰਮ ਚਲਾਉਣ ਤੇ ਇਸ ਕੰਮ ਲਈ ਸਕੂਲ ਨੂੰ ਵਰਤਣ ਦਾ ਦੋਸ਼ ਹੈ। ਸ਼ਿਕਾਇਤਕਰਤਾਵਾਂ ਨੇ ਸਕੂਲ ਦੀ ਪ੍ਰਿੰਸੀਪਲ ਨੂੰ ਫੌਰੀ ਅਹੁਦੇ ਤੋਂ ਹਟਾਉਣ ਤੇ ਪੁਲਸ ਕਾਰਵਾਈ ਦੀ ਮੰਗ ਕੀਤੀ ਹੈ।

## ਹੁਣ ਅਮਰੀਕਾ ਤੋਂ ਆ ਰਹੇ ਵਿਦਿਆਰਥੀ ਨੇ ਜਹਾਜ਼ 'ਚ ਪਿਸ਼ਾਬ ਕੀਤਾ

**ਨਵੀਂ ਦਿੱਲੀ** : ਨਿਊ ਯਾਰਕ ਤੋਂ ਨਵੀਂ ਦਿੱਲੀ ਆ ਰਹੀ ਅਮਰੀਕੀ ਏਅਰਲਾਈਨ ਦੀ ਉਡਾਣ 'ਚ ਸ਼ਰਾਬੀ ਨੇ ਸਾਥੀ ਪੁਰਸ਼ ਮੁਸਾਫਰ 'ਤੇ ਪਿਸ਼ਾਬ ਕਰ ਦਿੱਤਾ। ਇਹ ਘਟਨਾ ਉਡਾਣ ਸੰਖਿਆ ਏ ਏ 292, ਜਿਸ ਨੇ ਨਿਊ ਯਾਰਕ ਤੋਂ ਸ਼ੁੱਕਰਵਾਰ ਨੂੰ ਰਾਤ 9:16 ਵਜੇ ਉਡਾਣ ਭਰੀ ਸੀ, 'ਚ ਵਾਪਰੀ। ਉਡਾਣ 14 ਘੰਟੇ 26 ਮਿੰਟ ਮਗਰੋਂ ਸਨਿੱਚਰਵਾਰ ਰਾਤ 10:12 ਵਜੇ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਉੱਤਰੀ ਸੀ। ਦਿੱਲੀ ਦੇ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ—ਸਾਨੂੰ ਅਮਰੀਕੀ ਏਅਰਲਾਈਨਜ਼ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਇਕ ਵਿਅਕਤੀ ਨੇ ਸਾਥੀ ਮੁਸਾਫਰ 'ਤੇ ਪਿਸ਼ਾਬ ਕੀਤਾ ਹੈ। ਇਸ ਵਿਅਕਤੀ ਦੀ ਪਛਾਣ ਆਰੀਆ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਲੱਗ ਜਾਣ ਖੰਭ ਅਫਵਾਹਾਂ ਨੂੰ ਜੇ ਕਿਧਰੇ,
ਲੱਗਦੀ ਉਨ੍ਹਾਂ ਨੂੰ ਰੋਕ ਨਹੀਂ ਫੇਰ ਮੀਆਂ।
ਗਪੌੜ ਸੁਣਦਿਆਂ ਲੋਕ ਕਈ ਭੜਕ ਪੈਂਦੇ,
ਮੱਚ ਜਾਏ ਭਾਜੜ ਤਾਂ ਪਏ ਹਨੇਰ ਮੀਆਂ।
ਹੋ ਜਾਣ ਪਲਾਂ ਵਿੱਚ ਕਈ ਬਾਜ਼ਾਰ ਖਾਲੀ,
ਖਾਮੋਸ਼ੀ ਫੈਲਦੀ ਲਾਏ ਨਹੀਂ ਦੇਰ ਮੀਆਂ।
ਸੋਚਿਆਂ ਬਿਨਾਂ ਕਿ ਮੁੱਦੇ ਦੀ ਜੜ੍ਹ ਕਿਹੜੀ,
ਬਣ-ਬਣ ਨੱਚਦੇ ਗਿੱਦੜ ਵੀ ਸ਼ੇਰ ਮੀਆਂ।
ਵਿਹਲੇ ਸ਼ੋਹਦਿਆਂ ਦੀ ਢਾਣੀ ਚੁਸਤ ਕੋਈ,
ਚੁਆਤੀ ਲਾਉਂਦੀ ਤੇ ਜਾਂਵਦੀ ਦੌੜ ਮੀਆਂ।
ਜਦ ਤੱਕ ਰਾਜ਼ ਅਫਵਾਹ ਦਾ ਖੁੱਲ੍ਹਦਾ ਈ,
ਤਦ ਤੱਕ ਹੋ ਜਾਂਦਾ ਈ ਝੁੱਗਾ ਚੌੜ ਮੀਆਂ।

-ਤੀਸ ਮਾਰ ਖਾਂ

## 15584 ਸਰਕਾਰੀ ਸਕੂਲਾਂ 'ਚ ਲੱਗਣਗੇ ਸੀ ਸੀ ਟੀ ਵੀ ਕੈਮਰੇ : ਬੈਂਸ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੀ ਸੀ ਟੀ ਵੀ ਕੈਮਰੇ ਲਗਾਉਣ ਦਾ ਫੈਸਲਾ ਕੀਤਾ ਹੈ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ 15584 ਸਰਕਾਰੀ ਸਕੂਲਾਂ ਵਿਚ ਸੀ ਸੀ ਟੀ ਵੀ ਕੈਮਰੇ ਲਗਾਉਣ ਲਈ 26.40 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਇਸ ਫੈਸਲੇ ਨਾਲ ਸੂਬੇ ਦੇ 80 ਫੀਸਦੀ ਸਕੂਲਾਂ ਵਿਚ ਸੀ ਸੀ ਟੀ ਵੀ ਕੈਮਰੇ ਲੱਗ ਜਾਣਗੇ। ਉਨ੍ਹਾ ਕਿਹਾ ਸਕੂਲਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਉਣ ਨਾਲ ਜਿਥੇ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣ ਜਾਵੇਗੀ, ਉਥੇ ਸਕੂਲਾਂ ਵਿੱਚੋਂ ਹੋਣ ਵਾਲੀਆਂ ਚੋਰੀਆਂ ਨੂੰ ਵੀ ਠੱਲ੍ਹ ਪਏਗੀ।



6-MARCH-PAGE-1.qxd 3/5/2023 8:24 PM Page 2



# ਨਵੀਂ ਖੇਤੀ ਨੀਤੀ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੇ ਹਿੱਤ 'ਚ ਬਣਾਈ ਜਾਵੇ : ਹਰਭਗਵਾਨ ਸਿੰਘ

## ਖੇਤ ਮਜ਼ਦੂਰਾਂ ਨੂੰ 11 ਦੇ ਦਿੜ੍ਹਬਾ ਇਕੱਠ 'ਚ ਪਰਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ

**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ 11 ਮਾਰਚ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨੂੰ ਪੰਜਾਬ ਸਰਕਾਰ ਵੱਲੋਂ ਬਣਾਈ ਜਾ ਰਹੀ ਨਵੀਂ ਖੇਤੀ ਨੀਤੀ ਸਬੰਧੀ ਸੁਝਾਅ ਸੌਂਪੇ ਜਾਣਗੇ। ਇਹ ਫੈਸਲਾ ਅੱਜ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਢੀਂਡਸਾ ਵਿਖੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਜ਼ਿਲ੍ਹੇ ਦੇ ਸਰਗਰਮ ਵਰਕਰਾਂ ਦੀ ਮੀਟਿੰਗ ਕਰਦਿਆਂ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਆਗੂ ਗੋਪੀ ਗਿਰ ਕਲਰਭੈਣੀ ਨੇ ਕੀਤੀ। ਇਸ ਸਮੇਂ ਮੀਟਿੰਗ ਨੂੰ ਸੰਬੋਧਨ ਹੁੰਦਿਆਂ ਸੂਬਾ ਕਮੇਟੀ ਮੈਂਬਰ ਹਰਭਗਵਾਨ ਸਿੰਘ ਮੂਨਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖੇਤ ਮਜ਼ਦੂਰਾਂ ਕੋਲੋਂ ਬਣਾਈ ਜਾ ਰਹੀ ਨਵੀਂ ਖੇਤੀ ਨੀਤੀ ਬਾਰੇ ਸੁਝਾਅ ਨਾ ਲੈ ਕੇ ਮਜ਼ਦੂਰਾਂ ਨਾਲ ਵਿਤਕਰੇਬਾਜ਼ੀ ਕੀਤੀ ਜਾ ਰਹੀ ਹੈ, ਜਦੋਂ ਕਿ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਖੇਤੀ ਖੇਤਰ ਨਾਲ ਹਰ ਪਖੋਂ ਜੁੜੀ ਹੋਈ ਹੈ। ਉਨ੍ਹਾ ਕਿਹਾ ਕਿ ਸਰਕਾਰ ਦੁਆਰਾ ਬਣਾਈ ਜਾ ਰਹੀ ਨਵੀਂ



ਖੇਤੀ ਨੀਤੀ ਜੇਕਰ ਖੇਤ ਮਜ਼ਦੂਰਾਂ ਤੇ ਬੇ-ਜ਼ਮੀਨੇ ਤੇ ਥੁੜ ਜ਼ਮੀਨੇ ਕਿਸਾਨਾਂ ਦੀ ਜ਼ਮੀਨੀ ਤੋਟ ਦੂਰ ਕਰਨ ਤੋਂ ਇਲਾਵਾ ਬੇਰੁਜ਼ਗਾਰੀ ਤੇ ਕਰਜ਼ੇ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਣ ਦਾ ਸਾਧਨ ਨਹੀਂ ਬਣਦੀ ਤਾਂ ਇਹ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਸਮਾਨ ਹੋਵੇਗੀ। ਉਨ੍ਹਾ ਆਖਿਆ ਕਿ ਅੱਜ ਪੰਜਾਬ ਦੇ ਖੇਤ ਮਜ਼ਦੂਰ ਤੇ ਗਰੀਬ ਕਿਸਾਨਾਂ ਸਮੇਤ ਭਾਰੀ ਬਹੁ-ਗਿਣਤੀ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਕਰਜ਼ੇ, ਖੁਦਕੁਸ਼ੀਆਂ, ਪਾਣੀ ਤੇ ਵਾਤਾਵਰਣ ਪ੍ਰਦੂਸ਼ਣ ਵਰਗੀਆਂ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਖੇਤ ਮਜ਼ਦੂਰ ਵਰਗ ਜ਼ਮੀਨ ਤੋਂ ਵਿਰਵਾ ਹੋਣ ਤੋਂ ਇਲਾਵਾ ਜਾਤ-ਪਾਤ, ਧੱਕੇ ਵਿਤਕਰੇ ਦਾ ਸ਼ਿਕਾਰ ਵੀ ਹੋ ਰਿਹਾ ਹੈ। ਖੇਤ ਮਜ਼ਦੂਰਾਂ ਔਰਤਾਂ ਜ਼ਲਾਲਤ ਝੱਲਣ ਲਈ ਮਜਬੂਰ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਸਭਨਾਂ ਸਮੱਸਿਆਵਾਂ ਦੇ ਹੱਲ ਲਈ ਤਿੱਖੇ ਜ਼ਮੀਨੀ ਸੁਧਾਰ ਲਾਗੂ ਕਰਕੇ ਵਾਧੂ ਨਿਕਲਦੀਆਂ ਜ਼ਮੀਨਾਂ ਦੀ ਵੰਡ ਖੇਤ ਮਜ਼ਦੂਰਾਂ ਤੇ ਬੇ-ਜ਼ਮੀਨੇ ਤੇ ਥੁੜ ਜ਼ਮੀਨੇ ਕਿਸਾਨਾਂ 'ਚ ਵੰਡ ਕਰਨ। ਉਨ੍ਹਾ ਕਿਹਾ ਕਿ ਮਜ਼ਦੂਰ ਤੇ ਲੋਕ ਪੱਖੀ ਖੇਤੀ ਨੀਤੀ ਸਬੰਧੀ ਖੇਤ ਮਜ਼ਦੂਰਾਂ ਨੂੰ ਜਾਗਰਕ ਕਰਨ ਲਈ ਪਿੰਡਾਂ ਵਿੱਚ ਮੀਟਿੰਗਾਂ ਕਰਾਉਣ ਲਈ ਸਰਗਰਮ ਵਰਕਰਾਂ ਨੂੰ ਉਪਰਾਲਾ ਕਰਨਾ ਚਾਹੀਦਾ ਹੈ। ਉਨ੍ਹਾ ਖੇਤ ਮਜ਼ਦੂਰਾਂ ਨੂੰ 11 ਮਾਰਚ ਨੂੰ ਦਿੜ੍ਹਬਾ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਦੇ ਦਫਤਰ ਵਿਖੇ ਕੀਤੇ ਜਾ ਰਹੇ ਇਕੱਠ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾ ਖੇਤ ਮਜ਼ਦੂਰਾਂ ਨੂੰ ਇਹ ਵੀ ਅਪੀਲ ਕੀਤੀ ਕਿ 7 ਮਾਰਚ ਨੂੰ ਮੂਨਕ ਦੇ ਫੂਡ ਸਪਲਾਈਜ਼ ਇੰਸਪੈਕਟਰ ਦਫਤਰ ਵਿਖੇ ਇਸ ਵਾਰ ਰਹਿੰਦੇ ਨੀਲੇ ਕਾਰਡ ਧਾਰਕ ਪਰਿਵਾਰਾਂ ਦੀ ਕਣਕ ਲੈਣ ਲਈ ਧਰਨੇ ਵਿੱਚ ਵੱਡੀ ਗਿਣਤੀ ਸ਼ਮੂਲੀਅਤ ਕਰਾਉਣ ਲਈ ਕਿਹਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਲੀਲਾ ਸਿੰਘ ਢੀਂਡਸਾ, ਕੇਵਲ ਸਿੰਘ, ਪ੍ਰੇਮ ਸਿੰਘ, ਅਨਤੋ ਕੌਰ, ਪਰਮਜੀਤ ਕੌਰ, ਨਰਾਤਾ ਸਿੰਘ ਬਲਰਾ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਹਾਜ਼ਰ ਸਨ।

# ਸ਼ਹਿਰ 'ਚ ਹੋ ਰਹੀਆਂ ਚੋਰੀਆਂ ਦਾ ਸੀਨੀਅਰ ਸਿਟੀਜ਼ਨਜ਼ ਐਸੋਸੀਏਸ਼ਨ ਵੱਲੋਂ ਗੰਭੀਰ ਨੋਟਿਸ

**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਮਹੀਨਾਵਾਰ ਮੀਟਿੰਗ ਜਗਦੀਸ਼ ਚੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਸਥਾਨਕ ਪਾਰਕ ਵਿਚਲੇ ਦਫਤਰ ਵਿਖੇ ਹੋਈ। ਮੀਟਿੰਗ ਦੌਰਾਨ ਪਿਛਲੀ ਮੀਟਿੰਗ ਦੇ ਕੰਮਾਂ ਦਾ ਰੀਵਿਊ ਕੀਤਾ ਗਿਆ ਤੇ ਮਹੀਨੇ ਵਿੱਚ ਕੀਤੇ ਗਏ ਕੰਮਾਂ 'ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ। ਕਈ ਮੈਂਬਰਾਂ ਵੱਲੋਂ ਧਿਆਨ ਦਿਵਾਇਆ ਗਿਆ ਕਿ ਸ਼ਹਿਰ ਵਿੱਚ ਚੋਰੀ ਦੀਆਂ ਘਟਨਾਵਾਂ ਦਿਨੋਂ ਦਿਨ ਵਧ ਰਹੀਆਂ ਹਨ, ਇਸ ਲਈ ਪੁਲਸ ਪ੍ਰਸ਼ਾਸਨ ਨੂੰ ਮਿਲ ਕੇ ਇਹ ਬਾਰੇ ਰੋਸ ਪ੍ਰਗਟ ਕੀਤਾ ਜਾਵੇ ਤੇ ਇਸ ਮਸਲੇ ਦਾ ਠੋਸ ਹੱਲ ਕੱਢਣ ਦੀ ਮੰਗ ਕੀਤੀ ਜਾਵੇ।

ਇਸ ਮੌਕੇ ਯੋਗਾ ਸੰਸਥਾਨ ਤੋਂ ਯੋਗਾ ਦੇ ਮਾਹਰ ਹੰਸ ਰਾਜ ਗਰਗ ਨੇ ਯੋਗਾ ਤੇ ਪ੍ਰਾਣਾਯਾਮ ਦੀ ਮਹੱਤਤਾ ਬਾਰੇ ਸੀਨੀਅਰ ਸਿਟੀਜ਼ਨਾਂ ਨੂੰ ਵਿਆਖਿਆ ਸਹਿਤ ਦੱਸਿਆ ਤੇ ਯੋਗਾ ਨੂੰ ਸਿਹਤਮੰਦ ਜੀਵਨ ਦੀ ਕੁੰਜੀ ਕਿਹਾ। ਇਸ ਮੌਕੇ ਹਰਜਿੰਦਰ ਸਿੰਘ ਢੀਂਡਸਾ ਨੇ ਵੀ ਯੋਗਾ ਦੇ ਕੁਝ ਆਸਨ ਕਰਕੇ ਵਿਖਾਏ ਤੇ ਸਾਰਿਆਂ ਨੂੰ ਨਿਯਮਤ ਤੌਰ 'ਤੇ ਯੋਗਾ ਕਰਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਸੁਖਦੇਵ ਸ਼ਰਮਾ, ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ, ਸ਼ਿਵ ਭੋਲਾ ਸੇਵਾ ਸੰਮਤੀ ਦੇ ਪ੍ਰਧਾਨ ਰਾਜਿੰਦਰ ਸ਼ਰਮਾ ਨੇ ਵੀ ਵਿਚਾਰ ਪੇਸ਼ ਕੀਤੇ।

## ਮਹੀਨਾਵਾਰ ਮੀਟਿੰਗ 'ਚ ਮਾਰਚ ਮਹੀਨੇ 'ਚ ਜਨਮ ਦਿਨ ਵਾਲੇ ਮੈਂਬਰਾਂ ਦਾ ਸਨਮਾਨ



ਇਸ ਮੀਟਿੰਗ ਦੌਰਾਨ ਮਾਰਚ ਮਹੀਨੇ ਵਿੱਚ ਜਨਮ ਦਿਨ ਵਾਲੇ ਮੈਂਬਰਾਨ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿੱਚ ਡਾਕਟਰ ਅਮਰਜੀਤ ਸਿੰਘ, ਗਿਰਧਾਰੀ ਲਾਲ, ਗੁਰਦਾਸ ਬਾਂਸਲ, ਸੋਮ ਨਾਥ ਅੱਤਰੀ, ਤੀਰਥ ਸਿੰਘ, ਗਰੀਬ ਸਿੰਘ, ਬਿਹਾਰਾ ਸਿੰਘ ਤੇ ਸ਼ਿਮਲਾ ਦੇਵੀ ਆਦਿ ਵਰਨਣਯੋਗ ਹਨ। ਇਸ ਮੀਟਿੰਗ ਵਿੱਚ ਕਈ ਸੁਪਰ ਸੀਨੀਅਰ ਸਿਟੀਜ਼ਨ ਵੀ ਸ਼ਾਮਲ ਸਨ, ਜਿਨ੍ਹਾਂ ਵਿੱਚ ਗਿਆਨੀ ਰਾਮ ਲਾਲ ਸ਼ਰਮਾ, ਘਮੰਡ ਸਿੰਘ ਸੋਹੀ, ਕਰਮ ਪ੍ਰਕਾਸ ਆਦਿ ਪ੍ਰਮੁੱਖ ਹਨ। ਸਰਬਜੀਤ ਸਿੰਘ ਰਾਜੋਮਾਜਰਾ ਨੇ ਮੀਟਿੰਗ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਮੂਕਰ, ਪ੍ਰੋਫੈਸਰ ਮਦਨ ਲਾਲ, ਇੰਦਰਜੀਤ ਸਰਮਾ, ਹਰੀ ਕ੍ਰਿਸ਼ਨ ਆਦਿ ਮੈਂਬਰਾਨ ਹਾਜ਼ਰ ਸਨ।

## ਇਲੈਕਟ੍ਰੀਸ਼ਨ ਦੇ ਕਤਲ ਮਾਮਲੇ 'ਚ ਦੂਜਾ ਸਾਥੀ ਤੇਜਵੀਰ ਸਿੰਘ ਵੀ ਗ੍ਰਿਫਤਾਰ

**ਜਗਰਾਉਂ (ਅਮਿਤ ਖੰਨਾ)**-ਪਿੰਡ ਬਾਰਦੇਕੇ ਵਿੱਚ ਇਲੈਕਟ੍ਰੀਸ਼ਨ ਪਰਮਜੀਤ ਸਿੰਘ ਦੇ ਕਤਲ ਦੇ ਸਬੰਧ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਸਾਂਝੀ ਕਰਦੇ ਹੋਏ ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਪਿੰਡ ਬਾਰਦੇਕੇ ਵਿੱਚ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕਾਰ ਵਿੱਚ ਸਵਾਰ 3 ਮੁਲਜ਼ਮਾਂ ਵਿੱਚੋਂ ਸੂਟਰ ਅਭਿਨਵ, ਜਿਸ ਨੇ ਗੋਲੀਆਂ ਮਾਰ ਕੇ ਇਲੈਕਟ੍ਰੀਸ਼ਨ ਪਰਮਜੀਤ ਸਿੰਘ ਦਾ ਕਤਲ ਕੀਤਾ ਸੀ, ਓਸ ਸ਼ੂਟਰ ਅਭਿਨਵ ਨੂੰ ਪੁਲਸ ਨੇ ਕਰੀਬ ਇੱਕ ਮਹੀਨਾ ਪਹਿਲਾਂ ਗ੍ਰਿਫਤਾਰ ਕਰ ਲਿਆ ਸੀ ਅਤੇ ਬੀਤੀ 25 ਫਰਵਰੀ ਨੂੰ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਸ ਦੇ ਇੱਕ ਹੋਰ ਸ਼ੂਟਰ ਸਾਥੀ ਤੇਜਵੀਰ ਸਿੰਘ ਵਾਸੀ ਸਰੀਫਪੁਰਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਵੀ ਨਾਨਕਸਰ ਨੇੜਿਓਂ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਉਸ ਨੇ ਦੱਸਿਆ ਕਿ ਜਲਦੀ ਹੀ ਉਸ ਦੇ ਤੀਜੇ ਸਾਥੀ ਰਾਜਪ੍ਰੀਤ ਸਿੰਘ ਨੂੰ ਵੀ ਦਿਹਾਤੀ ਪੁਲਸ ਵੱਲੋਂ ਕਾਬੂ ਕਰ ਲਿਆ ਜਾਵੇਗਾ। ਡੀ.ਐੱਸ.ਪੀ. ਵਿਰਕ ਨੇ ਦੱਸਿਆ ਕਿ ਇਹ ਤਿੰਨੋਂ ਇੱਕ ਕਾਰ ਵਿੱਚ ਇਲੈਕਟ੍ਰੀਸ਼ਨ ਪਰਮਜੀਤ ਸਿੰਘ ਨੂੰ ਮਾਰਨ ਲਈ ਗਏ ਸਨ, ਜਦਕਿ ਇਨ੍ਹਾਂ ਤਿੰਨਾਂ ਵਿੱਚੋਂ ਦੋ ਵਿਅਕਤੀ ਪਰਮਜੀਤ ਸਿੰਘ ਦੇ ਘਰ ਅੰਦਰ ਵੜ ਗਏ ਸਨ ਤੇ ਇੱਕ ਵਿਅਕਤੀ ਕਾਰ ਵਿੱਚ ਬੈਠਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਲੈਕਟ੍ਰੀਸ਼ਨ ਪਰਮਜੀਤ ਸਿੰਘ ਨੂੰ ਮਾਰਨ ਲਈ ਕੁੱਲ ਚਾਰ ਗੋਲੀਆਂ ਚਲਾਈਆਂ ਸਨ, ਜਿਨ੍ਹਾਂ ਵਿੱਚੋਂ 3 ਗੋਲੀਆਂ ਇਲੈਕਟ੍ਰੀਸ਼ਨ ਪਰਮਜੀਤ ਸਿੰਘ ਦੇ ਲੱਗੀਆਂ ਸਨ ਤੇ ਉਸ ਦੀ ਮੌਤ ਹੋ ਗਈ ਸੀ।

## ਸਭਰਾ 'ਚ ਟਿਕਾਊ ਖੇਤੀ ਸੰਬੰਧੀ ਤਕਨੀਕੀ ਸੈਸ਼ਨ ਲਗਾਇਆ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਧੀਨ ਬਲਾਕ ਪੱਟੀ ਦੇ ਪਿੰਡ ਸਭਰਾਂ ਵਿਖੇ ਟਿਕਾਊ ਖੇਤੀ ਸਬੰਧੀ ਤਕਨੀਕੀ ਸੈਸ਼ਨ ਲਗਾਇਆ ਗਿਆ। ਤਕਨੀਕੀ ਸੈਸ਼ਨ ਦੌਰਾਨ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਟਿਕਾਊ ਖੇਤੀ ਦਾ ਮੁੱਖ ਮੰਤਵ ਕੁਦਰਤੀ ਸੋਮਿਆਂ-ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ-ਸੁਵੰਨਤਾ ਦਾ ਨੁਕਸਾਨ ਕੀਤੇ ਬਿਨਾਂ ਖੇਤੀ ਉਤਪਾਦਨ ਕਰਨਾ ਹੈ। ਉਨ੍ਹਾਂ ਕਿਹਾ ਕਿ ਫਸਲੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਰਲਾਉਣ, ਗੈਰ ਫਲੀਦਾਰ ਫਸਲਾਂ ਦਰਮਿਆਨ ਫਲੀਦਾਰ ਫਸਲਾਂ ਦੀ ਕਾਸ਼ਤ ਕਰਨ, ਝੋਨੇ ਦੀ ਲਵਾਈ 20 ਜੂਨ ਤੋਂ ਬਾਅਦ ਕਰਨ ਅਤੇ ਕੁਝ ਰਕਬਾ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਹੇਠ ਲਿਆਉਣ ਨਾਲ ਅਜਿਹਾ ਸੰਭਵ ਹੋ ਸਕਦਾ ਹੈ। ਇਸ ਮੌਕੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਬਾਗਬਾਨੀ ਡਾ ਹਰਦਿਆਲ ਸਿੰਘ ਘਰਿਆਲਾ ਨੇ ਮਨੁੱਖੀ ਸਿਹਤ ਦੀ ਬੇਹਤਰੀ ਲਈ ਮੂਲ ਅਨਾਜਾਂ-ਬਾਜਰਾ, ਕੋਦਰਾ ਆਦਿ ਨੂੰ ਖੁਰਾਕ ਵਿੱਚ ਸ਼ਾਮਲ ਕਰਨ ਦੀ ਸਲਾਹ ਦਿੱਤੀ। ਤਕਨੀਕੀ ਸੈਸ਼ਨ ਦੌਰਾਨ ਬੀਟੀਐਮ ਗੁਰਪ੍ਰੀਤ ਸਿੰਘ ਨੇ ਫਸਲੀ ਵਿਭਿੰਨਤਾ ਵਜੋਂ ਗੰਨੇ ਦੀ ਕਾਸਤ ਦੇ ਤਕਨੀਕੀ ਨੁਕਤੇ ਕਿਸਾਨਾਂ ਨਾਲ ਸਾਂਝੇ ਕੀਤੇ।ਇਸ ਮੌਕੇ ਉੱਦਮੀ ਕਿਸਾਨ ਜਰਨੈਲ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਪੰਜ ਸਾਲ ਤੋਂ ਖੇਤਾਂ ਵਿੱਚ ਹੀ ਫਸਲੀ ਰਹਿਦ ਖੂੰਹਦ ਨੂੰ ਰਲਾ ਰਿਹਾ ਹੈ ਜਿਸ ਨਾਲ ਫਸਲਾਂ ਦੇ ਝਾੜ ਵਿੱਚ ਵਾਧਾ ਹੋਇਆ ਹੈ। ਇਸ ਮੌਕੇ ਖੁਦ ਦੁਆਰਾ ਕੀਤੀ ਜਾ ਰਹੀ ਮੂਲ ਅਨਾਜਾਂ ਦੀ ਖੇਤੀ ਬਾਰੇ ਵੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਸਟੇਜ ਸੰਚਾਲਨ ਕਰਦਿਆਂ ਸਰਕਲ ਇੰਚਾਰਜ ਅਮਰਿੰਦਰ ਸਿੰਘ ਏਈਓ ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ। ਕਿਸਾਨਾਂ ਨੂੰ ਇਸ ਮੌਕੇ ਖੇਤੀ ਸਾਹਿਤ ਵੰਡਿਆ ਗਿਆ। ਇਸ ਮੌਕੇ ਉੱਦਮੀ ਕਿਸਾਨ ਜਰਨੈਲ ਸਿੰਘ ਅਤੇ ਜਗੀਰ ਸਿੰਘ ਨੂੰ ਸਨਮਾਨ ਚਿੰਨ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਤਕਨੀਕੀ ਸਹਾਇਕ ਪ੍ਰਬੰਧਕ ਗੁਰਦੇਵ ਸਿੰਘ ਮਾਣਕਪੁਰਾ, ਸਲਵਿੰਦਰ ਸਿੰਘ ਫੀਲਡ ਵਰਕਰ, ਸਰਦਾਰਾ ਸਿੰਘ, ਜਗੀਰ ਸਿੰਘ ਅਤੇ ਇਕੱਤਰ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਅੰਤਰਰਾਸ਼ਟਰੀ ਮਾਰਕਿਟ 'ਚ ਡੀ ਏ ਪੀ ਤੇ ਯੂਰੀਆ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ

**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ (ਰਜਿ.) ਪੰਜਾਬ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ੍ਰ. ਨਿਰਮਲ ਸਿੰਘ ਮਾਣੂੰਕੇ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਵਿੱਚ ਹੋਈ। ਮੀਟਿੰਗ ਦੀ ਕਾਰਵਾਈ ਗੁਲਜਾਰ ਸਿੰਘ ਘੱਲਕਲਾਂ ਨੇ ਚਲਾਈ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਸੰਧੂਆਣਾ ਨੇ ਪ੍ਰੈੱਸ ਨੂੰ ਰਿਲੀਜ ਕੀਤੀ। ਇਸ ਮੌਕੇ ਗੁਰਬਚਨ ਸਿੰਘ ਚੰਨੂੰਵਾਲਾ ਜ਼ਿਲ੍ਹਾ ਵਿੱਤ ਸਕੱਤਰ, ਰਛਪਾਲ ਸਿੰਘ ਪਟਵਾਰੀ ਕਪੂਰੇ, ਨਿਰਮਲ ਸਿੰਘ ਮਨਾਵਾਂ ਤੇ ਗੁਰਮੇਲ ਸਿੰਘ ਡਰੋਲੀ ਨੇ ਮੀਟਿੰਗ ਨੂੰ ਸੰਬੋਧਨ ਕੀਤਾ।



ਇਸ ਮੀਟਿੰਗ ਵਿੱਚ ਭੱਖਦੇ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ, ਜਿਸ ਵਿੱਚ ਸ੍ਰ. ਚੰਨੂੰਵਾਲਾ ਨੇ ਦੱਸਿਆ ਕਿ ਢਾਈ ਏਕੜ ਜ਼ਮੀਨ ਦੇ ਮਾਲਕ ਗਰੀਬ ਤੇ ਬੇ-ਜ਼ਮੀਨੇ ਲੋਕਾਂ ਦੇ ਨੀਲੇ ਰਾਸ਼ਨ ਕਾਰਡ ਸਰਕਾਰ ਵੱਲੋਂ ਗਲਤ ਢੰਗ ਨਾਲ ਜਾਂਚ ਪੜਤਾਲ ਕਰਕੇ ਕੱਟ ਦਿੱਤਾ ਹੈ, ਜੋ ਕਿ ਸਰਾਸਰ ਗਲਤ ਹੈ, ਕਿਉਂਕਿ ਬੇ-ਜ਼ਮੀਨੇ ਤੇ ਘੱਟ ਮਾਲਕੀ ਦੇ ਲੋਕ ਅਕਸਰ ਠੇਕੇ 'ਤੇ ਜ਼ਮੀਨਾਂ ਲੈ ਕੇ ਗੁਜ਼ਾਰਾ ਕਰਦੇ ਹਨ, ਪਰ ਸਰਕਾਰ ਵੱਲੋਂ ਜੇ-ਫਾਰਮ ਤੇ ਬੈਂਕ ਸਟੇਟਮੈਂਟ ਨੂੰ ਆਮਦਨ ਦਾ ਅਧਾਰ ਮੰਨ ਕੇ ਨੀਲੇ ਰਾਸ਼ਨ ਕਾਰਡ ਕੈਂਸਲ ਕੀਤੇ ਗਏ ਹਨ। ਇਸ ਮੌਕੇ ਮੰਗ ਕੀਤੀ ਗਈ ਕਿ ਕਿਸੇ ਵਧੀਆ ਢੰਗ ਤਰੀਕੇ ਨਾਲ ਜਾਂਚ ਪੜਤਾਲ ਕਰਨ ਤੋਂ ਬਾਅਦ ਹੀ ਯੋਗ ਲਾਭਪਾਤਰੀਆਂ ਨੂੰ ਕਾਰਡ ਮੁਹੱਈਆ ਕਰਵਾਏ ਜਾਣ। ਜੇਕਰ ਆਮ ਲੋਕਾਂ ਦੇ ਕਾਰਡ ਤੁਰੰਤ ਬਹਾਲ ਨਾ ਕੀਤੇ ਤਾਂ ਜਥੇਬੰਦੀ ਪੀੜਤ ਲੋਕਾਂ ਨੂੰ ਨਾਲ ਲੈ ਕੇ ਪ੍ਰਸ਼ਾਸਨ ਤੇ ਸਰਕਾਰ ਖਿਲਾਫ ਤਿੱਖਾ ਸੰਘਰਸ਼ ਕਰੇਗੀ।

ਇਸ ਮੌਕੇ ਸ੍ਰ. ਮਾਣੂੰਕੇ ਨੇ ਦੱਸਿਆ ਕਿ ਕੁੱਝ ਬੈਂਕਾਂ ਵੱਲੋਂ ਕਰਜ਼ਦਾਰ ਕਿਸਾਨਾਂ ਖਿਲਾਫ 138 ਦੀ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਵਿੱਚ ਕਿਸਾਨਾਂ, ਮਜ਼ਦੂਰਾਂ ਵੱਲੋਂ ਕਰਜ਼ ਲੈਣ ਸਮੇਂ ਬੈਂਕ ਅਧਿਕਾਰੀਆਂ ਵੱਲੋਂ ਕੁੱਝ ਖਾਲੀ ਚੈੱਕ ਲੈ ਕੇ ਰੱਖੇ ਜਾ ਰਹੇ ਹਨ, ਜੋ ਕਿ ਕਰਜ਼ਦਾਰ ਡਿਫਾਲਟਰ ਹੋਣ ਤੇ ਵਰਤੋਂ ਵਿੱਚ ਲਿਆਂਦੇ ਜਾਂਦੇ ਹਨ, ਜਦਕਿ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਕੋਲੋਂ ਖਾਲੀ ਚੈੱਕ ਅਗਾਓਂ ਲੈ ਕੇ ਰੱਖਣਾ ਗੈਰ-ਕਾਨੂੰਨੀ ਹੈ। ਜੇਕਰ ਬੈਂਕਾਂ ਇਸ ਵਤੀਰੇ ਤੋਂ ਬਾਜ਼ ਨਾ ਆਈਆਂ ਤਾਂ ਜਥੇਬੰਦੀ ਪੀੜਤ ਲੋਕਾਂ ਨੂੰ ਨਾਲ ਲੈ ਕੇ ਬੈਂਕਾਂ ਖਿਲਾਫ ਜ਼ੋਰਦਾਰ ਤਰੀਕੇ ਨਾਲ ਸੰਘਰਸ਼ ਕਰੇਗੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ. ਘੱਲਕਲਾਂ ਨੇ ਦੱਸਿਆ ਕਿ ਅੰਤਰਰਾਸ਼ਟਰੀ ਮਾਰਕਿਟ ਵਿੱਚ ਡੀ. ਏ. ਪੀ. ਤੇ ਯੂਰੀਆ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆ ਚੁੱਕੀ ਹੈ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਂਦਰ ਸਰਕਾਰ ਖਾਦਾਂ ਦੇ ਰੇਟ ਤੁਰੰਤ ਘੱਟ ਕਰਕੇ ਕਿਸਾਨਾਂ ਨੂੰ ਰਾਹਤ ਦੇਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ. ਰਛਪਾਲ ਸਿੰਘ ਪਟਵਾਰੀ ਕਪੂਰੇ ਨੇ ਦੱਸਿਆ ਕਿ ਵੱਡੀਆਂ ਡੇਅਰੀਆਂ ਵੱਲੋਂ ਆਪਣੇ ਦੁੱਧ ਦੀ ਮਾਰਕਿਟ ਰੇਟਾਂ ਵਿੱਚ ਕਈ ਦਫਾ ਵਾਧਾ ਕੀਤਾ ਗਿਆ ਹੈ, ਜਦਕਿ ਦੁੱਧ ਉਤਪਾਦਕਾਂ ਤੋਂ ਸਸਤੇ ਰੇਟ ਵਿੱਚ ਦੁੱਧ ਖਰੀਦਿਆ ਜਾ ਰਿਹਾ ਹੈ, ਜਿਸ ਨਾਲ ਦੁੱਧ ਉਤਪਾਦਕ ਘਾਟੇ ਵਿੱਚ ਚੱਲ ਰਹੇ ਹਨ। ਇਸ ਮੌਕੇ ਗੁਰਜੰਟ ਸਿੰਘ ਅਮਰ ਸਿੰਘ ਘੱਲਕਲਾਂ, ਮੁੱਖ ਸਲਾਹਕਾਰ ਤਰਸੇਮ ਸਿੰਘ ਮੋਗਾ, ਰਿਟਾ: ਕਾਨੂੰਗੋ ਬਲਵਿੰਦਰ ਸਿੰਘ ਰੋਡੇ, ਇਕਬਾਲ ਸਿੰਘ ਗਲੋਟੀ, ਹਰਦੀਪ ਸਿੰਘ ਚੁਗਾਵਾਂ, ਪ੍ਰਗਟ ਸਿੰਘ ਮਹੇਸਰੀ, ਗਗਨਪਾਲ ਸਿੰਘ, ਸੁਖਜਿੰਦਰ ਸਿੰਘ, ਦੀਪ ਸਿੰਘ ਮਾਣੂੰਕੇ, ਗੁਰਪ੍ਰੀਤ ਸਿੰਘ, ਦਰਸ਼ਨ ਸਿੰਘ, ਨਾਮਦਾਰ ਸਿੰਘ ਫੂਲੇਵਾਲਾ ਆਦਿ ਹਾਜ਼ਰ ਸਨ।

# ਮਾਤਾਵਾਂ ਤੇ ਭਾਸ਼ਾਵਾਂ ਆਪਣੇ ਪੁੱਤਰਾਂ ਵੱਲੋਂ ਸਨਮਾਨਤ ਹੁੰਦੀਆਂ : ਪ੍ਰੋ. ਦਿਵੇਦੀ

**ਜੈਤੋ (ਸਤੀਸ਼ ਕੁਮਾਰ ਭੀਗੀ)**-ਸਾਡੇ ਦੇਸ਼ ਵਿੱਚ ਬੋਲੀਆਂ ਜਾਂਦੀਆਂ ਵੱਖ ਵੱਖ ਭਾਸ਼ਾਵਾਂ ਕੇਵਲ ਭਾਸ਼ਾਵਾਂ ਨਹੀਂ ਹਨ, ਬਲਕਿ ਇਹ ਇਨਸਾਫ ਦੀ ਭਾਸ਼ਾ ਹੈ। ਜੇਕਰ ਦੇਸ਼ ਦੇ ਗਰੀਬਾਂ, ਮਜ਼ਦੂਰਾਂ, ਆਮ ਲੋਕਾਂ ਤੇ ਕਿਸਾਨਾਂ ਨੂੰ ਨਿਆਂ ਦਿਵਾਉਣਾ ਹੈ ਤਾਂ ਸਾਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਗੱਲ ਕਰਨੀ ਪਵੇਗੀ ਅਤੇ ਉਨ੍ਹਾਂ ਦੀ ਭਾਸ਼ਾ ਵਿੱਚ ਹੀ ਸਿਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਲੋਕਤੰਤਰ ਦਾ ਕੋਈ ਮਤਲਬ ਨਹੀਂ ਹੈ। ਇਹ ਗੱਲਾਂ ਭਾਰਤੀ ਜਨ ਸੰਚਾਰ ਸੰਸਥਾਨ ਨਵੀਂ ਦਿੱਲੀ ਦੇ ਮੁਖੀ ਪ੍ਰੋਫੈਸਰ ਸੰਜੇ ਦਿਵੇਦੀ ਨੇ ਇੱਕ ਪ੍ਰੋਗਰਾਮ ਦੌਰਾਨ ਕਹੀਆਂ।



ਪ੍ਰੋ: ਦਿਵੇਦੀ ਨੇ ਅੱਗੇ ਕਿਹਾ ਕਿ ਸਵਰਾਜ ਸਿਰਫ ਅੰਗਰੇਜ਼ਾਂ ਦਾ ਚਲੇ ਜਾਣਾ ਤੇ ਸਾਡਾ ਰਾਜ ਭੋਗਣਾ ਨਹੀਂ ਹੈ, ਬਲਕਿ ਸਵਰਾਜ ਦਾ ਮਤਲਬ ਹੈ ਕਿ ਸਾਡਾ ਸਾਰਾ ਜੀਵਨ ਤੇ ਚਿੰਤਨ ਸਾਡੀ ਭਾਸ਼ਾ 'ਤੇ ਆਧਾਰਤ ਹੋਣਾ। ਕੋਈ ਵੀ ਭਾਸ਼ਾ ਜ਼ਬਰਦਸਤੀ ਥੋਪੀ ਨਹੀਂ ਜਾ ਸਕਦੀ, ਪ੍ਰੰਤੂ ਅਸੀਂ ਆਪਣੀ ਭਾਸ਼ਾ ਤੋਂ ਮੂੰਹ ਮੋੜਨ ਤੇ ਵਿਦੇਸ਼ੀ ਭਾਸ਼ਾ ਨਾਲ ਪਿਆਰ ਵਧਾ ਰਹੇ ਹਾਂ ਜੋ ਕਿ ਉਚਿਤ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੀ ਭਾਸ਼ਾ ਮਤਲਬ ਮਾਂ ਬੋਲੀ ਨਾਲ ਹੀ ਅੱਗੇ ਵਧ ਸਕਦੇ ਹਾਂ, ਜਿਵੇਂ ਕਿ ਭਾਰਤੀ ਚੋਣ ਪ੍ਰਣਾਲੀ ਜਨ ਸੰਚਾਰ ਦਾ ਪ੍ਰਮੁੱਖ ਸਰੋਤ ਹੈ ਇਸ ਵਿੱਚ ਕੋਈ ਵੀ ਰਾਜਨੀਤਕ ਆਗੂ ਆਪਣੇ ਹਲਕੇ ਦੇ ਲੋਕਾਂ ਕੋਲੋਂ ਅੰਗਰੇਜ਼ੀ ਵਿੱਚ ਵੋਟਾਂ ਦੇਣ ਦੀ ਅਪੀਲ ਕਰਕੇ ਸੱਤਾ ਦੇ ਸਿਖਰ ਤੱਕ ਨਹੀਂ ਪਹੁੰਚ ਸਕਦਾ। ਉਨ੍ਹਾਂ ਕਿਹਾ ਕਿ ਅਸੀਂ ਦੇਖਦੇ ਹਾਂ ਕਿ ਚੋਣਾਂ ਵਿੱਚ ਜ਼ਿਆਦਾਤਰ ਹਿੰਦੀ ਭਾਸ਼ਾ ਤੇ ਵੱਖ ਵੱਖ ਰਾਜਾਂ ਦੀ ਮਾਤ ਭਾਸ਼ਾ ਦਾ ਹੀ ਇਸਤੇਮਾਲ ਕੀਤਾ ਜਾਂਦਾ ਹੈ। ਅੰਤ ਵਿੱਚ ਪ੍ਰੋਫੈਸਰ ਦਿਵੇਦੀ ਨੇ ਕਿਹਾ ਕਿ ਮਾਤਾਵਾਂ ਤੇ ਭਾਸ਼ਾਵਾਂ ਆਪਣੇ ਪੁੱਤਰਾਂ ਵੱਲੋਂ ਸਨਮਾਨਤ ਹੁੰਦੀਆਂ ਹਨ ਇਸ ਲਈ ਜਿਵੇਂ ਕਿ ਸਾਡੇ ਦੇਸ਼ ਵਿੱਚ ਬੋਲੀਆਂ ਜਾਂਦੀਆਂ ਵੱਖ ਵੱਖ ਭਾਸ਼ਾਵਾਂ ਰਾਸ਼ਟਰ ਅਤੇ ਲੋਕਾਂ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦੀਆਂ ਹਨ। ਇਸ ਲਈ ਸਾਨੂੰ ਆਪਣੀ ਮਾਤ ਭਾਸ਼ਾ ਦੇ ਵਜੂਦ ਨੂੰ ਬਰਕਰਾਰ ਰੱਖਣ ਲਈ ਅੱਗੇ ਆਉਣਾ ਚਾਹੀਦਾ ਹੈ ਤੇ ਜ਼ਿਆਦਾਤਰ ਸੰਵਾਦ ਮਾਤ ਭਸ਼ਸਾ ਵਿੱਚ ਹੀ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ।

# ਕਾਂਗਰਸ ਨੇ ਹੱਥ ਨਾਲ ਹੱਥ ਜੋੜੋ ਮੁਹਿੰਮ ਦੀ ਕੀਤੀ ਸ਼ੁਰੂਆਤ

**ਜਗਰਾਉਂ (ਅਮਿਤ ਖੰਨਾ)**-ਕਾਂਗਰਸ ਪਾਰਟੀ ਦੁਆਰਾ ਭਾਰਤ ਜੁੜੋ ਯਾਤਰਾ ਦੀ ਸਮਾਪਤੀ ਤੋਂ ਬਾਅਦ ਇੱਕ ਹੋਰ ਨਵੀਂ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਕਾਂਗਰਸ ਪਾਰਟੀ ਵੱਲੋਂ ਨਵੀਂ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਹੱਥ ਨਾਲ ਹੱਥ ਜੋੜੋ ਦਾ ਨਾਮ ਦਿੱਤਾ ਗਿਆ ਹੈ, ਜਿਸ ਦੇ ਤਹਿਤ ਕਾਂਗਰਸ ਪਾਰਟੀ ਵੱਲੋਂ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਉਲੀਕੀ ਗਈ ਹੈ। ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਦੇ ਤਹਿਤ ਅੱਜ ਨਗਰ ਕੌਂਸਲ ਜਗਰਾਉਂ ਦੇ ਸਾਹਮਣੇ ਸਥਿਤ ਪਾਰਕ ਵਿਖੇ ਹਲਕੇ ਦੇ ਸਾਰੇ ਕਾਂਗਰਸੀਆਂ ਵੱਲੋਂ ਇੰਪਰੂਵਮੈਂਟ ਟਰਸਟ ਦੇ ਸਾਬਕਾ ਚੇਅਰਮੈਨ ਰਮਨ ਸੁਬਰਾਮਨੀਅਮ ਦੀ ਅਗਵਾਈ ਹੇਠ ਇਕੱਠੇ ਹੁੰਦਿਆਂ ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਇਸ ਨਵੇਂ ਮੁਹਿੰਮ ਤਹਿਤ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਲਕਾ ਜਗਰਾਓਂ ਦੇ ਇੰਚਾਰਜ ਤੇ ਸਾਬਕਾ ਸਾਬਕਾ ਐੱਮ ਐੱਲ ਏ ਜਗਤਾਰ ਸਿੰਘ ਜੱਗਾ ਹਿਸੋਵਾਲ, ਨਗਰ ਕੌਂਸਲ ਜਗਰਾਉਂ ਦੇ ਪ੍ਰਧਾਨ ਜਤਿੰਦਰਪਾਲ ਰਾਣਾ, ਸ਼ਹਿਰੀ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਦਿਹਾਤੀ ਬਲਾਕ ਪ੍ਰਧਾਨ ਸਰਪੰਚ ਨਵਦੀਪ ਸਿੰਘ ਗਰੇਵਾਲ, ਕੌਂਸਲਰ ਰਵਿੰਦਰ ਸਿੰਘ ਰਾਜੂ ਕਾਮਰੇਡ, ਸੀਨੀਅਰ ਕਾਂਗਰਸੀ ਆਗੂ ਗੋਪਾਲ ਸ਼ਰਮਾ, ਸੀਨੀਅਰ ਕਾਂਗਰਸੀ ਆਗੂ ਪਰਾਸ਼ਰ ਦੇਵ ਸ਼ਰਮਾ, ਰਾਜ ਕੁਮਾਰ ਮਲਹੋਤਰਾ ਆਦਿ ਨੇ ਵੀ ਸ਼ਿਰਕਤ ਕੀਤੀ ਤੇ ਕਾਂਗਰਸ ਪਾਰਟੀ ਵੱਲੋਂ ਨਵੀਂ ਸ਼ੁਰੂ ਕੀਤੀ ਗਈ ਹੱਥ ਨਾਲ ਹੱਥ ਜੋੜੋ ਮੁਹਿੰਮ ਬਾਰੇ ਪਾਰਟੀ ਦੇ ਬਾਕੀ ਆਗੂਆਂ ਤੇ ਵਰਕਰਾਂ ਦੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਪਰੂਵਮੈਂਟ ਟਰਸਟ ਦੇ ਸਾਬਕਾ ਚੇਅਰਮੈਨ ਰਮਨ ਸੁਬਰਾਮਨੀਅਮ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਹੱਥ ਨਾਲ ਹੱਥ ਜੋੜੋ ਮੁਹਿੰਮ ਦੀ ਸ਼ੁਰੂਆਤ ਕਰਨ ਦਾ ਮੁੱਖ ਉਦੇਸ਼ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਤੇ ਆਮ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਬਾਰੇ ਜਾਣਕਾਰੀ ਹਾਸਲ ਕਰਨਾ ਹੈ ਅਤੇ ਉਨ੍ਹਾਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਦੂਰ ਕਰਨ ਲਈ ਕੰਮ ਕਰਨਾ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਇਸ ਨਵੀਂ ਮੁਹਿੰਮ ਦੇ ਤਹਿਤ ਪੂਰੇ ਭਾਰਤ ਚ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨਾਂ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਦਾ ਦੌਰਾ ਕਰਦਿਆਂ ਆਮ ਲੋਕਾਂ ਦੇ ਘਰਾਂ ਤੱਕ ਪਹੁੰਚ ਕੀਤੀ ਜਾਵੇਗੀ ਤੇ ਲੋਕਾਂ ਨੂੰ ਦੀਆਂ ਮੁਸ਼ਕਲਾਂ ਦੀ ਜਾਣਕਾਰੀ ਹਾਸਲ ਕਰਨ ਦੇ ਨਾਲ ਨਾਲ ਦਿਨੋਂ ਦਿਨ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਹੋਰ ਕਈ ਅਹਿਮ ਮੁੱਦਿਆਂ 'ਤੇ ਵਿਚਾਰ ਕੀਤੀ ਜਾਵੇਗੀ।

ਇਸ ਮੌਕੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿਸੋਵਾਲ ਨੇ ਆਖਿਆ ਕਿ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਜਦੋਂ ਭਾਰਤ ਜੋੜ ਯਾਤਰਾ ਦੀ ਸ਼ੁਰੂਆਤ ਕਰਨ ਦੀ ਗੱਲ ਆਖੀ ਗਈ ਸੀ ਤਾਂ ਆਖਦੇ ਸਨ 4 ਹਜ਼ਾਰ ਕਿਲੋਮੀਟਰ ਦੇ ਕਰੀਬ ਦੀ ਯਾਤਰਾ ਪੈਦਲ ਕਰਨਾ ਰਾਹੁਲ ਗਾਂਧੀ ਦੇ ਵੱਸ ਦੀ ਗੱਲ ਨਹੀਂ ਹੈ, ਉਹ ਇਸ ਪਿੱਛੇ ਨੂੰ ਕਦੇ ਵੀ ਪੂਰਾ ਨਹੀਂ ਕਰ ਸਕਣਗੇ, ਪਰ ਰਾਹੁਲ ਗਾਂਧੀ ਵੱਲੋਂ 4 ਹਜ਼ਾਰ ਕਿਲੋਮੀਟਰ ਦੀ ਪੈਦਲ ਯਾਤਰਾ ਕਰ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਮੂੰਹ ਬੰਦ ਕਰ ਦਿੱਤੇ ਗਏ ਹਨ ਤੇ ਇਸ ਯਾਤਰਾ ਲਈ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੇ ਵਿਚ ਇੱਕ ਨਵਾਂ ਜੋਸ਼ ਭਰਿਆ ਹੈ ਤੇ ਇਸੇ ਜੋਸ਼ ਨੂੰ ਕਾਇਮ ਰੱਖਦਿਆਂ ਹੁਣ ਕਾਂਗਰਸ ਪਾਰਟੀ ਦੇ ਵਰਕਰ ਤੇ ਆਗੂ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਦਿਨ ਰਾਤ ਇੱਕ ਕਰਨਗੇ ਤੇ ਕਾਂਗਰਸ ਪਾਰਟੀ ਨੂੰ ਫਿਰ ਤੋਂ ਸੱਤਾ ਵਿੱਚ ਲਿਆਉਣ ਲਈ ਆਪਣਾ ਅਹਿਮ ਯੋਗਦਾਨ ਨਿਭਾਉਣਗੇ।

## ਚੋਲਾ ਸਾਹਿਬ ਦੇ ਮੇਲੇ ਮੌਕੇ ਨੌਜਵਾਨ ਚੱਲਦੇ ਭੰਗੂੜੇ 'ਚੋਂ ਡਿੱਗਿਆ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਸਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮੌਕੇ ਅੱਜ ਇੱਕ ਨੌਜਵਾਨ ਦੀ ਚੱਲਦੇ ਭੰਗੂੜੇ 'ਚੋਂ ਡਿੱਗ ਕੇ ਗੰਭੀਰ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਉਕਤ ਨੌਜਵਾਨ ਦੇ ਪਿਤਾ ਰਾਜ ਕੁਮਾਰ ਵਾਸੀ ਡੇਰਾ ਬਾਬਾ ਨਾਨਕ ਨੇ ਦੱਸਿਆ ਕਿ ਮੇਰਾ ਬੇਟਾ ਪ੍ਰਿੰਸ ਪੁੱਤਰ ਰਾਜ ਕੁਮਾਰ ਅੱਜ ਦੁਪਹਿਰ ਆਪਣੇ ਦੋਸਤਾਂ ਨਾਲ ਮੇਲਾ ਵੇਖਣ ਲਈ ਗਿਆ ਸੀ। ਉਹਨਾਂ ਕਿਹਾ ਕਿ ਜਦ ਉਹ ਮੇਲੇ ਦੌਰਾਨ ਭੰਗੂੜੇ ਤੇ ਝੂਟਾ ਲੈ ਰਿਹਾ ਸੀ ਤਾਂ ਅਚਾਨਕ ਚੱਲਦੇ ਭੰਗੂੜੇ ਤੋਂ ਡਿੱਗ ਪਿਆ ਤੇ ਜਿਸ ਦੀ ਧੌਣ ਭੰਗੂੜੇ ਦੀਆ ਪੱਤਰੀਆਂ ਵਿੱਚ ਫਸ ਗਈ। ਮੌਕੇ ਤੇ ਮੌਜੂਦ ਭੰਗੂੜੇ ਵਾਲੇ ਮੁਲਾਜ਼ਮਾਂ ਵੱਲੋਂ ਫੁਰਤੀ ਵਰਤਦਿਆਂ ਹੋਇਆਂ ਇੱਕ ਦਮ ਭੰਗੂੜਾ ਰੋਕ ਕੇ ਇਸ ਨੂੰ ਹੇਠਾਂ ਲਾਇਆ ਤੇ ਮੌਕੇ ਤੇ ਮੌਜੂਦ ਲੋਕਾਂ ਵੱਲੋਂ ਇਸ ਨੂੰ ਤੁਰੰਤ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਗਿਆ ਜਿਸ ਨਾਲ ਇਸ ਦੀ ਜਾਨ ਬਚ ਗਈ ਤੇ ਇਹ ਇਲਾਜ ਅਧੀਨ ਹੈ। ਭਾਵੇਂ ਕਿ ਉਕਤ ਨੌਜਵਾਨ ਦੇ ਭੰਗੂੜੇ ਤੋਂ ਡਿਗਣ ਦੇ ਅਸਲੀ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆਂ ਪਰ ਇਸ ਹਾਦਸੇ ਨਾਲ ਮੇਲੇ ਵਿੱਚ ਆਈਆਂ ਸੰਗਤਾਂ ਤੇ ਇਲਾਕੇ ਦੇ ਲੋਕਾਂ ਦੇ ਮਨਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।



## ਲੋਕ ਸੇਵਾ ਸੁਸਾਇਟੀ ਵੱਲੋਂ ਸਮੂਹਕ ਕੰਨਿਆ ਦਾਨ ਮਹਾਂ ਯੱਗ 19 ਨੂੰ

**ਜਗਰਾਉਂ, (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਵੱਲੋਂ ਕਰਵਾਏ ਜਾ ਰਹੇ 24ਵੇਂ ਸਮੂਹਕ ਕੰਨਿਆ ਦਾਨ ਮਹਾਂ ਯੱਗ ਦੇ ਸੱਦਾ ਪੱਤਰਾਂ ਨੂੰ ਸੰਤ ਬਾਬਾ ਅਰਵਿੰਦਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਜਾਰੀ ਕੀਤਾ। ਨਾਨਕਸਰ ਸੰਪਰਦਾਇ ਦੇ ਸੱਚਖੰਡ ਵਾਸੀ ਸੰਤ ਬਾਬਾ ਮੈਂਗਲ ਸਿੰਘ ਵੱਲੋਂ ਲੋਕ ਸੇਵਾ ਸੁਸਾਇਟੀ ਨਾਲ ਮਿਲ ਕੇ ਆਰੰਭੀ ਸਮੂਹਿਕ ਕੰਨਿਆ ਦਾਨ ਮਹਾਂ ਯੱਗ ਦੀ ਲੜੀ ਨੂੰ ਨਿਰਵਿਘਨ ਜਾਰੀ ਰੱਖਦੇ ਹੋਏ ਉਨ੍ਹਾਂ ਦੇ ਸਪੁੱਤਰ ਸੰਤ ਬਾਬਾ ਅਰਵਿੰਦਰ ਸਿੰਘ ਦੇ ਅਸ਼ੀਰਵਾਦ ਤੇ ਸਹਿਯੋਗ ਨਾਲ 19 ਮਾਰਚ ਨੂੰ ਜਗਰਾਓਂ ਦੇ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਸਕੂਲ ਦੇ ਮਾਤਰੀ ਸੇਵਾ ਸੰਘ ਹਾਲ ਵਿਖੇ ਕਰਵਾਇਆ ਜਾ ਰਿਹਾ ਹੈ। ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਸਮੂਹਿਕ ਕੰਨਿਆ ਦਾਨ ਮਹਾਂ ਯੱਗ ਦੇ ਸੱਦਾ ਪੱਤਰਾਂ ਨੂੰ ਸੰਤ ਬਾਬਾ ਅਰਵਿੰਦਰ ਸਿੰਘ ਨੇ ਜਾਰੀ ਕਰਦਿਆਂ ਸੁਸਾਇਟੀ ਨੂੰ ਜਿੱਥੇ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ, ਉੱਥੇ ਉਨ੍ਹਾਂ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਤਾਰੀਫ਼ ਵੀ ਕੀਤੀ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਹਾਜ਼ਰੀ ਵਿਚ ਸੰਤ ਬਾਬਾ ਅਰਵਿੰਦਰ ਸਿੰਘ ਨੇ ਅਸ਼ੀਰਵਾਦ ਤੇ ਸਹਿਯੋਗ ਨਾਲ 24 ਵਾਂ ਸਮੂਹਿਕ ਕੰਨਿਆ ਦਾਨ ਮਹਾਂ ਯੱਗ 19 ਮਾਰਚ ਨੂੰ ਕਰਵਾਇਆ ਜਾਵੇਗਾ। ਇਸ ਮੌਕੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਇਕਬਾਲ ਸਿੰਘ ਕਟਾਰੀਆ, ਰਾਜਿੰਦਰ ਜੈਨ ਕਾਕਾ, ਆਰ ਕੇ ਗੋਇਲ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਸੰਜੀਵ ਚੋਪੜਾ ਹਾਜ਼ਰ ਸਨ।

## ਪੰਜਾਬ 'ਚ ਭੈ ਤੇ ਸਹਿਮ ਕਾਰਨ ਜਾਇਦਾਦਾਂ ਦੇ ਭਾਅ ਡਿੱਗੇ: ਭੋਮਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਮੌਜੂਦਾ ਸਮੇਂ 'ਚ ਅਸ਼ਾਂਤ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ। ਸੂਬੇ ਦੇ ਲੋਕਾਂ 'ਚ ਸਹਿਮ ਦਾ ਮਾਹੌਲ ਹੈ। ਮਾਪੇ ਡਰ ਤੇ ਬੇਰੁਜ਼ਗਾਰੀ ਦੇ ਸਾਏ ਹੇਠ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ ਪਰ ਮੁੱਖ ਮੰਤਰੀ ਕਹਿ ਰਹੇ ਹਨ ਉਹ ਸਭ ਕੁਝ ਜਾਣਦੇ ਹਨ। ਅਸਲ ਵਿੱਚ ਉਹ ਕੁਝ ਵੀ ਨਹੀਂ ਜਾਣਦੇ ਤੇ ਅਹਿਮ ਮੁੱਦਿਆਂ ਵੱਲ ਕੋਈ ਧਿਆਨ ਨਹੀਂ ਦੀ ਰਹੇ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਕੀਤਾ। ਉਨ੍ਹਾਂ ਕਿਹਾ ਕਿ ਉਕਤ ਵਿਸ਼ਿਆਂ ਤੇ ਵਿਸ਼ੇਸ਼ ਧਿਆਨ ਦਿਵਾਇਆ ਕਿ ਪਹਿਲਾਂ ਤਾਂ ਅਕਾਲੀਆਂ ਤੇ ਕਾਂਗਰਸੀਆਂ ਨੇ ਪੰਜਾਬ ਦਾ ਭੱਠਾ ਬਿਠਾ ਛੱਡਿਆ। ਦੋਨਾਂ ਪਾਰਟੀਆਂ ਨੇ ਸੂਬੇ ਦੀ ਲੁੱਟ ਖਸੁੱਟ ਕਰਕੇ ਪੰਜਾਬ ਨੂੰ ਹਾਸ਼ੀਏ ਤੇ ਧੱਕਣ ਚ ਕੋਈ ਕਸਰ ਨਹੀ ਛੱਡੀ, ਇਨ੍ਹਾਂ ਦੀਆਂ ਗਲਤੀਆਂ ਕਾਰਨ ਹੀ ਪੰਜਾਬ ਦੇ ਨੌਜਵਾਨ ਵਿਦੇਸ਼ ਭੱਜਣ ਨੂੰ ਤਰਜੀਹ ਦੇ ਰਹੇ ਹਨ। ਭੋਮਾ ਅਨੁਸਾਰ ਪੰਜਾਬ ਨੇ ਪਹਿਲਾਂ ਹੀ ਬਹੁਤ ਲੰਮਾ ਸਮਾਂ ਸੰਤਾਪ ਹੰਢਾਇਆ ਹੈ। ਨਵੀਂ ਬਣੀ ਟੋਪੀ ਸਰਕਾਰ ਨੇ ਨੌਜੁਆਨਾਂ ਨੂੰ ਰੁਜ਼ਗਾਰ ਦਿਵਾਉਣ ਦੇ ਵਾਅਦੇ ਤੇ ਦਾਅਵੇ ਤਾਂ ਬਹੁਤ ਕੀਤੇ ਸੀ ਪਰ ਉਨ੍ਹਾ ਨੂੰ ਅਸਲ ਰੂਪ ਚ ਲੋਕਾਂ ਤੱਕ ਕਿਵੇ ਪਹੁੰਚਾਇਆ ਜਾਵੇ ਇਹ ਤਸਵੀਰ ਅਮਲੀ ਤੌਰ ਤੇ ਪੇਸ਼ ਨਹੀਂ ਕਰ ਸਕੀ। ਮਨਜੀਤ ਸਿੰਘ ਭੋਮਾ ਨੇ ਕਿਹਾ ਕਿ ਹੁਣ ਤਸਵੀਰ ਹੀ ਹੋਰ ਹੋ ਗਈ ਹੈ ਕਿ ਪੰਜਾਬ ਚ ਕੋਈ ਨਿਵੇਸ਼ ਕਰਨ ਲਈ ਤਿਆਰ ਨਹੀਂ। ਵਪਾਰੀਆਂ ਦੇ ਮਨਾਂ 'ਚ ਡਰ ਤੇ ਸਹਿਮ ਦਾ ਮਾਹੌਲ ਦਾ ਹੈ। ਫਿਰ ਨੌਕਰੀਆਂ ਕਿਵੇਂ ਪੈਦਾ ਹੋਣਗੀਆਂ। ਪੰਜਾਬ ਵਿੱਚ ਡਰ ਤੇ ਸਹਿਮ ਕਾਰਨ ਜ਼ਮੀਨਾਂ ਜਾਇਦਾਦਾਂ ਦੀਆਂ ਕੀਮਤਾਂ ਅਸਮਾਨ ਤੋਂ ਫਰਸ਼ ਤੇ ਡਿੱਗ ਪਈਆਂ ਹਨ। ਨਿਵੇਸ਼ਕਰਤਾ ਤਾਂ ਡਰੇ ਹੋਏ ਬੈਠੇ ਹਨ।

ਵਪਾਰੀ ਬਾਹਰਲੇ ਸੂਬਿਆਂ ਚ ਭੱਜ ਰਹੇ ਹਨ। ਆਪਣੇ ਪਰਿਵਾਰ ਨੂੰ ਰੋਟੀ ਖਵਾਉਣ ਵਾਲੇ ਦੇ ਮਨ 'ਚ ਡਰ ਬੈਠਾ ਹੈ ਕਿ ਸਵੇਰੇ ਘਰੋਂ ਗਿਆ ਸ਼ਾਮ ਦਾ ਪਤਾ ਨਹੀਂ ਮੈਂ ਘਰ ਆਵਾਂਗਾ ਜਾਂ ਨਹੀਂ। ਭੋਮਾ ਨੇ ਸਪੱਸ਼ਟ ਕੀਤਾ ਕਿ ਆਮ ਵਰਗ ਬੇਹੱਦ ਬੈਚੇਨ ਬੈਠਾ ਹੈ। ਪੰਜਾਬ ਸਰਹੱਦ ਸੂਬਾ ਹੈ ,ਸਾਡੇ ਗੁਆਂਢੀ ਮੁਲਕ ਦੇ ਹਾਲਾਤ ਤੋਂ ਸਾਰੇ ਵਾਕਿਫ ਹਨ। ਇਸ ਲਈ ਪੰਜਾਬ 'ਚ ਨਿਵੇਸ਼ਕਾਂ ਨੂੰ ਲਿਆਉਣ ਤੋਂ ਪਹਿਲਾਂ ਸੂਬੇ ਦੀ ਅਮਨ-ਕਾਨੂੰਨ ਅਵਸਥਾ ਨੂੰ ਠੀਕ ਕੀਤਾ ਜਾਵੇ ਤਾਂ ਜੋ ਦੇਸ਼ ਦਾ ਖੁਸ਼ਹਾਲ ਸੂਬਾ ਮੁੜ ਤਰੱਕੀ ਦੀ ਰਾਹ ਤੇ ਪੈ ਸਕੇ।

## ਬੰਗਾ ਪਰਵਾਰ ਨੇ ਗੁਰਸਿੱਖੀ ਦਾ ਸ਼ੁੱਭ ਦਿਹਾੜਾ ਮਨਾਇਆ

**ਮਾਹਿਲਪੁਰ (ਸਫਰੀ)**-ਪਿੰਡ ਹਰਮਾਂ ਦੇ ਬੰਗਾ ਪਰਵਾਰ ਦੀਆਂ ਸਮੂਹ ਸੰਗਤਾਂ ਨੇ ਗੁਰਸਿੱਖੀ ਦਾ ਸ਼ੁੱਭ ਦਿਹਾੜਾ ਮਨਾਇਆ ਤੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭੋਗ ਪਾਏ ਗਏ ਤੇ ਗੁਰੂ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ । ਇਹ ਦਿਹਾੜਾ ਖਾਲਸਾ ਪੰਥ ਦੀ ਸਾਜਨਾ ਦਿਵਸ ਤੋਂ ਜੁੜਿਆ ਹੋਇਆ ਹੈ । ਹੋਲੇ ਮਹੱਲੇ ਵਾਲੇ ਦਿਨ ਸਾਡੇ ਬਜ਼ੁਰਗਾਂ ਨੂੰ ਸਤਿਕਾਰ ਵਜੋਂ ਸਿਰੋਪਾ ਦਿੱਤਾ ਜਾਂਦਾ ਰਿਹਾ ਹੈ ਤੇ ਹਰ ਛਮਾਹੀ ਦੀ ਸੇਵਾ ਬੰਗਾ ਪਰਵਾਰ ਵੱਲੋਂ ਅਨੰਦਪੁਰ ਸਾਹਿਬ ਵਿਖੇ ਲੰਗਰਾਂ ਵਿੱਚ ਪਾਈ ਜਾਂਦੀ ਹੈ । ਹੁਣ ਤੱਕ ਨਵਵਿਆਹੀ ਜੋੜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਨਤਮਸਤਕ ਹੋ ਕੇ ਆਉਂਦੀ ਹੈ। ਇਸ ਸ਼ੁੱਭ ਦਿਹਾੜੇ 'ਤੇ ਪਹੁੰਚੀਆਂ ਸੰਗਤਾਂ ਸੁਖਦੇਵ ਸਿੰਘ ਬੰਗਾ, ਮਾਸਟਰ ਰਾਮ ਦਾਸ ਬੰਗਾ, ਦਿਲਬਰ ਸਿੰਘ ਬੰਗਾ ਮਨਜੀਤ ਸਿੰਘ ਬੰਗਾ,ਜਰਨੈਲ ਸਿੰਘ ਬੰਗਾ ,ਅਸ਼ੋਕ ਕੁਮਾਰ ਬੰਗਾ, ਪਰਦੀਪ ਸਿੰਘ ਬੰਗਾ ਵਿਜੇ ਕੁਮਾਰ ਬੰਗਾ, ਜੋਗਿੰਦਰ ਸਿੰਘ ਬੰਗਾ, ਮਸਤ ਰਾਮ ਬੰਗਾ, ਉਂਕਾਰ ਸਿੰਘ ਬੰਗਾ, ਦਲਬਾਗ ਸਿੰਘ ਬੰਗਾ, ਵਰਿੰਦਰ ਸਿੰਘ ਬੰਗਾ, ਠੇਕੇਦਾਰ ਸੰਤ ਰਾਮ ਦੜੋਚ, ਸੁਖਦੇਵ ਸਿੰਘ ਬੰਗਾ, ਜਸਪਾਲ ਸਿੰਘ ਬੰਗਾ, ਪ੍ਰਕਾਸ਼ ਸਿੰਘ , ਜਸਵਿੰਦਰ ਸਿੰਘ ਬੰਗਾ, ਬਲਵਿੰਦਰ ਸਿੰਘ ਬੰਗਾ, ਰਾਮ ਚੰਦ ਬੰਗਾ, ਜਸਪਾਲ ਸਿੰਘ ਬੰਗਾ, ਬਹਾਦਰ ਸਿੰਘ ਬੰਗਾ, ਪਵਨ ਕੁਮਾਰ ਪੰਮੀ ਬੰਗਾ,ਰਾਜ ਕੁਮਾਰ ਬੰਗਾ ਹੋਰ ਆਦਿ ਸੰਗਤਾਂ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### 95 ਫੀਸਦੀ ਤੋਂ ...

ਮੰਤਰੀ ਅਤੇ ਚਾਰ ਸਾਬਕਾ ਮੁੱਖ ਮੰਤਰੀ ਸਾਮਲ ਹਨ।

ਰਾਘਵ ਚੱਢਾ ਨੇ ਕਿਹਾ ਕਿ ਦੇਸ਼ ਦੇ ਸਾਰੇ ਵਿਰੋਧੀ ਨੇਤਾ ਮਨੀਸ਼ ਸਿਸੋਦੀਆ ਦੀ ਗ੍ਰਿਫਤਾਰੀ ਤੋਂ ਕਾਫੀ ਚਿੰਤਤ ਹਨ। ਇਸੇ ਲਈ ਸਾਰੇ ਆਗੂਆਂ ਨੇ ਮਿਲ ਕੇ ਪ੍ਰਧਾਨ ਮੰਤਰੀ ਨੂੰ ਇਹ ਪੱਤਰ ਲਿਖ ਕੇ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਨਾ ਕਰਨ ਅਤੇ ਦੇਸ਼ ਦੇ ਲੋਕਤੰਤਰ ਨੂੰ ਕਮਜ਼ੋਰ ਨਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਮੋਦੀ ਸਰਕਾਰ ਦੇਸ਼ ਦੀ ਵਿਰੋਧੀ ਧਿਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਜ਼ਿਸ਼ ਤਹਿਤ ਵਿਰੋਧੀ ਪਾਰਟੀਆਂ ਦੇ ਨੇਤਾਵਾਂ 'ਤੇ ਹੀ ਸੀ ਬੀ ਆਈ-ਈ ਡੀ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਅੱਜ ਜਿਸ ਤਰ੍ਹਾਂ ਸਰਕਾਰੀ ਏਜੰਸੀਆਂ ਪੱਖਪਾਤੀ ਢੰਗ ਨਾਲ ਕਾਰਵਾਈ ਕਰ ਰਹੀਆਂ ਹਨ, ਉਸ ਨਾਲ ਦੇਸ਼ ਦਾ ਲੋਕਤੰਤਰ ਖਤਰੇ ਵਿੱਚ ਹੈ। ਸੀ ਬੀ ਆਈ-ਈ ਡੀ ਦੀ ਕਾਰਵਾਈ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾ ਕਿਹਾ ਕਿ 2014 ਤੋਂ ਹੁਣ ਤੱਕ ਸੀ ਬੀ ਆਈ ਵੱਲੋਂ ਦਰਜ ਕੀਤੇ ਗਏ 95 ਫੀਸਦੀ ਕੇਸ ਵਿਰੋਧੀ ਪਾਰਟੀਆਂ ਦੇ ਆਗੂਆਂ ਖਿਲਾਫ ਹੀ ਹਨ। ਯੂ ਪੀ ਏ ਦੌਰਾਨ ਈ ਡੀ ਨੇ ਸਿਰਫ 112 ਥਾਵਾਂ 'ਤੇ ਛਾਪੇ ਮਾਰੇ ਸਨ, ਪਰ ਮੋਦੀ ਸਰਕਾਰ ਦੌਰਾਨ ਈ ਡੀ ਨੇ 3000 ਤੋਂ ਵੱਧ ਥਾਵਾਂ 'ਤੇ ਛਾਪੇ ਮਾਰੇ। ਹਾਲ ਹੀ ਵਿੱਚ ਇੱਕ ਜਾਣਕਾਰੀ ਸਾਹਮਣੇ ਆਈ ਹੈ, ਜਿਸ ਵਿੱਚ ਦੱਸਿਆ ਗਿਆ ਸੀ ਕਿ ਈ ਡੀ ਦੁਆਰਾ ਦਰਜ ਕੀਤੇ ਗਏ ਸਾਰੇ ਮਾਮਲਿਆਂ ਵਿੱਚ, ਕਨਵਿਕਸ਼ਨ ਰੇਟ (ਦੋਸ਼ੀ ਪਾਏ ਜਾਣ ਦੀ ਦਰ) ਸਿਰਫ 0.05 ਫੀਸਦੀ ਹੈ। ਭਾਵ ਅਦਾਲਤ ਵਿੱਚ ਲਗਭਗ ਸਾਰੇ ਕੇਸ ਫਰਜ਼ੀ ਸਾਬਤ ਹੋਏ। ਉਨ੍ਹਾ ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਰਾਜਾਂ ਵਿੱਚ ਰਾਜਪਾਲ ਦੀ ਦਖਲਅੰਦਾਜ਼ੀ ਬਾਰੇ ਵੀ ਗੱਲ ਕੀਤੀ ਅਤੇ ਕਿਹਾ ਕਿ ਰਾਜਪਾਲ ਰਾਹੀਂ ਕੇਂਦਰ ਸਰਕਾਰ ਰਾਜ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜ ਵਿੱਚ ਦਖਲਅੰਦਾਜ਼ੀ ਕਰ ਰਹੀ ਹੈ, ਇਹ ਲੋਕਤੰਤਰ ਲਈ ਬੁਰਾ ਸੰਕੇਤ ਹੈ।

### ਹੁਣ ਅਮਰੀਕਾ ਤੋਂ...

ਵੋਹਰਾ (20) ਵਜੋਂ ਦੱਸੀ ਗਈ ਹੈ, ਜੋ ਅਮਰੀਕਾ 'ਚ ਵਿਦਿਆਰਥੀ ਹੈ ਤੇ ਦਿੱਲੀ ਦੀ ਡਿਫੈਂਸ ਕਲੋਨੀ ਦਾ ਵਸਨੀਕ ਹੈ। ਅਸੀਂ ਲੋੜੀਂਦੀ ਕਾਨੂੰਨੀ ਕਾਰਵਾਈ ਕਰ ਰਹੇ ਹਾਂ। ਹਵਾਈ ਅੱਡੇ ਉੱਤੇ ਇਕ ਸੂਤਰ ਨੇ ਕਿਹਾ—ਮੁਲਜ਼ਮ ਅਮਰੀਕੀ ਯੂਨੀਵਰਸਿਟੀ ਦਾ ਵਿਦਿਆਰਥੀ ਹੈ। ਉਹ ਨਸ਼ੇ ਦੀ ਹਾਲਤ 'ਚ ਸੀ ਤੇ ਉਸ ਨੇ ਸੁੱਤੇ ਪਏ ਨੇ ਪਿਸ਼ਾਬ ਕਰ ਦਿੱਤਾ। ਪਿਸ਼ਾਬ ਕਿਸੇ ਤਰੀਕੇ ਨਾਲ ਬੈਠੇ ਮੁਸਾਫਰ 'ਤੇ ਜਾ ਡਿੱਗਾ ਤੇ ਉਸ ਨੇ ਅੱਗੇ ਅਮਲੇ ਨੂੰ ਸ਼ਿਕਾਇਤ ਕੀਤੀ। ਦਿੱਲੀ ਉੱਤਰਦੇ ਹੀ ਮੁਲਜ਼ਮ ਨੂੰ ਹਿਰਾਸਤ 'ਚ ਲੈ ਲਿਆ ਗਿਆ।

ਪਿਛਲੇ ਕੁਝ ਮਹੀਨਿਆਂ 'ਚ ਉਡਾਣ ਦੌਰਾਨ ਸਾਥੀ ਮੁਸਾਫਰ 'ਤੇ ਪਿਸ਼ਾਬ ਕੀਤੇ ਜਾਣ ਦਾ ਇਹ ਦੂਜਾ ਮਾਮਲਾ ਹੈ। ਪਿਛਲੇ ਸਾਲ 26 ਨਵੰਬਰ ਨੂੰ ਨਿਊ ਯਾਰਕ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਉਡਾਣ ਦੌਰਾਨ ਸ਼ੰਕਰ ਮਿਸ਼ਰਾ ਨਾਂਅ ਦੇ ਸ਼ਖਸ ਨੇ ਸ਼ਰਾਬੀ ਹਾਲਤ 'ਚ ਸਾਥੀ ਬਜ਼ੁਰਗ ਮਹਿਲਾ ਮੁਸਾਫਰ 'ਤੇ ਕਥਿਤ ਪਿਸ਼ਾਬ ਕੀਤਾ ਸੀ। ਮਿਸ਼ਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਹ ਮਹੀਨਾ ਜੇਲ੍ਹ 'ਚ ਰਹਿਣ ਮਗਰੋਂ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਉਧਰ ਹਵਾਬਾਜ਼ੀ ਰੈਗੂਲੇਟਰ ਡੀ ਜੀ ਸੀ ਏ ਨੇ ਇਹ ਮਾਮਲਾ ਸਮੇਂ ਸਿਰ ਰਿਪੋਰਟ ਨਾ ਕਰਨ ਬਦਲੇ ਏਅਰ ਇੰਡੀਆ ਨੂੰ 30 ਲੱਖ ਰੁਪਏ ਦਾ ਜੁਰਮਾਨਾ ਲਾਇਆ ਸੀ। ਦਿੱਲੀ ਪੁਲਸ ਭਾਵੇਂ ਮਾਮਲੇ ਦੀ ਜਾਂਚ ਕਰ ਰਹੀ ਹੈ, ਪਰ ਮਿਸ਼ਰਾ ਉੱਤੇ ਚਾਰ ਮਹੀਨਿਆਂ ਲਈ ਹਵਾਈ ਸਫਰ ਕਰਨ ਦੀ ਪਾਬੰਦੀ ਆਇਦ ਹੈ।

### ਕੇਂਦਰੀ ਏਜੰਸੀਆਂ...

ਹੱਥਠੋਕੇ ਵਜੋਂ ਕੰਮ ਕਰ ਰਹੀਆਂ ਹਨ। ਇਨ੍ਹਾਂ ਆਗੂਆਂ ਨੇ ਸਾਂਝੇ ਪੱਤਰ 'ਚ ਤਾਮਿਲਨਾਡੂ, ਮਹਾਰਾਸ਼ਟਰ, ਪੱਛਮੀ ਬੰਗਾਲ ਤੇ ਤਿਲੰਗਾਨਾ ਦੇ ਰਾਜਪਾਲਾਂ ਅਤੇ ਦਿੱਲੀ ਦੇ ਉਪ ਰਾਜਪਾਲ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕਰਦਿਆਂ ਅਕਸਰ ਸਰਕਾਰ ਦੇ ਕੰਮ 'ਚ ਬੇਲੋੜਾ ਦਖਲ ਦਿੰਦੇ ਹਨ।

## ਪੰਜਾਬ ਸੈਰ-ਸਪਾਟਾ ਵਿਭਾਗ ਨੇ ਕਰਵਾਈ ਪਹਿਲੀ ਰੋਮਾਂਚ ਭਰਪੂਰ 'ਸਜੋਬਾ ਰੈਲੀ'

**ਹੁਸ਼ਿਆਰਪੁਰ, (ਓ ਪੀ ਰਾਣਾ )**- ਸੂਬੇ ਵਿੱਚ ਰੋਮਾਂਚ ਨਾਲ ਭਰਪੂਰ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸੈਰ-ਸਪਾਟਾ ਵਿਭਾਗ ਵੱਲੋਂ ਕਰਵਾਈ ਗਈ ਆਪਣੀ ਕਿਸਮ ਦੀ ਪਹਿਲੀ 'ਸਜੋਬਾ ਰੈਲੀ 2023' (ਸੇਂਟ ਜੌਹਨ ਓਲਡ ਸਕੂਲ ਬੁਆਏਜ਼ ਐਸੋਸੀਏਸ਼ਨ ਰੈਲੀ 2023) ਬੀਤੀ ਰਾਤ ਸ਼ਹੀਦ ਭਗਤ ਸਿੰਘ ਨਗਰ ਤੋਂ ਹੁਸ਼ਿਆਰਪੁਰ ਦੀ ਸਬ-ਡਵੀਜ਼ਨ ਗੜ੍ਹਸ਼ੰਕਰ ਦੇ ਗੱਜ ਰੀਟ੍ਰੀਟ ਪਹੁੰਚੀ, ਜਿਥੇ ਦੋ ਦਿਨ ਕਾਰ ਚਾਲਕਾਂ ਅਤੇ ਬਾਈਕਰਸ ਦੀ ਸਾਹਸੀ ਰੇਸ ਹੋਈ। ਇਸ ਰੈਲੀ ਵਿਚ 23 ਚਾਰ ਪਹੀਆ ਅਤੇ 54 ਦੋਪਹੀਆ ਵਾਹਨ ਚਾਲਕਾਂ ਨੇ ਸ਼ਮੂਲੀਅਤ ਕੀਤੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਗੱਜ ਰੀਟ੍ਰੀਟ ਤੋਂ ਸ਼ੁਰੂ ਹੋ ਕੇ ਇਹ ਰੈਲੀ ਸ਼ਾਹਪੁਰ, ਜੰਡਿਆਲਾ, ਕੁਠਾਰ, ਜੇਜੋਂ, ਢੋਲਬਾਹਾ, ਥਾਨਾ, ਕੂਕਾਨੇਟ ਹੁੰਦੇ ਹੋਏ ਵਾਪਸ ਗੱਜ ਰੀਟ੍ਰੀਟ ਆ ਕੇ ਸਮਾਪਤ ਹੋਈ। ਇਸ ਸਮੁੱਚੀ ਰੈਲੀ ਦੇ ਜੇਤੂਆਂ ਨੂੰ 6 ਲੱਖ ਰੁਪਏ ਦੇ ਇਨਾਮ ਦਿੱਤੇ ਜਾਣਗੇ। ਪੰਜਾਬ ਸੈਰ-ਸਪਾਟਾ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਇਹ ਸਾਹਸਿਕ ਰੈਲੀ ਇੱਕ ਹਫ਼ਤਾ ਪਹਿਲਾਂ ਪੰਜਾਬ ਪ੍ਰਗਤੀਸ਼ੀਲ ਨਿਵੇਸ਼ ਸੰਮੇਲਨ-2023 ਵਿੱਚ ਪੇਸ਼ ਕੀਤੀ ਗਈ 'ਪੰਜਾਬ ਐਡਵੈਂਚਰ ਟੂਰਿਜ਼ਮ ਪਾਲਿਸੀ 2023' ਦੇ ਅਗਲੇ ਕਦਮ ਵਜੋਂ ਕਰਵਾਈ ਗਈ ਹੈ। ਉਨ੍ਹਾ ਕਿਹਾ ਕਿ ਭਾਵੇਂ ਸੇਂਟ ਜੌਹਨ ਓਲਡ ਸਕੂਲ ਬੁਆਏਜ਼ ਐਸੋਸੀਏਸ਼ਨ ਆਪਣੀ 36ਵੀਂ ਰੈਲੀ ਕੱਢ ਰਹੀ ਹੈ, ਪਰੰਤੂ ਇਸ ਵਾਰ ਸੂਬਾ ਸਰਕਾਰ ਨੇ ਵੀ ਇਸ ਰੈਲੀ ਨੂੰ ਸਹਿ-ਪ੍ਰਯੋਜਿਤ ਕਰ ਕੇ ਆਪਣੀ ਸ਼ਮੂਲੀਅਤ ਕੀਤੀ ਹੈ। ਇਸ ਮੁਕਾਬਲੇ ਦੌਰਾਨ ਭਾਗੀਦਾਰਾਂ ਦੇ ਚਾਰ ਪਹੀਆ ਅਤੇ ਦੋਪਹੀਆ ਵਾਹਨਾਂ ਨੇ ਰੋਮਾਂਚ ਭਰਪੂਰ ਦੌੜ ਪੇਸ਼ ਕੀਤੀ। ਇਸ ਮੌਕੇ 'ਤੇ ਮੌਜੂਦ ਸੇਂਟ ਜੌਹਨ ਓਲਡ ਸਕੂਲ ਬੁਆਏਜ਼ ਐਸੋਸੀਏਸ਼ਨ ਦੇ ਪ੍ਰਧਾਨ ਨਿਪੁੰਨ ਮੈਹਨ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਸੇਂਟ ਜੌਹਨ ਹਾਈ ਸਕੂਲ ਚੰਡੀਗੜ੍ਹ ਦੇ ਪੁਰਾਣੇ ਵਿਦਿਆਰਥੀਆਂ ਦਾ ਸਮੂਹ ਹੈ, ਜਿਸ ਵਿਚ 4500 ਤੋਂ ਵੱਧ ਰਜਿਸਟਰਡ ਮੈਂਬਰ ਵਿਸ਼ਵ ਭਰ ਵਿਚ ਫੈਲੇ ਹੋਏ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਦੀ ਸੰਸਥਾ ਇਸ ਸਾਲ ਆਪਣੀ ਸਥਾਪਨਾ ਦੀ 42ਵੀਂ ਵਰ੍ਹੇਗੰਢ ਮਨਾ ਰਹੀ ਹੈ, ਜਿਸ ਦੀ ਸ਼ੁਰੂਆਤ 19 ਜੁਲਾਈ 1980 ਨੂੰ ਕੀਤੀ ਗਈ ਸੀ। ਇਸ ਮੌਕੇ ਪ੍ਰਸ਼ਾਸਨ ਅਤੇ ਪੁਲਸ ਵੱਲੋਂ ਮੁਕਾਬਲੇ ਦੇ ਵੱਖ-ਵੱਖ ਪੜਾਵਾਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਸਨ।



## ਸਨਮ ਕਾਹਲੋਂ ਵੱਲੋਂ ਹਲਕਾ ਅਜਨਾਲਾ 'ਚ ਕੈਂਸਰ ਚੈੱਕਅੱਪ ਕੈਂਪ ਲੜੀ ਦਾ ਆਗਾਜ਼

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅੰਮ੍ਰਿਤਸਰ ਦੇ ਹਲਕਾ ਅਜਨਾਲਾ ਦੇ ਜੰਮਪਲ ਐੱਨਆਰਆਈ ਨੌਜਵਾਨ ਸਨਮ ਕਾਹਲੋਂ ਵੱਲੋਂ ਸਰਹੱਦੀ ਖੇਤਰ ਅਜਨਾਲਾ ਦੇ ਲੋਕਾਂ ਲਈ ਵਰਲਡ ਕੈਂਸਰ ਕੇਅਰ ਦੀ ਮਦਦ ਨਾਲ ਸਰਹੱਦੀ ਤਹਿਸੀਲ ਅਜਨਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਫ੍ਰੀ ਕੈਂਸਰ ਚੈੱਕਅੱਪ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਰਲਡ ਕੈਂਸਰ ਕੇਅਰ ਦੇ ਸੰਸਥਾਪਕ ਕੁਲਵੰਤ ਸਿੰਘ ਧਾਲੀਵਾਲ ਅਤੇ ਐੱਨਆਰਆਈ ਸਨਮ ਕਾਹਲੋਂ ਵਲੋਂ ਰੀਬਨ ਕੱਟ ਕੇ ਕੀਤਾ। ਇਸ ਮੌਕੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਵਲੋਂ ਮੁਫ਼ਤ ਚੈਕਅੱਪ ਕਰਕੇ ਉਨ੍ਹਾਂ ਦੇ ਮੁਫ਼ਤ ਟੈਸਟ ਕਰਕੇ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ। ਇਸ ਮੌਕੇ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕਰਕੇ ਸਹੀ ਸਲਾਹ ਦਿੱਤੀ ਗਈ।




ਇਸ ਮੌਕੇ ਕੈਬਿਨੇਟ ਮੰਤਰੀ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਅਜਨਾਲਾ ਸਰਹੱਦੀ ਇਲਾਕਾ ਹੋਣ ਦੇ ਨਾਲ-ਨਾਲ ਇਕ ਪੱਛੜਿਆ ਹੋਇਆ ਇਲਾਕਾ ਹੈ। ਉਨ੍ਹਾਂ ਕਿਹਾ ਕਿ ਇੱਥੋਂ ਦੇ ਲੋਕ ਜੋ ਹਨ ਉਨ੍ਹਾਂ ਨੂੰ ਬਹੁਤ ਸਾਰੀਆਂ ਬੀਮਾਰੀਆਂ ਨੇ ਘੇਰਿਆ ਹੋਇਆ ਹੈ ਅਤੇ ਅੱਜ ਦੇ ਯੁਗ ਵਿੱਚ ਸਭ ਤੋਂ ਖਤਰਨਾਕ ਬੀਮਾਰੀ ਹੈ ਕੈਂਸਰ। ਉਨ੍ਹਾਂ ਕਿਹਾ ਕਿ ਮੈਂ ਕੁਝ ਲੋਕਾਂ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਜੋ ਮਨੁੱਖਤਾ ਦੀ ਸੇਵਾ ਵਿੱਚ ਆਪਣੀ ਜ਼ਿੰਦਗੀ ਗੁਜ਼ਾਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇੰਗਲੈਂਡ ਤੋਂ ਵਰਲਡ ਕੇਅਰ ਕੈਂਸਰ ਸੈਂਟਰ ਕੈਂਪ ਵਾਲਿਆਂ ਵੱਲੋਂ ਜੋ ਅਜਨਾਲੇ ਵਰਗੇ ਸਰਹੱਦੀ ਇਲਾਕੇ ਨੂੰ ਚੁਣਿਆ ਤੇ ਅੱਠ ਦਿਨ ਦੇ ਕਰੀਬ ਇਹ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਇਹ ਕੈਂਪ 5 ਮਾਰਚ ਤੋਂ ਲੈ ਕੇ 12 ਮਾਰਚ ਤਕ ਅਜਨਾਲਾ ਦੇ ਵੱਖ-ਵੱਖ ਪਿੰਡਾਂ ਵਿੱਚ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹਨਾਂ ਵੱਲੋਂ ਹਰ ਸਾਲ ਇਹ ਕੈਂਪ ਲਗਾਇਆ ਜਾਂਦਾ ਹੈ ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਅੱਜ ਮੈਂ ਅਜਨਾਲੇ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੇ ਟੈਸਟ ਜਰੂਰ ਕਰਵਾਉਣਾ ਤਾਂ ਕੀ ਸਾਨੂੰ ਉਸ ਬਿਮਾਰੀ ਦਾ ਪਤਾ ਚੱਲ ਸਕੇ ਕਿਉਂਕਿ ਬਿਮਾਰੀਆਂ ਤੇ ਬਹੁਤ ਪੈਸੇ ਲੱਗਦੇ ਹਨ ਜਿਸਦੇ ਚਲਦਿਆਂ ਇਸ ਟੀਮ ਵੱਲੋਂ ਤੇ ਫਰੀ ਕੈਂਪ ਲਗਾਇਆ ਗਿਆ ਜਿਸ ਵਿੱਚ ਦਵਾਈਆਂ ਵੀ ਫ੍ਰੀ ਦਿੱਤੀਆਂ ਜਾ ਰਹੀਆਂ ਹਨ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਵਿੱਚ ਵੀ ਵੱਖ-ਵੱਖ ਜਗ੍ਹਾ ਤੇ ਇਹ ਕੈਂਪ ਲਗਾਏ ਜਾਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

6-March-PAGE-3.qxd 3/5/2023 9:21 PM Page 1



# ਮਸਲੇ ਹੱਲ ਨਾ ਹੋਏ ਤਾਂ 2 ਅਪ੍ਰੈਲ ਨੂੰ ਕਰਾਂਗੇ ਅਣਮਿਥੇ ਸਮੇਂ ਲਈ ਰੇਲਾਂ ਦਾ ਚੱਕਾ ਜਾਮ : ਚੁਤਾਲਾ

**ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਗੁਰਦਾਸਪੁਰ ਕੋਰ ਕਮੇਟੀ ਦੀ ਮੀਟਿੰਗ ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਤੇ ਸੂਬਾ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ ਦੀ ਸਾਂਝੀ ਅਗਵਾਈ ਵਿੱਚ ਪਿੰਡ ਖੁੱਡੀ ਚੀਮਾ ਵਿਖੇ ਹੋਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਤਲਵਾੜਾ ਵਲੋਂ ਮੀਟਿੰਗ ਦੇ ਏਜੰਡੇ ਦੱਸੇ ਗਏ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁੱਖਦੇਵ ਸਿੰਘ ਅੱਲੜ ਪਿੰਡੀ ਤੇ ਜ਼ੋਨ ਪ੍ਰੈੱਸ ਸਕੱਤਰ ਹਰਚਰਨ ਸਿੰਘ ਧਾਰੀਵਾਲ ਕਲਾਂ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਵੱਖ ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕਰਦਿਆਂ ਆਗੂਆਂ ਨੇ ਕਿਹਾ ਗੁਰਦਾਸਪੁਰ ਵਿਖੇ ਰੇਲਵੇ ਸਟੇਸ਼ਨ ਤੇ ਧਰਨੇ ਦੌਰਾਨ 23/2/23 ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਦਿੱਤੇ ਭਰੋਸੇ ਤੇ ਧਰਨਾ ਚੁੱਕਿਆ ਗਿਆ ਸੀ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ 30/3/23 ਤੱਕ ਮੰਗਾਂ/ਮਸਲੇ ਹੱਲ ਨਾ ਕੀਤੇ ਗਏ ਤਾਂ ਜਥੇਬੰਧਦੀ ਵਲੋਂ 2/4/23 ਨੂੰ ਦੁਬਾਰਾ ਬਟਾਲਾ ਰੇਲਵੇ ਸਟੇਸ਼ਨ ਤੇ ਰੇਲਾਂ ਦਾ ਅਣਮਿੱਥੇ ਸਮੇਂ ਲਈ ਚੱਕਾ ਜਾਮ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ, ਲਖਵਿੰਦਰ ਸਿੰਘ ਵਰਿਆਮ ਨੰਗਲ ਨੇ ਦੱਸਿਆ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਆਉਣ ਵਾਲੇ ਦਿਨਾਂ ਵਿੱਚ ਚੱਲ ਰਹੇ ਸੰਘਰਸ਼ਾਂ ਦੀ ਰੂਪ ਰੇਖਾ ਬਦਲ ਕੇ ਸੂਬਾ ਪੱਧਰੀ ਸੰਘਰਸ਼ ਬਣਾਉਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਗੰਨਾ ਮਿੱਲ ਮਾਲਕਾਂ ਦੀਆਂ ਧੱਕੇਸ਼ਾਹੀਆਂ ਵਿਰੁੱਧ ਅਣਮਿੱਥੇ ਸਮੇਂ ਦਾ ਰੇਲ ਰੋਕੂ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਸੂਬਾ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਕਮੇਟੀ ਜਥੇਬੰਦੀ ਦੇ ਕਾਰਜਾਂ ਲਈ ਪਹਿਲਾਂ ਤੋਂ ਹੀ ਯਤਨਸ਼ੀਲ ਹੈ। ਉਨ੍ਹਾਂ ਕਿਹਾ ਸਰਕਾਰ ਚਿੱਪ ਵਾਲੇ ਮੀਟਰ ਲਾ ਕੇ ਪੰਜਾਬ ਦੀ ਜਨਤਾ ਤੇ ਬਹੁਤ ਵੱਡਾ ਬੋਝ ਪਾਉਣ ਜਾ ਰਹੀ ਹੈ ਪਰ ਜੱਥੇਬੰਦੀ ਚਿੱਪ ਵਾਲੇ ਮੀਟਰ ਲਗਾਉਣ ਦਾ ਡੱਟ ਕੇ ਵਿਰੋਧ ਕਰਦੀ ਹੈ ਅਤੇ ਚਿੱਪ ਵਾਲੇ ਮੀਟਰ ਨਹੀ ਲੱਗਣ ਦੇਵੇਗੀ। ਇਸ ਮੌਕੇ ਜ਼ਿਲ੍ਹਾ ਸਕੱਤਰ ਹਰਵਿੰਦਰ ਸਿੰਘ ਮਸਾਣੀਆਂ, ਹਰਭਜਨ ਸਿੰਘ ਵੈਰੋਨੰਗਲ, ਪਰਮਿੰਦਰ ਸਿੰਘ ਖੁੱਡੀ ਚੀਮਾ, ਮਾਸਟਰ ਗੁਰਜੀਤ ਸਿੰਘ, ਸੁਖਵਿੰਦਰ ਸਿੰਘ ਅੱਲੜ ਪਿੰਡੀ, ਗੁਰਮੁੱਖ ਸਿੰਘ ਖਾਨਮਲੱਕ, ਪਰਮਿੰਦਰ ਸਿੰਘ ਚੀਮਾਂ, ਸਤਨਾਮ ਸਿੰਘ ਖਾਨਮਲੱਕ, ਕੁਲਜੀਤ ਸਿੰਘ, ਅਮਰੀਕ ਸਿੰਘ ਹਯਾਤ ਨਗਰ, ਕੈਪਟਨ ਸਮਿੰਦਰ ਸਿੰਘ, ਜਸਬੀਰ ਸਿੰਘ ਗੁਰਾਇਆ, ਡਾਕਟਰ ਹਰਦੀਪ ਸਿੰਘ ਮਹਿਤਾ, ਸਕੱਤਰ ਜੋਗਾ ਸਿੰਘ, ਬਲਦੇਵ ਸਿੰਘ ਪੰਡੋਰੀ ਸਤਨਾਮ ਸਿੰਘ, ਸੁਖਜਿੰਦਰ ਸਿੰਘ ਗੋਹਤ, ਰਸਪਾਲ ਸਿੰਘ ਸੂਬੇਦਾਰ, ਬਾਬਾ ਸੁਖਦੇਵ ਸਿੰਘ ਨੱਤ ਆਦਿ ਆਗੂ ਹਾਜਰ ਸੀ।

## ਮਾਮਲਾ ਭੈਣ-ਭਰਾ ਦੀ ਹੋਈ ਕੁੱਟਮਾਰ ਤੇ ਉਂਗਲ ਤੋੜਨ ਦਾ

# ਪੁਲਸ ਦੀ ਖਾਮੋਸ਼ੀ ਖਿਲਾਫ ਵੱਖ-ਵੱਖ ਪਾਰਟੀਆਂ ਵੱਲੋਂ ਧਰਨੇ ਦੀ ਚਿਤਾਵਨੀ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**

26 ਫਰਵਰੀ ਨੂੰ ਇਥੋਂ ਨੇੜਲੇ ਪਿੰਡ ਰੱਤੋਕੇ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਗਰੀਬ ਅਤੇ ਲੋੜਵੰਦਾਂ ਨੂੰ ਮੁਫਤ ਅਤੇ ਰਿਆਇਤੀ ਦਰਾਂ ਤੇ ਵੰਡੀ ਜਾਣ ਵਾਲੀ ਕਣਕ ਨੂੰ ਲੈ ਕੇ ਪਿੰਡ ਦੇ ਗਰੀਬ ਤੇ ਲੋੜਵੰਦ ਪਰਿਵਾਰਾਂ ਨੂੰ ਕਣਕ ਨਾ ਮਿਲਣ ਤੇ ਦੂਸਰਾ ਖੱਜਲ-ਖਰਾਬੀ ਕਰਨ ਤੇ ਆਪ ਆਗੂਆਂ ਦੀ ਧੱਕੇਸ਼ਾਹੀ ਤੇ ਸੀਨਾਜੋਰੀ ਨੂੰ ਰੋਕਣ ਲਈ ਆਮ ਆਦਮੀ ਪਾਰਟੀ ਨਾਲ ਸਬੰਧ ਰੱਖਣ ਵਾਲੇ ਭੈਣ-ਭਰਾ ਵੱਲੋਂ ਇਨਸਾਫ ਦੀ



ਆਵਾਜ਼ ਉਠਾਉਣ 'ਤੇ ਦਿਨ-ਦਿਹਾੜੇ ਸ਼ਰੇਆਮ ਭੈਣ-ਭਰਾ ਦੀ ਕੁੱਟਮਾਰ ਕਰਕੇ ਉਂਗਲ ਤੋੜ ਦਿੱਤੀ ਜਿਸ ਦੀਆਂ ਵੱਖ-ਵੱਖ ਚੈਨਲਾਂ 'ਤੇ ਵੀਡੀਓਜ਼ ਵਾਇਰਲ ਹੋਣ 'ਤੇ ਹਾਲੇ ਤੱਕ ਸਥਾਨਕ ਪੁਲਸ ਵਲੋਂ ਕੋਈ ਕਾਰਵਾਈ ਨਾ ਕਰਨ 'ਤੇ ਪੀੜਤ ਹਰਪ੍ਰੀਤ ਸਿੰਘ ਪੁੱਤਰ ਗੁਰਬਖਸ਼ ਸਿੰਘ ਤੇ ਉਸ ਦੀ ਭੈਣ ਸਵਰਨਜੀਤ ਕੌਰ ਨੇ ਆਪਣੀ ਹੀ ਸਰਕਾਰ ਦੇ ਰਾਜ ਭਾਗ ਵਿੱਚ ਫੇਰ ਦੁਬਾਰਾ ਮੀਡੀਆ ਰਾਹੀਂ ਇਨਸਾਫ ਦੀ ਮੰਗ ਕੀਤੀ। ਇਸ ਮਾਮਲੇ ਸਬੰਧੀ ਕੋਈ ਸੁਣਵਾਈ ਨਾ ਹੋਣ ਕਰਕੇ ਭਾਰਤੀ ਜਨਤਾ ਪਾਰਟੀ ਦੇ ਆਗੂ ਕੁਲਵੰਤ ਸਿੰਘ ਭੈਲ, ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ, ਸ਼੍ਰੋਮਣੀ ਅਕਾਲੀ ਦਲ (ਬ) ਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਤੇ ਕਿਸਾਨ ਸੰਘਰਸ਼ ਕਮੇਟੀ ਆਦਿ ਵੱਖ ਵੱਖ ਸਿਆਸੀ ਅਤੇ ਗੈਰ-ਸਿਆਸੀ ਪਾਰਟੀਆ ਦੇ ਆਗੂਆਂ ਨੇ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਤੇ ਆਲਾ ਪੁਲਸ ਅਫਸਰਾਂ ਨੂੰ ਚਿਤਾਵਨੀ ਦਿੱਤੀ ਜੇਕਰ ਇੱਕ ਹਫਤੇ ਦੇ ਅੰਦਰ-ਅੰਦਰ ਭੈਣ-ਭਰਾ ਦੀ ਕੁੱਟਮਾਰ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਨਾ ਕੀਤੀ ਤਾਂ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵੱਡਾ ਸੰਘਰਸ਼ ਉਲੀਕ ਕੇ ਜਿੱਥੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਇਨਸਾਫ ਦਿਵਾਉਣਗੇ ਉਥੇ ਹਲਕੇ ਦੇ ਹਰ ਗਰੀਬ ਤੇ ਲੋੜਵੰਦ ਨੂੰ ਉਨ੍ਹਾਂ ਦਾ ਬਣਦਾ ਹੱਕ ਦਿਵਾਉਣ ਤੋਂ ਪਿੱਛੇ ਨਹੀ ਹਟਣਗੇ। ਜਦੋਂ ਇਸ ਸਬੰਧੀ ਦੂਜੀ ਧਿਰ ਸਰਤਾਜ ਸਿੰਘ ਤੇ ਗੁਰਸਾਹਿਬ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਿਪੂ ਹੋਲਡਰ ਦੇ ਘਰ ਜਗ੍ਹਾ ਨਾ ਹੋਣ ਕਰਕੇ ਉਨ੍ਹਾਂ ਆਪਣੇ ਘਰ ਸਰਕਾਰੀ ਕਣਕ ਵੰਡਣ ਲਈ ਰੱਖੀ ਸੀ ਜਿੱਥੇ ਲੜਾਈ ਝਗੜਾ ਹੋ ਗਿਆ ਜਿਸਦੀ ਅਸੀਂ ਵੀ ਥਾਣੇ ਦਰਖਾਸਤ ਦਿੱਤੀ ਹੈ। ਜਦੋਂ ਇਸ ਕੇਸ ਸਬੰਧੀ ਪੜਤਾਲ ਕਰ ਰਹੇ ਏਐਸਆਈ ਗੁਰਮੁਖ ਸਿੰਘ ਨਾਲ ਠਾਣੇ ਜਾ ਕੇ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਕੁਝ ਰੁਝੇਵੇਂ ਹੋਣ ਕਰਕੇ ਉਹ ਪੀੜਤ ਪਰਿਵਾਰ ਦੇ ਬਿਆਨ ਨਹੀਂ ਲੈ ਸਕੇ। ਹੁਣ ਜਦੋਂ ਵੀ ਪੀੜਤ ਪਰਿਵਾਰ ਠਾਣੇ ਆ ਕੇ ਬਿਆਨ ਦੇਵੇਗਾ ਉਸ ਬਿਆਨ 'ਤੇ ਪਰਚਾ ਦਰਜ ਕਰਕੇ ਮੁਲਜ਼ਮਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਨਸ਼ੀਲੇ ਪਦਾਰਥ ਸਮੇਤ ਇੱਕ ਵਿਅਕਤੀ ਗ੍ਰਿਫਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਤਾਜ ਸਿੰਘ ਚਾਹਲ ਆਈ ਪੀ ਐਸ ਐਸ ਐਸਪੀ ਹੁਸ਼ਿਆਰਪੁਰ ਵੱਲੋਂ ਨਸ਼ੇ ਦੇ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਸਬ ਡਵੀਜ਼ਨ ਗੜ੍ਹਸ਼ੰਕਰ ਦੀ ਹਦਾਇਤ ਅਨੁਸਾਰ ਇੰਸਪੈਕਟਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਏ ਐਸ ਆਈ ਕੁਲਵਿੰਦਰ ਸਿੰਘ ਪੀ ਪੀ ਬੀਣੇਵਾਲ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਗੱਦੀਵਾਲ ਤੋਂ ਪੈਦਲ ਆ ਰਹੇ ਵਿਅਕਤੀ ਅਵਤਾਰ ਸਿੰਘ ਉਰਫ ਗੋਪੀ ਪੁੱਤਰ ਰਾਮ ਕਿਸ਼ਨ ਵਾਸੀ ਸੇਖੋਵਾਲ ਥਾਣਾ ਗੜ੍ਹਸ਼ੰਕਰ ਨੂੰ ਸ਼ੱਕ ਦੇ ਤੌਰ 'ਤੇ ਰੋਕ ਕੇ ਚੈੱਕ ਕੀਤਾ ਤੇ ਉਸ ਪਾਸੋਂ 110 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ। ਜਿਸ 'ਤੇ ਉਕਤ ਵਿਅਕਤੀ 'ਤੇ ਥਾਣਾ ਗੜ੍ਹਸ਼ੰਕਰ ਵਿਖੇ ਮੁੱਕਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਕਿ ਉਕਤ ਵਿਅਕਤੀ ਇਹ ਨਸ਼ੀਲਾ ਪਦਾਰਥ ਕਿਸ ਪਾਸੋਂ ਖਰੀਦਦਾ ਹੈ ਅਤੇ ਅੱਗੇ ਕਿਹੜੇ ਕਿਹੜੇ ਵਿਅਕਤੀਆਂ ਨੂੰ ਵੇਚਦਾ ਹੈ।

## ਸੇਂਟ ਸੋਲਜਰ ਦੇ ਵਿਦਿਆਰਥੀਆਂ ਪਿੰਗਲਾ ਘਰ ਦੇ ਬੱਚਿਆਂ ਨਾਲ ਖੇਡੀ ਹੋਲੀ

**ਜਲੰਧਰ, (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨ ਵੱਲੋਂ ਹੋਲੀ ਦਾ ਤਿਉਹਾਰ ਪਿੰਗਲਾਘਰ ਦੇ ਸਪੈਸ਼ਲ ਬੱਚਿਆਂ ਅਤੇ ਬਜ਼ੁਰਗਾਂ ਨਾਲ ਉਤਸ਼ਾਹ ਦੇ ਨਾਲ ਮਨਾਇਆ ਗਿਆ। ਇਸ ਮੌਕੇ ਗਰੁੱਪ ਦੀ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ, ਪ੍ਰਿੰਸੀਪਲ ਮਨਗਿੰਦਰ ਸਿੰਘ ਵਿਸ਼ੇਸ਼ ਰੂਪ ਨਾਲ ਮੌਜੂਦ ਹੋਏ।




ਪਿੰਗਲਾਘਰ ਦੇ ਬੱਚਿਆਂ ਅਤੇ ਸੇਂਟ ਸੋਲਜਰ ਇੰਟਰ ਕਾਲਜ ਦੇ ਵਿਦਿਆਰਥੀਆਂ ਨੇ ਗੁਲਾਬ, ਗੇਂਦੇ ਦੇ ਪਿੱਲੇ ਅਤੇ ਲਾਲ ਫੁੱਲਾਂ ਨਾਲ ਇੱਕ-ਦੂਜੇ ਨਾਲ ਹੋਲੀ ਖੇਡਦੇ ਹੋਏ ਸੁਰੱਖਿਅਤ, ਪਾਣੀ ਦੀ ਬਚਤ ਅਤੇ ਵਾਤਾਵਰਣ ਦੀ ਸੁਰੱਖਿਆ ਦਾ ਸੰਦੇਸ਼ ਦਿੱਤਾ। ਗਰੁੱਪ ਦੀ ਵਾਈਸ ਚੇਅਰਪਰਸਨ ਸ੍ਰੀਮਤੀ ਚੋਪੜਾ ਨੇ ਬੱਚਿਆਂ ਨੂੰ ਫਲ ਦਿੰਦੇ ਹੋਏ ਕਿਹਾ ਕਿ ਸਾਨੂੰ ਸਭ ਨੂੰ ਭੇਦਭਾਵ ਤੋਂ ਉਪਰ ਉੱਠ ਕੇ ਸਾਰੇ ਤਿਉਹਾਰ ਮਿਲ ਕੇ ਮਨਾਉਣੇ ਚਾਹੀਦੇ ਹਨ। ਅੰਤ ਵਿੱਚ ਉਨ੍ਹਾਂ ਪਿੰਗਲਾਘਰ ਵਿੱਚ ਰਹਿ ਰਹੇ ਸਾਰੇ ਬੇਸਹਾਰਾ ਬੱਚਿਆਂ ਦੇ ਜੀਵਨ ਵਿੱਚ ਵੀ ਰੰਗ ਭਰੇ ਰਹਿਣ ਦੀ ਕਾਮਨਾ ਕੀਤੀ।

# ਮਨਰੇਗਾ ਕਾਮਿਆਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

**ਕੱਥੂਨੰਗਲ (ਨ ਜ਼ ਸ)**

ਪਿੰਡ ਖੁਸ਼ੀਪੁਰ ਕੋਟਲਾ ਖੁਰਦ ਵਿਖੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਨੇ ਕੁਲਵਿੰਦਰ ਕੌਰ ਕੋਟਲਾ ਖੁਰਦ ਦੀ ਪ੍ਰਧਾਨਗੀ



ਹੇਠ ਮੀਟਿੰਗ ਕੀਤੀ। ਇਸ ਮੀਟਿੰਗ ਨੂੰ ਮਨਰੇਗਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਕੰਮ ਲੈਣ ਵਾਸਤੇ ਇੱਕ ਅਰਜ਼ੀ ਕੰਮ ਦੇਣ ਵਾਲੇ ਅਫਸਰਾਂ ਨੂੰ ਦੇਣੀ ਜ਼ਰੂਰੀ ਹੈ। ਕੰਮ ਦਾ ਰਿਪੋਰਟ ਫਾਰਮ ਪ੍ਰਾਪਤ ਕਰਨਾ ਜ਼ਰੂਰੀ ਹੈ। ਇਸ ਮੌਕੇ ਕਾਮਰੇਡ ਬਲਕਾਰ ਦੁਧਾਲਾ ਜ਼ਿਲ੍ਹਾ ਮਨਰੇਗਾ ਆਰਗੇਨਾਈਜ਼ਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਦੇ ਬਜਟ ਫੰਡ ਵਿੱਚ ਕਟੌਤੀ ਕਰਕੇ ਦੇਸ਼ ਦੇ ਮਜ਼ਦੂਰਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਸਾਥੀ ਨੇ ਕੇਂਦਰ ਸਰਕਾਰ ਕੋਲੋਂ ਮਨਰੇਗਾ ਮਜ਼ਦੂਰਾਂ ਵਾਸਤੇ ਦੋ ਸੌ ਦਿਨ ਕੰਮ ਅਤੇ ਸੱਤ ਸੌ ਰੁਪਏ ਮਜ਼ਦੂਰੀ ਦੀ ਮੰਗ ਕੀਤੀ । ਇਸ ਮੌਕੇ ਬਲਕਾਰ ਦੁਧਾਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੇ ਕੰਮ ਕਰਨ ਤੋਂ ਬਾਅਦ ਪੰਦਰਾਂ ਦਿਨਾਂ ਦੇ ਪਹਿਲਾਂ-ਪਹਿਲਾਂ ਪੈਸੇ ਦਿੱਤੇ ਜਾਣ। ਮਜ਼ਦੂਰਾਂ ਦੇ ਕੰਮ ਕਰਨ ਵਾਲੀ ਜਗ੍ਹਾ ਤੇ ਮੈਡੀਕਲ ਸਹੂਲਤ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾਵੇ। ਇਸ ਮੌਕੇ ਜਗਵੰਤ ਸਿੰਘ ਨੰਗਲ ਪੰਨੂਆਂ, ਜਸਵੰਤ ਸਿੰਘ ਗੋਪਾਲਪੁਰਾ, ਕੰਵਲਜੀਤ ਕੌਰ, ਸਰਬਜੀਤ ਕੌਰ, ਦਵਿੰਦਰ ਕੌਰ, ਰਾਜਵਿੰਦਰ ਕੌਰ ਖੁਸ਼ੀਪੁਰ, ਦਰਸਨ ਕੌਰ, ਹਰਜੀਤ ਕੌਰ, ਵੀਰਾਂ, ਸੁਰਤਾ ਸਿੰਘ ਗੋਪਾਲਪੁਰਾ ਹਾਜ਼ਰ ਸਨ। ਅਖੀਰ ਵਿੱਚ ਮਨਰੇਗਾ ਕਾਮਿਆਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਤੇ ਕੁਲਵਿੰਦਰ ਕੌਰ ਖੁਸ਼ੀਪੁਰ ਨੇ ਸਾਰੇ ਮਜ਼ਦੂਰਾਂ ਦਾ ਧੰਨਵਾਦ ਕੀਤਾ।

# ਖੋਖਰ 'ਚ ਮੁਫਤ ਦਸਤਾਰ ਕੈਂਪ ਲੱਗਾ

**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**

ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਦੀਆਂ ਕਦਰਾਂ ਕੀਮਤਾਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਵਿੱਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਦੇ ਮੰਤਵ



ਨਾਲ ਚੋਲਾ ਸਹਿਬ ਦੇ ਮੇਲੇ ਮੌਕੇ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਖੋਖਰ ਫੌਜੀਆਂ ਵੱਲੋਂ ਪਿੰਡ ਖੋਖਰ ਵਿਖੇ ਸ਼ਾਨ ਏ ਦਸਤਾਰ ਟੀਮ ਬਟਾਲਾ ਦੇ ਸਹਿਯੋਗ ਨਾਲ ਮਿਲ ਕੇ ਮੁਫਤ ਦਸਤਾਰ ਕੈਂਪ ਲਗਾਇਆ ਗਿਆ ਜਿਸ ਵਿੱਚ 500 ਤੋਂ ਵੱਧ ਨੌਜਵਾਨਾਂ ਦੇ ਸਿਰਾਂ 'ਤੇ ਦਸਤਾਰ ਸਜਾਈ ਗਈ। ਕਲੱਬ ਦੇ ਪ੍ਰਧਾਨ ਸਿਮਰਨਦੀਪ ਸਿੰਘ ਨੇ ਦੱਸਿਆ ਕਿ ਕਲੱਬ ਵਲੋਂ ਪਿਛਲੇ ਲੰਮੇ ਸਮੇਂ ਤੋਂ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਸਿੱਖੀ ਸਰੂਪ ਅਤੇ ਖੇਡਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਦੇਸਾਂ ਵਿਦੇਸ਼ਾਂ ਵਿੱਚ ਸਿੱਖ ਧਰਮ ਅਤੇ ਦਸਤਾਰਧਾਰੀ ਸਿੱਖਾਂ ਦੀਆਂ ਚਰਚਾਵਾਂ ਹੁੰਦੀਆਂ ਪਈਆਂ ਹਨ ਜੋ ਕਿ ਮਾਣ ਵਾਲੀ ਗੱਲ ਹੈ। ਦਸਤਾਰ ਸਿਖਲਾਈ ਕੈਂਪ ਵਿੱਚ ਨੌਜਵਾਨਾ ਨੂੰ ਮੁਫਤ ਕੇਸਰੀ ਰੰਗ ਦੀਆਂ ਪੱਗਾਂ ਦਿੱਤੀਆਂ ਗਈਆਂ। ਇਸ ਮੌਕੇ ਕਲੱਬ ਦੇ ਪ੍ਰਧਾਨ ਸਿਮਰਨਦੀਪ ਸਿੰਘ, ਸ਼ਾਨ ਏ ਦਸਤਾਰ ਟੀਮ ਦੇ ਆਗੂ ਪ੍ਰੀਤਪਾਲ ਸਿੰਘ, ਸੀਨੀਅਰ ਦਸਤਾਰ ਕੋਚ ਹਰਪ੍ਰੀਤ ਸਿੰਘ, ਸ਼ੇਰ ਏ ਪੰਜਾਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਦੇ ਮੈਂਬਰ ਗੁਰਪ੍ਰੀਤ ਸਿੰਘ ਹੁੰਦਲ, ਪਲਵਿੰਦਰ ਸਿੰਘ ਪੰਨੂ, ਪਰਜੀਤ ਸਿੰਘ, ਹਰਸਰਨਜੀਤ ਸਿੰਘ ਗੋਨੀ, ਪਲਵਿੰਦਰ ਸਿੰਘ ਅਠਵਾਲ, ਰਣਬੀਰ ਸਿੰਘ ਫੌਜੀ, ਰਾਜਵਿੰਦਰ ਸਿੰਘ, ਗੁਰਦਿਆਲ ਸਿੰਘ ਪੰਨੂ ਅਤੇ ਪਿੰਡ ਦੇ ਨੌਜਵਾਨ ਤੇ ਬੱਚੇ ਹਾਜ਼ਰ ਸਨ।

# ਸ਼ੈਰੀ ਕਲਸੀ ਦੀ ਰਹਿਨੁਮਾਈ ਹੇਠ ਕੋਈ ਵੀ ਪਿੰਡ ਵਿਕਾਸ ਤੋਂ ਵਾਂਝਾ ਨਹੀਂ ਰਹੇਗਾ : ਸਤਨਾਮ ਸਿੰਘ



**ਨੌਸ਼ਹਿਰਾ ਮੱਝਾ ਸਿੰਘ, (ਮਲਕੀਤ ਸਿੰਘ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਕੀਤੇ ਜਾ ਰਹੇ ਲੋਕ ਹਿੱਤ ਕਾਰਜ ਇਤਿਹਾਸਕ ਅਤੇ ਸ਼ਲਾਘਾਯੋਗ ਹਨ ਅਤੇ ਵਿਧਾਨ ਸਭਾ ਹਲਕਾ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਰਹਿਨੁਮਾਈ ਹੇਠ ਕੋਈ ਪਿੰਡ ਵਿਕਾਸ ਤੋਂ ਅਧੂਰਾ ਨਹੀ ਰਹੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪਿੰਡ ਖਾਣ ਪਿਆਰਾ ਪੱਤੀ ਹਵੇਲੀਆਂ ਦੇ ਸਰਪੰਚ ਸਤਨਾਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਚੋਣ ਵਾਅਦੇ ਮੁਤਾਬਕ ਇਕ ਸਾਲ ਤੋਂ ਪਹਿਲਾਂ ਸਰਕਾਰੀ ਨੌਕਰੀਆਂ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਬਿਜਲੀ ਖਪਤਕਾਰਾਂ ਦੇ 300 ਯੂਨਿਟ ਪ੍ਰਤੀ ਮਹੀਨਾ ਮੁਆਫ ਕਰ ਕੇ ਅਤੇ ਭ੍ਰਿਸ਼ਟ ਲੋਕਾਂ ਤੇ ਸਖਤ ਐਕਸ਼ਨ ਲੈ ਕੇ ਪੰਜਾਬ ਸਰਕਾਰ ਨੇ ਹਰੇਕ ਵਰਗ ਨੂੰ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਉਦੇਸ਼ ਭ੍ਰਿਸ਼ਟਾਚਾਰ ਤੇ ਨਸ਼ਾ ਮੁਕਤ ਕਰਨਾ ਹੈ। ਇਸ ਸੰਬੰਧੀ ਸਰਕਾਰ ਪੂਰੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ! ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਸ਼ੈਰੀ ਕਲਸੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਪਿੰਡਾਂ ਦੇ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਦੇ ਜੰਗੀ ਪੱਧਰ 'ਤੇ ਚੱਲ ਰਹੇ ਹਨ ਅਤੇ ਲਗਾਤਾਰ ਲੋਕਾਂ ਨਾਲ ਮਿਲ ਕੇ ਲੋਕ ਮਸਲੇ ਹੱਲ ਕੀਤੇ ਜਾ ਰਹੇ ਹਨ।

## ਵਿਦਿਆਰਥੀਆਂ ਨੇ ਦਿੱਤਾ 'ਸੇਵ ਵਾਈਲਡ ਲਾਈਫ' ਦਾ ਸੰਦੇਸ਼




**ਜਲੰਧਰ, (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਖਾਂਬਰਾ ਬ੍ਰਾਂਚ ਦੇ ਵਿਦਿਆਰਥੀਆਂ ਵੱਲੋਂ ਸੇਵ ਵਾਈਲਡ ਲਾਈਫ ਦਾ ਸੰਦੇਸ਼ ਦਿੰਦੇ 'ਵਰਲਡ ਵਾਇਲਡ ਲਾਇਫ ਡੇ' ਮਨਾਇਆ ਗਿਆ, ਜਿਸ ਵਿੱਚ ਪ੍ਰਿੰਸੀਪਲ ਰੁਪਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਵਿਦਿਆਰਥੀ ਫੁੱਲ, ਰੁੱਖ ਅਤੇ ਜੰਗਲੀ ਜੀਵ ਬਣ ਕੇ ਸੰਸਥਾ ਵਿੱਚ ਆਏ। ਇਸ ਮੌਕੇ ਵਿਦਿਆਰਥੀਆਂ ਨੇ ਮਾਨਵੀ ਜੀਵਨ ਲਈ ਜੰਗਲੀ ਜੀਵਨ ਦੇ ਮਹੱਤਵ ਉੱਤੇ ਅਧਾਰਤ ਲਘੂ-ਨਾਟਕ ਪੇਸ਼ ਕਰਦੇ ਹੋਏ ਜੰਗਲੀ ਜੀਵਨ ਨੂੰ ਬਚਾਉਣ ਦਾ ਸੰਦੇਸ਼ ਦਿੱਤਾ। ਵਿਦਿਆਰਥੀਆਂ ਵੱਲੋਂ 'ਡੋਂਟ ਪਲਕ ਫਲਾਵਰ', ਸੇਵ ਟ੍ਰੀ ਅਤੇ ਸੇਵ ਐਨੀਮਲ ਦੇ ਪੋਸਟਰਸ ਬਣਾਉਂਦੇ ਹੋਏ ਕਿਹਾ ਕਿ ਧਰਤੀ ਉੱਤੇ ਹਰ ਚੀਜ਼ ਦਾ ਆਪਣਾ ਇੱਕ ਮਹੱਤਵ ਹੈ, ਇਸ ਲਈ ਸਾਨੂੰ ਇਨ੍ਹਾਂ ਚੀਜ਼ਾਂ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ ਅਤੇ ਇਨ੍ਹਾਂ ਦੀ ਸੁਰੱਖਿਆ ਅਤੇ ਸੰਭਾਲ ਕਰ ਵਾਤਾਵਰਣ ਨੂੰ ਸਾਫ-ਸੁੰਦਰ ਬਣਾਉਣਾ ਚਾਹੀਦਾ ਹੈ।

# ਕਾਦਰ ਦੀ ਰਚੀ ਕੁਦਰਤ ਨਾਲ ਪਿਆਰ ਕਰੋ : ਜੌਹਲ ਬ੍ਰਦਰਜ਼

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਆਪਾਂ ਸਾਰੇ ਹੀ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਾਂ ਜਾਂ ਹੋ ਸਕਦੇ ਹਾਂ, ਜਿਸ ਦਾ ਮੁੱਖ ਕਾਰਨ ਹੈ ਬੇਲੋੜੀ





ਪ੍ਰੇਸ਼ਾਨੀ ਜਾਂ ਸਟਰੈਸ ਤੇ ਸਾਰੀਆਂ ਇਨ੍ਹਾਂ ਅਲਾਮਤਾਂ ਤੋਂ ਬਚਣ ਲਈ ਸਾਨੂੰ ਕੁਦਰਤ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਕੁਦਰਤ ਦੀ ਕਿਸੇ ਵੀ ਬਣਤਰ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਵਡਾਲਾ ਜੌਹਲ ਦੇ ਵਸਨੀਕ ਜੌਹਲ ਬ੍ਰਦਰਜ਼ ਐੱਸਡੀਐੱਮ ਗੁਰਵਿੰਦਰ ਸਿੰਘ ਜੌਹਲ, ਐੱਸਡੀਐੱਮ ਜਗਦੀਸ਼ ਸਿੰਘ ਜੌਹਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ ਕਿਉਂਕਿ ਰੁੱਖ ਤੇ ਪੁੱਤ ਪਾਲਣਾ ਇੱਕ ਬਰਾਬਰ ਹੈ। ਇਸ ਮੌਕੇ ਰਾਜਬੀਰ ਸਿੰਘ ਨਾਮਧਾਰੀ, ਪੰਜਾਬ ਸਿੰਘ ਜੌਹਲ, ਜਥੇਦਾਰ ਅਜਮੇਰ ਸਿੰਘ ਨਾਮਧਾਰੀ, ਮਨਜੀਤ ਸਿੰਘ ਮਨੀ, ਮਨਜਿੰਦਰ ਸਿੰਘ ਮੰਨਾ, ਸਰਪੰਚ ਦਿਲਬਾਗ ਸਿੰਘ, ਸਵਿੰਦਰ ਸਿੰਘ ਸੇਠ, ਡਾ. ਦਲੇਰ ਸਿੰਘ ਜੌਹਲ, ਪ੍ਰਧਾਨ ਨਰਿੰਦਰ ਸਿੰਘ ਗਿੱਲ, ਜੇਈ ਰਤਨ ਸਿੰਘ, ਜੇਈ ਸੁਖਰਾਜ ਸਿੰਘ ਚਾਹਲ, ਜੰਗਬੀਰ ਸਿੰਘ ਰਾਏਪੁਰ ਕਲਾਂ, ਇੰਜੀ. ਬਲਜੀਤ ਸਿੰਘ ਜੰਮੂ, ਡਾ. ਅਰਸ਼ਬੀਰ ਸਿੰਘ ਜੋਸਨ, ਰਵੀ ਫਤਿਹਪੁਰ ਰਾਜਪੂਤਾਂ, ਮੈਨੇਜਰ ਸਪਨ ਛਾਬੜਾ, ਵਰਿੰਦਰਜੀਤ ਸਿੰਘ ਢੋਟ, ਅਮਰਬੀਰ ਸਿੰਘ ਸੇਰਾ, ਡਾਕਟਰ ਬਲਜੀਤ ਸਿੰਘ ਸੰਧੂ, ਇੰਜੀ. ਕਰਨਬੀਰ ਸਿੰਘ ਥਿੰਦ, ਸੁਖਜੀਤ ਸਿੰਘ ਥਿੰਦ, ਦਲਜੀਤ ਸਿੰਘ ਡਾਕੀਆ ਤੇ ਇਲਾਕੇ ਦੀਆਂ ਕਈ ਹੋਰ ਨਾਮਵਰ ਸ਼ਖਸੀਅਤਾਂ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਾਦਰ ਦੀ ਕੁਦਰਤ ਨਾਲ ਖਿਲਵਾੜ ਕਰਨਾ ਬੰਦ ਕਰਨ ਤਾਂ ਕਿ ਦੂਸ਼ਤ ਹੋਏ ਰਹੇ ਪੌਣ-ਪਾਣੀ ਤੇ ਵਾਤਾਵਰਨ ਨੂੰ ਬਚਾਇਆ ਜਾ ਸਕੇ।

## ਕਮਿਊਨਿਟੀ ਸੈਂਟਰ ਬਾਬੋਵਾਲ ਵਿਖੇ ਮੈਡੀਟੇਸ਼ਨ ਕੈਂਪ 8 ਤੋਂ

**ਗੁਰਦਾਸਪੁਰ (ਜਨਕ ਮਹਾਜਨ)**-ਕੁਦਰਤੀ ਇਲਾਜ ਕੇਂਦਰ (ਐਕਯੂਪਰੈਸ਼ਰ ਸੈਂਟਰ) ਨੇੜੇ ਪਿੰਡ ਮਾਨ ਕੌਰ ਸਿੰਘ ਦੇ ਸੰਚਾਲਕ ਦਿਲਬਾਗ ਸਿੰਘ (ਰਿਟਾ:) ਜੀ. ਐੱਮ. ਅਤੇ ਸੈਣੀ ਸਭਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 8-3-2023 ਤੋਂ 12-3-2023 ਤਕ 5 ਦਿਨਾਂ ਦਾ ਮੈਡੀਟੇਸ਼ਨ (ਸਾਧਨਾ) ਕੈਂਪ ਸਵੇਰੇ 6 ਵਜੇ ਤੋਂ 7 ਵਜੇ ਸ਼ਾਮ ਤਕ ਕਮਿਊਨਿਟੀ ਸੈਂਟਰ ਪਿੰਡ ਬਾਬੋਵਾਲ (ਗੁਰਦਾਸਪੁਰ) ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਅਧਿਆਤਮਕ ਅਤੇ ਸਿਹਤ ਸਬੰਧੀ ਅਭਿਆਸ ਕਰਵਾਇਆ ਜਾਵੇਗਾ, ਜਿਸ ਦੀ ਐਡਵਾਂਸ ਬੁਕਿੰਗ 6-3-2023 ਤਕ 9914019399 ਅਤੇ 75082 50826ਇਨ੍ਹਾਂ ਨੰਬਰਾਂ 'ਤੇ ਕਰਵਾਈ ਜਾ ਸਕਦੀ ਹੈ। ਪ੍ਰਧਾਨ ਬਖ਼ਸ਼ੀਸ਼ ਸਿੰਘ ਅਤੇ ਦਿਲਬਾਗ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕੀ ਇਸ ਸ਼ੁਭ ਅਵਸਰ ਦਾ ਪੂਰਾ-ਪੂਰਾ ਲਾਭ ਉਠਾਨ ਲਈ ਸਮੇਂ ਸਿਰ ਪੁੱਜਣ ਦੀ ਖੇਚਲ ਕੀਤੀ ਜਾਵੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੂੰ ਮੰਗ ਪੱਤਰ

**ਫਿਲੌਰ (ਨਿਰਮਲ)**

ਕੌਮੀ ਇਨਸਾਫ ਮੋਰਚੇ ਦੀਆਂ ਮੰਗਾਂ ਉੱਤੇ ਅਵਾਜ਼ ਉਠਾਉਣ ਸੰਬੰਧੀ ਅੱਜ ਸੰਯੁਕਤ ਕਿਸਾਨ ਮੋਰਚੇ ਵੱਲੋਂ ਹਲਕਾ ਫਿਲੌਰ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਉਪਰੰਤ



ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਕਾਦੀਆਂ ਅਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਕੁਲਦੀਪ ਫਿਲੌਰ ਨੇ ਦੱਸਿਆ ਕਿ ਪੰਜਾਬ ਅਤੇ ਦੇਸ਼ ਦੇ ਸੁਹਿਰਦ ਲੋਕਾਂ ਵੱਲੋਂ ਚੰਡੀਗੜ੍ਹ ਦੀਆਂ ਬਰੂਹਾਂ ਉੱਤੇ ਮੋਰਚਾ ਲਗਾਇਆ ਹੋਇਆ ਹੈ, ਜਿਸ 'ਚ ਉਮਰ ਕੈਦ ਤੋਂ ਵੱਧ ਸਜ਼ਾਵਾਂ ਕੱਟ ਚੁੱਕੇ 9 ਬੰਦੀ ਸਿੱਖਾਂ ਨੂੰ ਰਿਹਾਅ ਕਰਨ ਦੀ ਮੰਗ ਉਠਾਈ ਜਾ ਰਹੀ ਹੈ। ਆਗੂਆਂ ਨੇ ਦੱਸਿਆ ਕਿ ਮੰਗ ਪੱਤਰ ਰਾਹੀਂ ਜ਼ੋਰ ਦਿੱਤਾ ਗਿਆ ਕਿ ਵਿਧਾਇਕ ਅਤੇ ਹੋਰ ਚੁਣੇ ਹੋਏ ਨੁਮਾਇੰਦੇ ਵਿਧਾਨ ਸਭਾ ਤੇ ਲੋਕ ਸਭਾ 'ਚ ਅਵਾਜ਼ ਬੁਲੰਦ ਕਰਨ ਅਤੇ ਲੋੜੀਂਦੇ ਕਾਨੂੰਨ ਪਾਸ ਕਰਵਾਉਣ ਤਾਂ ਜੋ ਰਿਹਾਈ ਦਾ ਰਾਹ ਪੱਧਰਾ ਹੋ ਸਕੇ। ਆਗੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਅਤੇ ਹੋ ਰਹੀਆਂ ਬੇਅਦਬੀਆਂ ਕਰਨ ਵਾਲੇ ਦੋਸ਼ੀਆਂ ਖਿਲਾਫ, 2016 ਤੋਂ ਵਿਧਾਨ ਸਭਾ ਵਿਚ ਲਟਕ ਰਹੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਉਤੇ ਪ੍ਰਸਤਾਵਿਤ ਸਖਤ ਕਾਨੂੰਨ ਬਣਾ ਕੇ ਕਸੂਰਵਾਰਾਂ 'ਤੇ ਲਾਗੂ ਕਰਵਾਉਣ ਦੀ ਮੰਗ ਵੀ ਕੀਤੀ। ਸਾਲ 2015 'ਚ ਵਾਪਰੇ ਕੋਟਕਪੂਰਾ-ਬਹਿਬਲ ਕਲਾਂ ਗੋਲੀ ਕਾਂਡ ਦੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਆਗੂਆਂ ਨੇ ਇਸ ਮੌਕੇ ਖੱਬੇ-ਪੱਖੀ ਅਤੇ ਹੋਰ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਵੀ ਕੀਤੀ। ਉਕਤ ਆਗੂਆਂ ਨੇ ਇਨ੍ਹਾਂ ਸਾਰੇ ਸੰਵੇਦਨਸ਼ੀਲ ਮੁੱਦਿਆਂ ਦੀ ਨਿਗਰਾਨੀ ਲਈ ਹਾਈ ਪੱਧਰੀ ਕਮੇਟੀ ਦੇ ਗਠਨ ਦੀ ਮੰਗ ਕੀਤੀ, ਜਿਸ 'ਚ ਵਿਧਾਨਕ, ਸਰਕਾਰੀ ਅਤੇ ਜਨਤਕ ਨੁਮਾਇੰਦੇ ਸ਼ਾਮਲ ਹੋਣ। ਇਸ ਮੌਕੇ ਮੱਖਣ ਸਿੰਘ ਲੇਹਲ, ਸਤਨਾਮ ਸਿੰਘ ਰੁੜਕੀ, ਕੁਲਜੀਤ ਸਿੰਘ ਫਿਲੌਰ, ਬਲਰਾਜ ਸਿੰਘ ਫਿਲੌਰ, ਇਕਬਾਲਜੀਤ ਸਿੰਘ ਭੈਣੀ, ਸ਼ਿੰਗਾਰਾ ਸਿੰਘ ਲਸਾੜਾ, ਬੂਟਾ ਸਿੰਘ ਬੱਲੋਵਾਲ, ਮੱਖਣ ਸੰਗਰਾਮੀ, ਬਲਜੀਤ ਸਿੰਘ, ਗਗਨਦੀਪ ਸਿੰਘ ਆਦਿ ਹਾਜ਼ਰ ਸਨ।

## ਖੇਮਕਰਨ 'ਚ ਲੱਗੇ ਜਨ ਸੁਵਿਧਾ ਕੈਂਪ ਦਾ ਕਈ ਲੋਕਾਂ ਨੇ ਉਠਾਇਆ ਭਰਪੂਰ ਲਾਭ : ਡਿਪਟੀ ਕਮਿਸ਼ਨਰ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਜ਼ਿਲ੍ਹਾ ਪ੍ਰਸ਼ਾਸਨ ਤਰਨਤਾਰਨ ਵੱਲੋਂ ਪੰਜਾਬ ਸਰਕਾਰ, ਤੁਹਾਡੇ ਦੁਆਰ ਮੁਹਿੰਮ ਤਹਿਤ ਗੁਰਦੁਆਰਾ ਸ੍ਰੀ ਗੁਰੂਸਰ ਸਾਹਿਬ ਖੇਮਕਰਨ ਵਿਖੇ ਲਗਾਏ ਗਏ ਜਨ ਸੁਵਿਧਾ ਕੈਂਪ ਦੌਰਾਨ ਇਲਾਕੇ ਦੇ ਲੋਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਵੱਡੀ ਗਿਣਤੀ ਵਿੱਚ ਲੋਕ



ਆਪਣੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਲੈ ਕੇ ਪਹੁੰਚੇ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਸੁਣ ਕੇ ਢੁੱਕਵਾਂ ਨਿਪਟਾਰਾ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਰਿਸ਼ੀਪਾਲ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਨਾਲ ਸਬੰਧਿਤ 2500 ਤੋਂ ਵੱਧ ਦਰਖਾਸਤਾਂ ਪ੍ਰਾਪਤ ਹੋਈਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਦਰਖਾਸਤਾਂ ਦੇ ਢੁੱਕਵੇਂ ਤੇ ਸਮਾਂਬੱਧ ਨਿਪਟਾਰੇ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਨੂੰ ਆਦੇਸ਼ ਜਾਰੀ ਕੀਤੇ ਗਏ ਹਨ।

## ਦਿਨ-ਦਿਹਾੜੇ ਘਰੋਂ ਨਕਦੀ ਤੇ ਸੋਨੇ ਦੇ ਗਹਿਣੇ ਚੋਰੀ

**ਗੁਰਦਾਸਪੁਰ, (ਜਨਕ ਮਹਾਜਨ)**-ਇਥੋਂ ਨੇੜਲੇ ਪਿੰਡ ਭੂਨ ਵਿਖੇ ਸਿਖਰ ਦੁਪਹਿਰੇ ਇਕ ਘਰ ਵਿਚ ਚੋਰਾਂ ਵਲੋਂ ਲੱਖਾਂ ਰੁਪਏ ਦੀ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਭੂਨ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਦੁਪਹਿਰ ਵੇਲੇ ਹੋਲੀ ਸੰਬੰਧੀ ਸੰਗ ਵੇਖਣ ਵਾਸਤੇ ਤਿੱਬੜੀ ਰੋਡ 'ਤੇ ਪਿੰਡ ਘਰਾਲਾ ਨੇੜੇ ਗਿਆ ਹੋਇਆ ਸੀ। ਜਦੋਂ ਥੋੜੀ ਦੇਰ ਬਾਅਦ ਪਰਿਵਾਰ ਸਮੇਤ ਘਰ ਵਾਪਸ ਆਇਆ ਤਾਂ ਵੇਖਿਆ ਕਿ ਘਰ ਦੇ ਬਾਹਰਲੇ ਦਰਵਾਜ਼ੇ ਦਾ ਤਾਲਾ ਟੁੱਟਾ ਪਿਆ ਸੀ ਅਤੇ ਕਮਰੇ ਅੰਦਰ ਪਈ ਅਲਮਾਰੀ ਦਾ ਤਾਲਾ ਵੀ ਟੁੱਟਾ ਪਿਆ ਸੀ ਤਾਂ ਉਨ੍ਹਾਂ ਵੇਖਿਆ ਕਿ ਅਲਮਾਰੀ ਵਿਚੋਂ ਇਕ ਕਿਟੀ ਸੈੱਟ, ਸੋਨਾ ਵਜ਼ਨੀ 4 ਤੋਲੇ, ਦੋ ਕਿਟੀ ਸੈੱਟ ਸੋਨਾ 2/2 ਤੋਲੇ, 2 ਚੈਨੀਆਂ, ਕੜਾ, ਇਕ ਸ਼ਾਪ, 15 ਹਜ਼ਾਰ ਰੁਪਏ ਨਕਦ ਗਾਇਬ ਸਨ। ਦੀਨਾਨਗਰ ਪੁਲਸ ਨੇ ਪੀੜਤ ਦੀ ਸ਼ਿਕਾਇਤ 'ਤੇ ਨਾ-ਮਾਲੂਮ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹੈਲਪਿੰਗ ਹੈਂਡ ਸੁਸਾਇਟੀ ਵੱਲੋਂ ਲੋੜਵੰਦ ਮਰੀਜ਼ ਦੀ ਮਦਦੀ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮਾਨਵਤਾ ਦੀ ਸੇਵਾ ਵਿੱਚ ਵਿਲੱਖਣ ਪਹਿਚਾਣ ਬਣਾਉਣ ਵਾਲੀ ਸਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਪੱਟੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮਿਸਾਲੀ ਕਾਰਜ ਕੀਤੇ ਜਾ ਰਹੇ ਹਨ ਜਿਸਨੂੰ ਅੱਗੇ ਤੋਰਦਿਆਂ ਗੁਰਜੱਜ ਸਿੰਘ ਜੋ ਕੱਪੜਿਆਂ ਦੀ ਸਿਲਾਈ ਕਰ ਕੇ ਆਪਣੇ ਪਰਿਵਾਰ ਦਾ ਗੁਜ਼ਰ ਬਸਰ ਕਰ ਰਿਹਾ ਹੈ, ਨੂੰ ਪਿਛਲੇ ਦਿਨੀਂ ਖੋਹਬਾਜ਼ਾਂ ਵੱਲੋਂ ਮੋਬਾਇਲ ਖੋਹਣ ਦੀ ਨੀਅਤ ਨਾਲ ਹਮਲਾ ਕਰ ਕੇ ਉਸ ਦਾ ਗੁੱਟ ਵੱਢ ਦਿੱਤਾ ਗਿਆ ਸੀ। ਉਸ ਦੇ ਇਲਾਜ ਦੀ ਜ਼ਿੰਮੇਵਾਰੀ ਸੁਸਾਇਟੀ ਵੱਲੋਂ ਲਈ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਮੈਂਬਰ ਹਰੀਸ਼ ਧਵਨ ਨੇ ਕਿਹਾ ਕਿ ਗੁਰਜੱਜ ਸਿੰਘ ਜਿਸ ਨੂੰ ਲੁਟੇਰਿਆਂ ਵੱਲੋਂ ਜ਼ਖ਼ਮੀ ਕਰ ਦਿੱਤਾ ਗਿਆ ਸੀ ਉਸ ਦਾ ਇਲਾਜ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ ਵਿਖੇ ਚੱਲ ਰਿਹਾ ਹੈ । ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹੈ ਅਤੇ ਉਹ ਹੀ ਘਰ ਵਿੱਚ ਕਮਾਉਣ ਵਾਲਾ ਹੈ। ਪਰਿਵਾਰ ਦੇ ਆਰਥਿਕ ਹਾਲਾਤ ਨੂੰ ਦੇਖਦਿਆਂ ਸੁਸਾਇਟੀ ਵੱਲੋਂ ਗੁਰਜੱਜ ਸਿੰਘ ਦੇ ਸਾਰੇ ਇਲਾਜ ਦੀ ਜ਼ਿੰਮੇਵਾਰੀ ਸੁਸਾਇਟੀ ਵੱਲੋਂ ਲਈ ਗਈ ਹੈ। ਉਸ ਦਾ ਆਪ੍ਰੇਸ਼ਨ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ ਤੋਂ ਕਰਵਾਇਆ ਗਿਆ ਹੈ। ਸ਼ੁਰੂਆਤੀ ਦੌਰ ਵਿੱਚ 50 ਹਜ਼ਾਰ ਰੁਪਏ ਦੀ ਇਮਦਾਦ ਕੀਤੀ ਗਈ ਹੈ, ਬਾਕੀ ਜਿਸ ਤਰ੍ਹਾਂ ਅਗਾਂਹ ਇਲਾਜ ਚੱਲੇਗਾ ਪਰਿਵਾਰ ਦੀ ਹਰਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਵਾਈਸ ਪ੍ਰਧਾਨ ਸਿੰਕਦਰ ਸੋਈ, ਡਾਕਟਰ ਸਰਬਪ੍ਰੀਤ ਸਿੰਘ ਜਰਨਲ ਸਕੱਤਰ, ਡਾਕਟਰ ਇੰਦਰਪ੍ਰੀਤ ਸਿੰਘ ਧਾਮੀ, ਨਵਰੋਜ, ਵਿਕਰਮਜੀਤ ਸਿੰਘ ਸਰਾਫ, ਸੰਜੀਵ ਸੂਦ, ਰਾਜਦੀਪ ਸਿੰਘ ਸਰਾਫ, ਹਰਜਿੰਦਰ ਸਿੰਘ ਪੱਪੂ ਸਰਾਫ, ਵਿਸਾਲ ਸੂਦ, ਸੋਭਾ ਸਿੰਘ, ਮਾਸਟਰ ਗੇਜਾ ਸਿੰਘ, ਸਤਨਾਮ ਸਿੰਘ ਹਾਜ਼ਰ ਸਨ।

# ਚੋਲਾ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਪੈਦਲ ਸੰਗ ਲਈ ਲਗਾਏ ਲੰਗਰ



**ਕਲਾਨੌਰ, (ਮਨਦੀਪ ਕੋਹਲੀ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਚੋਲਾ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਜਾ ਰਹੀਆਂ ਸੰਗਤਾਂ ਲਈ ਕਲਾਨੌਰ ਵਿੱਚ ਸ਼ਰਧਾਲੂਆਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ ਜਿਸ ਵਿਚ ਖਾਲਸਾ ਪੰਚਾਇਤ ਦੇ ਪ੍ਰਧਾਨ ਭਾਈ ਰਜਿੰਦਰ ਸਿੰਘ ਭੰਗੂ, ਮਨੋਹਰ ਲਾਲ, ਕਰਨੈਲ ਸਿੰਘ, ਕਾਲਾ ਬਡਿਆਲ, ਪਰਮਜੀਤ ਸਿੰਘ, ਕੁਲਦੀਪ ਸਿੰਘ, ਸਰਵਣ ਸਿੰਘ, ਮਹਿੰਦਰ ਸਿੰਘ ਲਾਲੀ, ਸੰਦੀਪ ਸਿੰਘ, ਰਾਜ ਕੁਮਾਰ ਟੇਲਰ, ਸੁੱਖਾ ਟੇਲਰ ਆਦਿ ਵੱਲੋਂ ਮਿਕਸ ਜੂਸ, ਕੋਲਡ ਡ੍ਰਿੰਕ, ਛੋਲੇ ਪੂਰੀਆਂ, ਬਰੈਡ ਦਾ ਲੰਗਰ ਲਗਾਇਆ ਗਿਆ। ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੇ ਡਾਕਟਰ ਐੱਸਪੀ ਸਿੰਘ ਪੰਨੂ ਅਤੇ ਦਿਓਲ ਮਲਟੀ ਸਪੈਸ਼ਲਿਟੀ ਹਸਪਤਾਲ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਰੋਹਿਤ ਭਾਰਦਵਾਜ, ਸਰਬਜੀਤ ਸਿੰਘ, ਸਤਨਾਮ ਸਿੰਘ, ਗੁਰਪਾਲ ਸਿੰਘ, ਗੁਰਪ੍ਰੀਤ ਸਿੰਘ, ਜਗਦੀਪ ਸਿੰਘ, ਨਿਰਵੈਲ ਸਿੰਘ ਆਦਿ ਵੱਲੋਂ ਸੰਗਤਾਂ ਨੂੰ ਮੁਫਤ ਦਵਾਈਆਂ ਵੰਡੀਆਂ ਗਈਆਂ। ਦੁਕਾਨਦਾਰ ਭਰਾਵਾਂ ਵੱਲੋਂ ਵੀ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਫਰੂਟ ਦਾ ਲੰਗਰ, ਦਾਲ ਫੁਲਕਾ, ਆਈਸਕ੍ਰੀਮ, ਲੱਡੂ, ਜਲੇਬੀਆਂ, ਕੜਾਹ, ਦੁੱਧ, ਲੱਸੀ, ਖੀਰ, ਨਿਊਡਲ ਅਤੇ ਚਾਹ ਆਦਿ ਦੇ ਲੰਗਰ ਲਗਾਏ ਗਏ।

# ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਵਿਖੇ ਲੱਗਾ ਕਿਸਾਨ ਮੇਲਾ

**ਮਜੀਠਾ (ਸੋਹਿਮ ਆਨੰਦ)**

ਪੀਏਯੂ ਦੇ ਕਿਸਾਨ ਮੇਲਿਆਂ ਦੀ ਲੜੀ ਦੀ ਸ਼ੁਰੂਆਤ ਵਜੋਂ ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਵਿਚ ਸਾਉਣੀ ਦੀਆਂ ਫਸਲਾਂ ਲਈ ਕਿਸਾਨ ਮੇਲਾ ਲਾਇਆ ਗਿਆ। ਇਸ ਮੇਲੇ ਦੇ ਮੁੱਖ ਮਹਿਮਾਨ ਪੀਏਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਸਨ ਜਦਕਿ ਮੇਲੇ ਦੀ ਪ੍ਰਧਾਨਗੀ ਨਿਰਦੇਸ਼ਕ ਖੋਜ ਡਾ ਅਜਮੇਰ ਸਿੰਘ ਢੱਟ ਨੇ ਕੀਤੀ। ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸਤਿੰਦਰ ਕੌਰ ਲਾਲੀ ਮਜੀਠੀਆ ਸ਼ਾਮਿਲ ਰਹੇ। ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਮੌਕੇ ਆਪਣੇ ਭਾਸ਼ਣ ਵਿਚ ਕਿਹਾ ਕਿ ਇਹ ਮੇਲੇ ਸਿੱਖਣ ਸਿਖਾਉਣ ਦਾ ਅਮਲ ਹਨ, ਨਵੀਆਂ ਤਕਨੀਕਾਂ ਅਪਣਾ ਕੇ ਆਪਣੀ ਖੇਤੀ ਨੂੰ ਅੱਗੇ ਲਿਜਾਣ ਵਾਲੇ ਕਿਸਾਨਾਂ ਕੋਲੋਂ ਦੂਜਿਆਂ ਨੂੰ ਸਿੱਖਣ ਦੀ ਲੋੜ ਹੈ। ਡਾ. ਗੋਸਲ ਨੇ ਕਿਹਾ ਕਿ ਪੰਜਾਬੀਆਂ ਨੂੰ ਪਾਣੀ ਦਾ ਮੁੱਲ ਪਾਉਣ ਦੀ ਲੋੜ ਹੈ। ਇਸ ਲਈ ਝੋਨੇ ਦੀਆਂ ਘੱਟ ਸਮੇਂ ਵਾਲੀਆਂ ਕਿਸਮਾਂ ਵਿਸ਼ੇਸ਼ ਕਰਕੇ ਪੀ ਆਰ 126 ਦੀ ਕਾਸ਼ਤ ਕਰਨੀ ਅੱਜ ਦੀ ਲੋੜ ਹੈ। ਡਾ. ਗੋਸਲ ਨੇ ਖੇਤੀ ਨੂੰ ਹੋਰ ਲਾਹੇਵੰਦ ਬਣਾਉਣ ਲਈ ਸੰਯੁਕਤ ਖੇਤੀ ਪ੍ਰਣਾਲੀ ਨਾਲ ਜੁੜਨ ਦੀ ਅਪੀਲ ਕੀਤੀ। ਪੀਏਯੂ ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਖੇਤੀ ਖੋਜਾਂ ਬਾਰੇ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਖੁੰਬ ਦੀ ਗੁਣਵੱਤਾ ਵਧਾਉਣ ਲਈ ਯੂਨੀਵਰਸਿਟੀ ਦੀਆਂ ਨਵੀਆਂ ਖੋਜ ਤਕਨੀਕਾਂ ਵੀ ਨਿਰਦੇਸ਼ਕ ਖੋਜ ਨੇ ਕਿਸਾਨਾਂ ਨੂੰ ਦੱਸੀਆਂ। ਸਵਾਗਤੀ ਸ਼ਬਦ ਨਿਰਦੇਸ਼ਕ ਪਸਾਰ ਸਿੱਖਿਆ ਡਾ. ਗੁਰਮੀਤ ਸਿੰਘ ਬੁੱਟਰ ਨੇ ਕਹੇ। ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਚ ਚਲ ਰਹੇ ਸਿਖਲਾਈ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਡਾ. ਗੁਰਮੀਤ ਸਿੰਘ ਬੁੱਟਰ ਨੇ ਦਿੱਤੀ।

ਸਮਾਗਮ ਦਾ ਸੰਚਾਲਨ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕੀਤਾ। ਅੰਤ ਵਿੱਚ ਧੰਨਵਾਦ ਦੇ ਸ਼ਬਦ ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਦੇ ਉਪ ਨਿਰਦੇਸ਼ਕ ਡਾ. ਬਿਕਰਮਜੀਤ ਸਿੰਘ ਨੇ ਕਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਪੀ ਏ ਯੂ ਮਾਹਿਰ ਡਾ. ਕੇਐੱਲ ਮਹਿਰਾ ਅਤੇ ਸਾਬਕਾ ਨਿਰਦੇਸ਼ਕ ਪਸਾਰ ਸਿੱਖਿਆ, ਡਾ ਅਸ਼ੋਕ ਕੁਮਾਰ ਤੇ ਡਾ ਭੁਪਿੰਦਰ ਸਿੰਘ ਗਿੱਲ ਵੀ ਮੌਜੂਦ ਸਨ। ਕਿਸਾਨਾਂ ਨੇ ਸਾਉਣੀ ਦੀਆਂ ਫ਼ਸਲਾਂ ਦੇ ਬੀਜ, ਫ਼ਲਦਾਰ ਬੂਟੇ ਅਤੇ ਖੇਤੀ ਸਾਹਿਤ ਖਰੀਦਣ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ।

## ਗੁਰਭੇਜ ਸਿੰਘ ਨੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਸਮੱਗਰੀ ਵੰਡੀ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸਮਾਜਸੇਵੀ ਲੋੜਵੰਦਾਂ ਦੇ ਹਮਦਰਦ ਗਰੀਬਾਂ ਦੇ ਮਸੀਹਾ ਗੁਰਭੇਜ ਸਿੰਘ ਧਾਲੀਵਾਲ ਵੱਲੋਂ ਜ਼ਿਲਾ ਤਰਨਤਾਰਨ ਦੇ ਵੱਖ-ਵੱਖ ਪਿੰਡਾਂ ਵਿੱਚ 13 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ। ਦੱਸਣਯੋਗ ਹੈ ਸਮਾਜਸੇਵੀ ਭਾਈ ਗੁਰਭੇਜ ਸਿੰਘ ਧਾਲੀਵਾਲ ਵੱਲੋਂ ਲਗਾਤਾਰ 2016 ਤੋਂ ਘਰੇਲੂ ਰਾਸ਼ਨ ਦੀਆਂ ਸੇਵਾਵਾਂ ਆਪਣੇ ਹੀ ਪਰਿਵਾਰ ਦੇ ਸਹਿਯੋਗ ਨਾਲ ਹਰ ਵਰਗ ਦੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿਸੇ ਤੋਂ ਵੀ ਕੋਈ ਉਗਰਾਹੀ ਨਹੀਂ ਕੀਤੀ ਜਾਂਦੀ ਨਾ ਹੀ ਕਿਸੇ ਤੋਂ ਮਾਇਆ ਦੀ ਮੰਗ ਕੀਤੀ ਜਾਂਦੀ ਹੈ। ਕਰੋਨਾ ਕਾਲ ਦੌਰਾਨ ਲੱਗੇ ਲਾਕਡਾਊਨ ਵਿੱਚ ਵੀ ਵੱਖ-ਵੱਖ ਪਿੰਡਾਂ ਵਿੱਚ ਜਾ ਕੇ 145 ਪਰਿਵਾਰਾਂ ਨੂੰ ਰਾਸ਼ਨ ਦੀ ਸੇਵਾ ਵਾਤਾਵਰਨ ਦੀ ਸੰਭਾਲ ਲਈ ਰੁੱਖ ਲਗਵਾਉਣਾ, ਗੁਰਮਤਿ ਕਲਾਸਾਂ ਰਾਹੀਂ ਸਿੱਖੀ ਦਾ ਪ੍ਰਚਾਰ ਕਰਨਾ, ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਅਨੰਦ ਕਾਰਜ ਕਰਵਾਉਣੇ, ਮੈਡੀਕਲ ਸਹੂਲਤਾਂ ਅਤੇ ਲੋੜਵੰਦ ਪਰਿਵਾਰਾਂ ਦੀਆਂ ਹਰ ਪ੍ਰਕਾਰ ਨਾਲ ਨਿਸ਼ਕਾਮ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ। ਇਸ ਮੌਕੇ ਗੁਰਪ੍ਰੀਤ ਸਿੰਘ, ਬਚਿੱਤਰ ਸਿੰਘ, ਸਤਨਾਮ ਸਿੰਘ, ਗੁਰਲਾਲ ਸਿੰਘ ਆੜ੍ਹਤੀਆ, ਕੁਲਦੀਪ ਸਿੰਘ ਟੈਂਟ ਵਾਲੇ, ਜਗਪ੍ਰੀਤ ਸਿੰਘ, ਚਰਨਜੀਤ ਸਿੰਘ ਫੌਜੀ, ਬਾਬਾ ਗੁਰਭੇਜ ਸਿੰਘ ਗ੍ਰੰਥੀ, ਪ੍ਰਭਜੀਤ ਸਿੰਘ, ਸਰਬਜੀਤ ਸਿੰਘ, ਪੱਤਰਕਾਰ ਦਲਬੀਰ ਸਿੰਘ ਉਧੋਕੇ, ਸਰਮੈਲ ਸਿੰਘ ਮੈਂਬਰ ਪੰਚਾਇਤ ਮਾੜੀ ਉਧੋਕੇ ਹਾਜ਼ਰ ਸਨ।

## ਜਨਤਾ ਕਾਲਜ ਕਰਤਾਰਪੁਰ 'ਚ ਇੱਕ ਰੋਜ਼ਾ ਵਰਕਸ਼ਾਪ

**ਕਰਤਾਰਪੁਰ (ਹਰਮੇਸ਼ ਦੱਤ)**-ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਵਿਖੇ ਕੋਸਮੇਟੋਲੋਜੀ ਵਿਭਾਗ ਵੱਲੋਂ ਇਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲੈਕਮੀ ਮਾਡਲ ਟਾਊਨ ਜਲੰਧਰ ਅਕੈਡਮੀ ਦੇ ਮੈਨੇਜਰ ਨਿਕਿਤਾ ਭਾਟੀਆ ਅਤੇ ਮੇਕਅੱਪ ਆਰਟਿਸਟ ਅਬੀਰ ਖੇਰਾ ਨੇ ਸ਼ਿਰਕਤ ਕੀਤੀ। ਸੈਮੀਨਾਰ ਦੀ ਸ਼ੁਰੂਆਤ ਮੈਡਮ ਤੇਜਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕਰਕੇ ਕੀਤੀ । ਲੈਕਮੀ ਅਕੈਡਮੀ ਵੱਲੋਂ ਆਏ ਮੇਕਅਪ ਅਰਟਿਸਟ ਅਬੀਰ ਖੇਰਾ ਨੇ ਵਿਦਿਆਰਥੀਆਂ ਨੂੰ ਬਰਾਇਡਲ ਮੇੱਕਅਪ ਬਾਰੇ ਨਵੇਂ ਨੁਕਤੇ ਅਪਣਾਉਣ ਦੀ ਸਲਾਹ ਦਿੱਤੀ । ਅਕੈਡਮੀ ਦੀ ਮੈਨੇਜਰ ਨਿਕਿਤਾ ਭਾਟੀਆ ਨੇ ਬਰਾਇਡਲ ਮੇਕਅਪ ਬਾਰੇ ਆਪਣਾ ਅਨੁਭਵ ਦੱਸ ਕੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕੀਤਾ ਤੇ ਬਰਾਡਿਲ ,ਪਾਰਟੀ ਤੇ ਪਰਮਾਨੈਂਟ ਮੇਕਅਪ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ। ਹਿਸਟਰੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਮੈਡਮ ਸੁਖਵਿੰਦਰ ਕੌਰ ਦੁੱਗਲ ਨੇ ਵਿਭਾਗ ਵੱਲੋਂ ਕੀਤੇ ਅਜਿਹੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਨੂੰ ਅਜੋਕੇ ਸਮਾਜ ਅਨੁਸਾਰ ਹੀ ਚੱਲਣਾ ਪੈਂਦਾ ਹੈ ਤਾਂ ਜੋ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ। ਕਾਲਜ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਨੇ ਆਪਣੇ ਸੰਦੇਸ਼ ਵਿੱਚ ਦੱਸਿਆ ਕਿ ਆਪਣੇ ਦੇਸ਼ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਅਜਿਹੇ ਕੋਰਸਾਂ ਰਾਹੀਂ ਆਸਾਨੀ ਨਾਲ ਰੁਜ਼ਗਾਰ ਦੇ ਮੌਕੇ ਮਿਲ ਰਹੇ ਹਨ। ਜਿਸ ਨਾਲ ਵਿਦੇਸ਼ ਜਾਣ ਚਾਹਵਾਨ ਵਿਦਿਆਰਥੀ ਆਸਾਨੀ ਨਾਲ ਉਥੇ ਵੀ ਸੈਟਲ ਹੋ ਰਹੇ ਹਨ । ਕਾਲਜ ਪ੍ਰਧਾਨ ਚੌਧਰੀ ਸੁਰਿੰਦਰ ਸਿੰਘ ਤੇ ਸਕੱਤਰ ਹਰੀ ਪਾਲ ਨੇ ਵਿਭਾਗ ਵਿਦਿਆਰਥੀਆਂ ਨੂੰ ਆਪਣੇ ਪ੍ਰੋਫੈਸ਼ਨ ਵਿੱਚ ਮੁਹਾਰਤ ਹਾਸਲ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਡਾ. ਅਨੀਤਾ, ਪ੍ਰੋਫੈਸਰ ਰੇਨੂ ਬਾਲਾ, ਮੈਡਮ ਜਤਿੰਦਰ, ਮੈਡਮ ਅਲਕਾ ਵੀ ਹਾਜ਼ਰ ਸਨ।

# ਸਰਕਾਰੀ ਕਾਲਜ 'ਚ ਸਾਲਾਨਾ ਇਨਾਮ ਵੰਡ ਸਮਾਰੋਹ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਪ੍ਰਿੰਸੀਪਲ ਜੋਗੇਸ਼ ਦੀ ਅਗਵਾਈ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਵਿੱਚ ਸੈਸ਼ਨ 2022-2023 ਦੇ ਅਧੀਨ ਅਕਾਦਮਿਕ, ਸੱਭਿਆਚਾਰਕ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਵਿੱਚ ਲਗਭਗ 250 ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਇਸ ਵਿੱਚ ਮੁੱਖ ਮਹਿਮਾਨ ਵੱਜੋਂ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਉਨ੍ਹਾਂ ਦੀ ਧਰਮ ਪਤਨੀ ਵਿਭਾ ਸ਼ਰਮਾ ਹਾਜ਼ਰ ਹੋਏ। ਉਨ੍ਹਾਂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ । ਸਮਾਰੋਹ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਅਤੇ ਕਾਲਜ ਦੇ ਪ੍ਰਿੰਸੀਪਲ ਜੋਗੇਸ਼ ਅਤੇ ਵਾਈਸ ਪ੍ਰਿੰਸੀਪਲ ਡਾ. ਜਸਵੀਰਾ ਮਿਨਹਾਸ ਵੱਲੋਂ ਸ਼ਮ੍ਹਾ ਰੋਸ਼ਨ ਕਰਕੇ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਅਤੇ ਹੋਰ ਹਾਜ਼ਰ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਪੜ੍ਹਨਾ ਅਤੇ ਇਨਾਮ ਪ੍ਰਾਪਤ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਪੰਜਾਬ ਯੂਨੀਵਰਸਿਟੀ ਦੇ ਇਮਤਿਹਾਨ, ਪੰਜਾਬ ਯੂਨੀਵਰਸਿਟੀ ਜ਼ੋਨਲ ਅਤੇ ਇੰਟਰ ਜ਼ੋਨਲ ਯੂਥ ਅਤੇ ਹੈਰੀਟੇਜ ਫੈਸਟੀਵਲ ਦੇ ਜੇਤੂ, ਪੰਜਾਬ ਯੂਨੀਵਰਸਿਟੀ ਅੰਤਰ ਕਾਲਜ ਖੇਡ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਗਏ। ਇਸੇ ਤਰ੍ਹਾਂ ਆਰ ਐਸ ਬਾਵਾ ਸਾਲਾਨਾ ਯਾਦਗਾਰੀ ਐਵਾਰਡ ਤਰਨਦੀਪ ਕੌਰ ਨੂੰ ਬੀ ਏ ਵਿੱਚੋਂ ਅਤੇ ਹਰਪਰਤਾਪ ਕੌਰ ਸਲਾਨਾ ਯਾਦਗਾਰੀ ਅਵਾਰਡ ਐਮ ਏ ਪੰਜਾਬੀ ਦੀ ਵਿਦਿਆਰਥਣ ਮੀਨੂੰ ਨੂੰ ਦਿੱਤਾ ਗਿਆ। ਇਨ੍ਹਾਂ ਦੋਵਾਂ ਨੂੰ 5000 ਰੁਪਏ ਦੀ ਰਾਸ਼ੀ ਦਿੱਤੀ ਗਈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਜਸਵੀਰਾ ਮਿਨਹਾਸ ਨੇ ਅੰਤ ਵਿੱਚ ਸਾਰਿਆਂ ਦਾ ਧੰਨਵਾਦ ਕੀਤਾ। ਪ੍ਰੋ. ਵਿਕਾਸ ਸੂਦ ਰਜਿਸਟਰਾਰ ਘਰੇਲੂ ਪ੍ਰੀਖਿਆਵਾਂ, ਸੱਭਿਆਚਾਰਕ ਗਤੀਵਿਧੀਆਂ ਦੇ ਇੰਚਾਰਜ ਪ੍ਰੋ. ਨਵਦੀਪ ਕੌਰ, ਸਰੀਰਿਕ ਸਿੱਖਿਆ ਵਿਭਾਗ ਦੇ ਪ੍ਰੋ. ਡਾ. ਅਰੁਣਾ ਰਾਣੀ, ਡਾ. ਜਸਵਿੰਦਰ ਕੌਰ, ਪ੍ਰੋ. ਵਿਜੇ ਕੁਮਾਰ ਤੋਂ ਇਲਾਵਾ ਸਮੂਹ ਕਾਲਜ ਸਟਾਫ ਇਸ ਸਮੇਂ ਹਾਜ਼ਰ ਸੀ। ਲੈਫਟੀਨੈਂਟ ਜਨਰਲ ਢਿੱਲੋਂ ਤੋਂ ਇਲਾਵਾ ਰਿਟਾਇਰ ਪ੍ਰਿੰਸੀਪਲ ਦੇਸ਼ਵੀਰ ਸ਼ਰਮਾ, ਪ੍ਰੋ. ਬਲਵੀਰ ਸਿੰਘ, ਪ੍ਰਿੰਸੀਪਲ ਸਤਨਾਮ ਸਿੰਘ, ਪ੍ਰੋ. ਹਰਦੀਪ ਸਿੰਘ ਪਰਮਾਰ, ਪ੍ਰੋ. ਬਲਵੰਤ ਸਿੰਘ ਜਗਦੇਵ, ਪ੍ਰੋ. ਉਦੇਸ਼ ਘਈ, ਪ੍ਰੋ. ਗੁਰਬਚਨ ਸਿੰਘ ਸੰਗਰ, ਪ੍ਰੋ. ਰਕੇਸ਼ ਕਟਿਆਲ, ਡਾ. ਮਨਮੋਹਨ ਸਿੰਘ, ਸੇਨੇਟਰ ਸੰਦੀਪ ਸੀਕਰੀ ਵੀ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਫਤਿਹਾਬਾਦ ਵਿਖੇ ਇਨਾਮ ਵੰਡ ਸਮਾਗਮ ਕਰਵਾਇਆ




**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਡਿਡ ਸਟੱਡੀਜ ਫਤਿਹਾਬਾਦ ਵਿੱਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਜਮਾਤ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਇਨਾਮ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਅਨੀਤਾ ਚਤਰਥ ਨੇ ਅੱਵਲ ਆਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾ ਦਿੰਦਿਆਂ ਸਖਤ ਮਿਹਨਤ ਨਾਲ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸੰਸਥਾ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ ਅਤੇ ਚੇਅਰਮੈਨ ਰਵਿੰਦਰ ਕੁਮਾਰ ਨੇ ਵੀ ਇਸ ਖਾਸ ਮੌਕੇ ਵਿਦਿਆਰਥੀਆ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁਭਕਾਮਨਾਵਾ ਦਿੱਤੀਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਭਾਸ਼ਣ, ਕੋਰੀਓਗ੍ਰਾਫੀ ਅਤੇ ਸਮਾਜਿਕ ਸੁਨੇਹਾ ਦਿੰਦੇ ਨਾਟਕ ਪੇਸ਼ ਕਰਕੇ ਇਸ ਸਮਾਗਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ। ਇਸ ਮੌਕੇ ਸੰਤੋਸ਼ ਕੁਮਾਰੀ, ਮਮਤਾ ਮੈਡਮ, ਮਨਜਿੰਦਰ ਕੌਰ, ਕੰਵਲਪ੍ਰੀਤ ਕੌਰ, ਅੰਤਰਪ੍ਰੀਤ ਕੌਰ, ਸੁਖਬੀਰ ਮੈਡਮ, ਬਲਜੀਤ ਕੌਰ, ਹਰਪ੍ਰੀਤ ਕੌਰ, ਕਿਰਨਦੀਪ ਕੌਰ, ਅਰਚਨਾ ਮੈਡਮ, ਰਜਨੀਸ਼ ਮੈਡਮ, ਰਾਜਬੀਰ ਕੌਰ, ਰਮਨਦੀਪ ਕੌਰ ਅਤੇ ਕਿਰਨਦੀਪ ਕੌਰ, ਮਨਜਿੰਦਰ ਮੈਡਮ, ਸੰਦੀਪ ਸਿੰਘ, ਜਸਬੀਰ ਸਿੰਘ ਅਤੇ ਤੇਜਿੰਦਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹੇ ਲਈ ਵਰਦਾਨ ਸਾਬਿਤ ਹੋ ਰਹੀਆਂ ਸੰਨੀ ਓਬਰਾਏ ਲੈਬਾਰਟਰੀਆਂ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਸੇਵਾ ਕਾਰਜਾਂ ਵਿੱਚ ਆਪਣਾ ਮੋਹਰੀ ਰੋਲ ਅਦਾ ਕਰ ਰਹੀ ਹੈ। ਸਿੱਖਿਆ, ਸਿਹਤ, ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਦੀ ਸਹਾਇਤਾ ਦੇ ਨਾਲ ਹਰ ਉਸ ਖੇਤਰ ਵਿੱਚ ਜਿੱਥੇ ਕੋਈ ਇਮਦਾਦ ਦੀ ਜ਼ਰੂਰਤ ਮਹਿਸੂਸ ਕਰਦਾ ਹੈ ਟਰੱਸਟ ਵੱਲੋਂ ਓਥੇ ਖੜੀ ਨਜ਼ਰ ਆਉਂਦੀ ਹੈ। ਤਰਨਤਾਰਨ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਸਰਹੱਦੀ ਜ਼ਿਲ੍ਹਾ ਹੋਣ ਕਾਰਨ ਸਿਹਤ ਸਹੂਲਤਾਂ ਨੂੰ ਲੈ ਕੇ ਕਾਫੀ ਪੱਛੜਿਆ ਹੋਇਆ ਹੈ। ਟਰੱਸਟ ਵੱਲੋਂ ਸੰਨੀ ਓਬਰਾਏ ਲੈਬਾਰਟਰੀ ਨਾਮ ਹੇਠ 4 ਮੈਡੀਕਲ ਲੈਬਾਰਟਰੀਆਂ ਖੋਲ੍ਹੀਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸ ਧੁੰਨਾ ਨੇ ਦੱਸਿਆ ਕਿ ਸਰਹੱਦੀ ਜ਼ਿਲ੍ਹਾ ਹੋਣ ਕਾਰਨ ਜਿੱਥੇ ਸਿਹਤ ਸਹੂਲਤਾਂ ਨਾਮਾਤਰ ਹਨ ਓਥੇ ਇਲਾਜ ਬਹੁਤ ਮਹਿੰਗਾ ਹੋਣ ਕਾਰਨ ਆਮ ਇਨਸਾਨ ਆਪਣੇ ਟੈਸਟ ਕਰਵਾਉਣ ਤੋਂ ਅਸਮਰਥ ਹੈ। ਟੈਸਟ ਨਾ ਹੋਣ ਕਾਰਨ ਆਮ ਲੋਕ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦੇ ਹਨ। ਡਾਕਟਰ ਓਬਰਾਏ ਵੱਲੋਂ ਤਰਨਤਾਰਨ ਜ਼ਿਲ੍ਹੇ ਨੂੰ ਪਹਿਲ ਦੇ ਆਧਾਰ ਤੇ 4 ਸੰਨੀ ਓਬਰਾਏ ਲੈਬਾਰਟਰੀ ਐਂਡ ਡਾਇਗਨੋਸਟਿਕ ਸੈਂਟਰ ਦਿੱਤੇ ਗਏ ਹਨ ਤਾਂ ਜੋ ਆਮ ਲੋਕ ਸਮਾਂ ਰਹਿੰਦਿਆਂ ਆਪਣੇ ਟੈਸਟ ਕਰਵਾ ਕੇ ਇਲਾਜ ਕਰਵਾ ਸਕੇ। ਇਸ ਵਕਤ ਟਰੱਸਟ ਵੱਲੋਂ ਤਰਨਤਾਰਨ ਸ਼ਹਿਰ, ਪੱਟੀ ਸ਼ਹਿਰ, ਸ੍ਰੀ ਗੋਇੰਦਵਾਲ ਸਾਹਿਬ ਅਤੇ ਭਿੱਖੀਵਿੰਡ ਵਿਖੇ ਲੈਬ ਸਫਲਤਾਪੂਰਵਕ ਚੱਲ ਰਹੀਆਂ ਹਨ ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਇਸ ਦਾ ਲਾਹਾ ਲੈ ਰਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਟੈਸਟਾਂ ਦੇ ਰੇਟ ਨਾਮਾਤਰ ਹੋਣ ਕਾਰਨ ਆਮ ਲੋਕ ਵੱਡੀ ਗਿਣਤੀ ਵਿੱਚ ਡਾਕਟਰ ਓਬਰਾਏ ਵੱਲੋਂ ਦਿੱਤੇ ਇਸ ਤੋਹਫੇ ਦਾ ਫਾਇਦਾ ਲੈ ਰਹੇ ਹਨ।

ਨਵਾਂ ਜ਼ਮਾਨਾ
ਸੋਮਵਾਰ, 6 ਮਾਰਚ 2023

# ਅਕਾਦਮਿਕ ਸੁਤੰਤਰਤਾ 'ਚ ਤੇਜ਼ ਗਿਰਾਵਟ

*ਸਵੀਡਿਸ਼ ਸਲਾਹਕਾਰੀ ਸੰਸਥਾ ਵੀ-ਡੈਮ ਇੰਸਟੀਚਿਊਟ ਤੇ ਜਰਮਨੀ ਦੀ ਫਰੈਡਰਿਖ ਅਲੈਗਜ਼ੈਂਡਰ ਯੂਨੀਵਰਸਿਟੀ ਦੇ ਇੰਸਟੀਚਿਊਟ ਆਫ ਪੁਲੀਟੀਕਲ ਸਾਇੰਸ ਵੱਲੋਂ ਦੁਨੀਆ ਦੇ 2917 ਮਾਹਰਾਂ ਦੀ ਮਦਦ ਨਾਲ ਤਿਆਰ ਆਪਣੇ 'ਅਕਾਦਮਿਕ ਸੁਤੰਤਰਤਾ ਸੂਚਕ ਅੰਕ' ਦੇ 2023 ਦੇ ਅਪਡੇਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੁਨੀਆ ਦੇ 179 ਵਿੱਚੋਂ ਉਨ੍ਹਾਂ 22 ਦੇਸ਼ਾਂ ਤੇ ਖੇਤਰਾਂ 'ਚ ਸ਼ਾਮਲ ਹੈ, ਜਿੱਥੇ ਵਿੱਦਿਅਕ ਸੰਸਥਾਨਾਂ ਤੇ ਸਿੱਖਿਆ-ਸ਼ਾਸਤਰੀਆਂ ਨੂੰ ਅੱਜ ਦੀ ਸਥਿਤੀ ਵਿਚ 10 ਸਾਲ ਪਹਿਲਾਂ ਦੀ ਤੁਲਨਾ 'ਚ ਕਾਫੀ ਘੱਟ ਸੁਤੰਤਰਤਾ ਹਾਸਲ ਹੈ। ਪਿਛਲੇ ਸਾਲ ਪ੍ਰਕਾਸ਼ਤ ਸੂਚਕ ਅੰਕ ਵਿੱਚ ਭਾਰਤ ਨੂੰ 0 ਤੋਂ 1 ਦੀ ਸੂਚੀ ਵਿੱਚ 0.38 ਦਾ ਸਕੋਰ ਮਿਲਿਆ ਸੀ, ਜਦਕਿ 1 ਨੂੰ ਸਰਬਉੱਚ ਅਕਾਦਮਿਕ ਸੁਤੰਤਰਤਾ ਮੰਨਿਆ ਜਾਂਦਾ ਹੈ। ਦੇਸ਼ ਹੇਠਲੇ 20-30 ਫੀਸਦੀ ਵਾਲੇ ਗਰੁੱਪ 'ਚ ਸੀ। ਭਾਰਤ ਆਪਣੇ ਗਵਾਂਢੀ ਨੇਪਾਲ (0.86), ਪਾਕਿਸਤਾਨ (0.45) ਤੇ ਭੂਟਾਨ (0.46) ਤੋਂ ਪਿੱਛੇ ਅਤੇ ਬੰਗਲਾਦੇਸ਼ (0.25) ਤੇ ਮਿਆਂਮਾਰ (0.01) ਤੋਂ ਅੱਗੇ ਸੀ।*

*ਇਹ ਸੂਚਕ ਅੰਕ ਪੰਜ ਸੰਕੇਤਕਾਂ—ਖੋਜ ਤੇ ਸਿਖਾਉਣ ਦੀ ਸੁਤੰਤਰਤਾ, ਅਕਾਦਮਿਕ ਵਟਾਂਦਰੇ, ਯੂਨੀਵਰਸਿਟੀਆਂ ਦੀ ਸੰਸਥਾਗਤ ਖੁਦਮੁਖਤਾਰੀ, ਅਕਾਦਮਿਕ ਤੇ ਸੱਭਿਆਚਾਰਕ ਪ੍ਰਗਟਾਵੇ ਦੀ ਸੁਤੰਤਰਤਾ, ਕੈਂਪਸ ਅਖੰਡਤਾ ਅਤੇ ਕੈਂਪਸ ਵਿੱਚ ਨਿਗਾਹਬਾਨੀ ਤੇ ਸੁਰੱਖਿਆ ਅੜਿੱਕਿਆਂ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ।*

*ਅਪਡੇਟ ਵਿੱਚ ਕਿਹਾ ਗਿਆ ਹੈ ਕਿ ਜਿਥੇ ਅਕਾਦਮਿਕ ਸੁਤੰਤਰਤਾ ਵਿਚ ਭਾਰਤ ਦੀ ਗਿਰਾਵਟ ਤੁਲਨਾਤਮਕ ਰੂਪ ਵਿਚ ਉੱਚ ਪੱਧਰ ਤੋਂ ਸ਼ੁਰੂ ਹੋਈ ਸੀ, ਹੁਣ ਇਹ ਤੇਜ਼ੀ ਨਾਲ ਵਧ ਰਹੀ ਨਿਰੰਕੁਸ਼ਤਾ ਨਾਲ ਜੁੜੀ ਹੈ। ਹੁਣ ਭਾਰਤ ਦੀ ਪਛਾਣ ਚੀਨ, ਅਫਗਾਨਿਸਤਾਨ ਤੇ ਮਿਆਂਮਾਰ ਵਰਗੇ ਉਨ੍ਹਾਂ ਦੇਸ਼ਾਂ ਨਾਲ ਕੀਤੀ ਜਾਂਦੀ ਹੈ, ਜਿਥੇ ਸਿਆਸੀ ਘਟਨਾਵਾਂ ਨੇ ਅਕਾਦਮਿਕ ਖੇਤਰ 'ਚ ਆਸ਼ਾਜਨਕ ਵਿਕਾਸ ਨੂੰ ਬੁਰੀ ਤਰ੍ਹਾਂ ਉਲਟ ਦਿੱਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਯੂਨੀਵਰਸਿਟੀ ਖੁਦਮੁਖਤਾਰੀ 'ਚ ਗਿਰਾਵਟ ਦੇ ਨਾਲ 2009 'ਚ ਅਕਾਦਮਿਕ ਸੁਤੰਤਰਤਾ 'ਚ ਗਿਰਾਵਟ ਆਉਣੀ ਸ਼ੁਰੂ ਹੋਈ ਸੀ ਤੇ ਇਸ ਦੇ ਬਾਅਦ 2013 ਤੋਂ ਸਾਰੇ ਸੰਕੇਤਕਾਂ ਵਿਚ ਤੇਜ਼ ਗਿਰਾਵਟ ਆਈ। 2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਕੈਂਪਸ ਅਖੰਡਤਾ, ਸੰਸਥਾਗਤ ਖੁਦਮੁਖਤਾਰੀ ਅਤੇ ਅਕਾਦਮਿਕ ਤੇ ਸੱਭਿਆਚਾਰਕ ਪ੍ਰਗਟਾਵੇ ਦੀ ਸੁਤੰਤਰਤਾ ਵਿੱਚ ਹੋਰ ਜ਼ੋਰਦਾਰ ਗਿਰਾਵਟ ਆਈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਅਜਿਹੇ ਕਾਨੂੰਨ ਨਹੀਂ ਹਨ, ਜੋ ਖਾਸ ਤੌਰ 'ਤੇ ਅਕਾਦਮਿਕ ਸੁਤੰਤਰਤਾ ਦੀ ਰਾਖੀ ਕਰਨ। ਮੋਦੀ ਦੀ 'ਹਿੰਦੂ ਰਾਸ਼ਟਰਵਾਦੀ ਸਰਕਾਰ' ਦੇ ਚਲਦਿਆਂ ਰਿਸਕ ਹੋਰ ਵਧ ਜਾਂਦਾ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚ ਸੰਸਥਾਗਤ ਖੁਦਮੁਖਤਾਰੀ ਤੇ ਕੈਂਪਸ ਅਖੰਡਤਾ 'ਤੇ ਭਾਰੀ ਦਬਾਅ ਹੈ। ਸਿੱਖਿਆ-ਸ਼ਾਸਤਰੀਆਂ ਦੇ ਪ੍ਰਗਟਾਵੇ ਦੀ ਸੁਤੰਤਰਤਾ ਵਿੱਚ ਭਾਰੀ ਰੁਕਾਵਟਾਂ ਹਨ। ਫਰੈਡਰਿਖ ਅਲੈਗਜ਼ੈਂਡਰ ਯੂਨੀਵਰਸਿਟੀ ਵਿੱਚ ਕੌਮਾਂਤਰੀ ਸਿਆਸਤ ਦੇ ਪ੍ਰੋਫੈਸਰ ਕੈਟਰੀਨ ਕਿਨਜ਼ੇਲਬਾਖ ਮੁਤਾਬਕ ਸੁਤੰਤਰਤਾ ਤੋਂ ਬਿਨਾਂ ਯੂਨੀਵਰਸਿਟੀਆਂ ਖੋਜ ਦੀ ਥਾਂ ਕੱਟੜਪੁਣੇ ਦੀਆਂ ਥਾਵਾਂ ਬਣ ਜਾਂਦੀਆਂ ਹਨ, ਸਿੱਖਿਆ ਸ਼ਾਸਤਰੀ ਸਮਾਜ ਵਿੱਚ ਆਪਣਾ ਰੋਲ ਅਦਾ ਨਹੀਂ ਕਰ ਸਕਦੇ ਅਤੇ ਵਿਦਿਆਰਥੀ ਆਜ਼ਾਦ ਦਿਮਾਗ ਵਿਕਸਤ ਨਹੀਂ ਕਰ ਪਾਉਂਦੇ।*

# ਸੇਖੋਂ ਦੇ ਪ੍ਰਸੰਗ ਵਿੱਚ ਜਮਹੂਰੀ ਸਮਾਜ 'ਚ ਅਦਾਲਤੀ ਮਾਣਹਾਨੀ ਦੀ ਗੈਰ-ਵਾਜਬੀਅਤ

**ਕਰਮ ਬਰਸਟ**

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਦੋ-ਜੱਜੀ ਬੈਂਚ- ਜਸਟਿਸ ਜੀ ਐੱਸ ਸੰਧਾਵਾਲੀਆ ਅਤੇ ਜਸਟਿਸ ਹਰਪ੍ਰੀਤ ਕੌਰ ਨੇ 24 ਫਰਵਰੀ ਨੂੰ ਬਲਵਿੰਦਰ ਸਿੰਘ ਸੇਖੋਂ ਅਤੇ ਵਕੀਲ ਪ੍ਰਦੀਪ ਸ਼ਰਮਾ ਨੂੰ ਅਦਾਲਤੀ ਮਾਣਹਾਨੀ ਦੇ ਦੋਸ਼ ਅਧੀਨ ਛੇ ਮਹੀਨੇ ਦੀ ਕੈਦ ਅਤੇ ਦੋ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਹੈ। ਬੇਸ਼ੱਕ ਅਦਾਲਤ ਨੇ ਸਜ਼ਾ ਘੱਟ ਕਰਨ ਜਾਂ ਸਿਰਫ ਚਿਤਾਵਨੀ ਦੇਣ ਦੇ ਮਕਸਦ ਨਾਲ ਕਥਿਤ ਦੋਸੀਆਂ ਨੂੰ ਮੁਆਫੀ ਮੰਗ ਲੈਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਹਨਾਂ ਨੇ ਸਜ਼ਾ ਭੁਗਤਣ ਨੂੰ ਤਰਜੀਹ ਦਿੱਤੀ ਹੈ। ਕਾਨੂੰਨ ਮੁਤਾਬਕ ਜਸਟਿਸ ਸੰਧਾਵਾਲੀਆ ਨੂੰ ਇਸ ਕੇਸ ਵਿੱਚ ਸੁਣਵਾਈ ਕਰਨ ਤੇ ਸਜ਼ਾ ਦੇਣ ਦਾ ਅਧਿਕਾਰ ਹੈ, ਪਰ ਨੈਤਿਕਤਾ ਪੱਖੋਂ ਉਸ ਵੱਲੋਂ ਇਹ ਕਾਰਵਾਈ ਨਹੀਂ ਹੋਣੀ ਚਾਹੀਦੀ ਸੀ, ਕਿਉਂਕਿ ਇਸ ਕੇਸ ਵਿੱਚ ਉਹ ਖੁਦ ਇਕ ਧਿਰ ਸੀ। ਉਸ ਉਪਰ ਨਸ਼ਾ ਕੇਸ ਵਾਲੇ ਮੁਕੱਦਮੇ ਨੂੰ ਬੇਲੋੜੇ ਤੌਰ 'ਤੇ ਲਮਕਾਉਣ ਅਤੇ ਸੇਖੋਂ ਵੱਲੋਂ ਪਾਈ ਰਿਟ ਪਟੀਸ਼ਨ ਵਿੱਚ ਕੁਝ ਨਾਮਜ਼ਦ ਦੋਸ਼ੀਆਂ ਦਾ ਬਚਾਉਣ ਕਰਨ ਦੇ ਦੋਸ਼ ਲਗਾਏ ਗਏ ਸਨ। ਇਸ ਤਰ੍ਹਾਂ ਇਸ ਕੇਸ ਵਿੱਚ ਇਕ ਕਥਿਤ ਮੁਲਜ਼ਮ ਵੱਲੋਂ ਖੁਦ ਹੀ ਜੱਜ ਬਣ ਕੇ ਸਜ਼ਾ ਦੇਣ ਦੀ ਮਿਸਾਲ ਪੇਸ਼ ਕੀਤੀ ਗਈ ਹੈ, ਜਦੋਂਕਿ ਨੈਤਿਕਤਾ ਦਾ ਤਕਾਜਾ ਉਸ ਕੋਲੋਂ ਇਸ ਕੇਸ ਨਾਲੋਂ ਵੱਖ ਹੋ ਜਾਣ ਦੀ ਮੰਗ ਕਰਦਾ ਸੀ।

ਬਲਵਿੰਦਰ ਸਿੰਘ ਸੇਖੋਂ ਬਾਰੇ ਕਾਫੀ ਕੁਝ ਲਿਖਿਆ ਜਾ ਚੁੱਕਿਆ ਹੈ। ਉਹ ਪੁਲਸ ਵਿਭਾਗ ਵਿੱਚ ਡੀ. ਐੱਸ. ਪੀ. ਵਜੋਂ ਕੰਮ ਕਰ ਰਿਹਾ ਸੀ ਅਤੇ ਉਸ ਸਮੇਂ ਦੇ ਡੀ ਜੀ ਪੀ ਦਿਨਕਰ ਗੁਪਤਾ ਦੇ ਕਾਰਜਕਾਲ ਦੌਰਾਨ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਉਸ ਨੂੰ ਬਰਖਾਸਤ ਕਰਨ ਲਈ 'ਸਰਕਾਰ ਵਿਰੁੱਧ ਘਟੀਆ ਟਿੱਪਣੀਆਂ ਕਰਨ, ਸੀਨੀਅਰ ਅਧਿਕਾਰੀਆਂ ਅਤੇ ਚੁਣੇ ਹੋਏ ਜਨਤਕ ਨੁਮਾਇੰਦਿਆਂ, ਮੰਤਰੀਆਂ ਅਤੇ ਅਦਾਲਤਾਂ ਦੇ ਖਿਲਾਫ਼ ਅਪਮਾਨਜਨਕ ਟਿੱਪਣੀਆਂ ਕਰਨ ਅਤੇ ਅਪਮਾਨਜਨਕ ਵੀਡੀਓ ਪ੍ਰਸਾਰਤ ਕਰਨ' ਨੂੰ ਆਧਾਰ ਬਣਾਇਆ ਗਿਆ ਸੀ। ਚੇਤੇ ਰਹੇ ਕਿ ਸੇਖੋਂ ਨੂੰ 2021 ਵਿੱਚ ਸੇਵਾਮੁਕਤ ਹੋਣ ਵਾਲੇ ਆਖਰੀ ਦਿਨ ਤੋਂ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਉਦੋਂ ਤੋਂ ਹੀ ਉਹ ਪੁਲਸ, ਸਿਵਲ ਪ੍ਰਸ਼ਾਸਨ ਅਤੇ ਅਦਾਲਤਾਂ ਦੀ ਕਾਰਜ-ਪ੍ਰਣਾਲੀ ਦੀ ਅਲੋਚਨਾ ਕਰਦਾ ਆ ਰਿਹਾ ਸੀ। ਅਦਾਲਤ ਵਿਚ ਉਸ ਉਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਉਸ ਨੇ 27.01.2023 ਨੂੰ ਹੋਣ ਵਾਲੀ ਅਦਾਲਤੀ ਕਾਰਵਾਈ ਤੋਂ ਇਕ ਦਿਨ ਪਹਿਲਾਂ 17 ਮਿੰਟ ਦੀ ਵੀਡੀਓ ਜਾਰੀ ਕਰਕੇ ਪੰਜਾਬ ਹਾਈ ਕੋਰਟ ਦੇ 10 ਤੋਂ ਵੱਧ ਜੱਜਾਂ ਅਤੇ ਸੁਪਰੀਮ ਕੋਰਟ ਦੇ ਇੱਕ ਮੌਜੂਦਾ ਜੱਜ ਉਪਰ ਘਿਨਾਉਣੇ ਦੋਸ਼ ਲਾਏ ਗਏ ਹਨ। ਇਸ ਤੋਂ ਇਲਾਵਾ ਉਸ ਨੇ (ਨਸ਼ੇ ਦੇ ਕੇਸ) ਨਾਲ ਸਬੰਧਤ ਰਿਟ ਪਟੀਸ਼ਨ-20359-2013 ਵਿੱਚ ਅਧਿਕਾਰਤ ਬੈਂਚ ਨੂੰ ਸੁਝਾਅ ਵੀ ਦਿੱਤੇ ਸਨ ਕਿ ਇਸ ਮੁਕੱਦਮੇ ਨੂੰ ਕਿਵੇਂ ਅੱਗੇ ਵਧਾਉਣਾ ਚਾਹੀਦਾ ਹੈ? ਸਬੰਧਤ ਜੱਜਾਂ ਨੇ 26 ਜਨਵਰੀ ਦੀ ਵੀਡੀਓ ਵਿਚ ਪ੍ਰਗਟਾਏ ਵਿਚਾਰਾਂ ਨੂੰ 'ਸੰਵਿਧਾਨਕ ਅਧਿਕਾਰੀਆਂ ਵਿਰੁੱਧ ਅਪਮਾਨਜਨਕ ਸ਼ਬਦਾਵਲੀ ਵਰਤਣ, ਘਟੀਆ ਸਰੀਰਕ ਹਰਕਤਾਂ ਕਰਨ ਅਤੇ ਨਿਆਂਇਕ ਸੰਸਥਾਵਾਂ ਨੂੰ ਸਿਧਾਂਤਕ ਤੌਰ 'ਤੇ ਬਦਨਾਮ ਕਰਨ ਵਾਲੀ ਦੱਸਿਆ ਹੈ।' ਇਸ ਵੀਡੀਓ ਵਿਰੁੱਧ ਸਪੱਸ਼ਟੀਕਰਨ ਦੇਣ ਲਈ ਸੇਖੋਂ ਨੂੰ 14 ਫਰਵਰੀ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਸੇਖੋਂ ਤੇ ਉਸ ਦੇ ਮਿੱਤਰ ਵਕੀਲ ਨੇ ਅਦਾਲਤ ਵਿੱਚ ਹੁੱਲੜਬਾਜ਼ੀ ਕੀਤੀ। ਅਦਾਲਤ ਨੇ 15 ਫਰਵਰੀ ਨੂੰ ਉਹਨਾਂ ਦੇ ਖਿਲਾਫ਼ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ, ਪਰੰਤੂ ਸੇਖੋਂ ਅਤੇ ਸ਼ਰਮਾ ਨੇ ਅਗਲੇ ਹੀ ਦਿਨ ਇਕ ਹੋਰ ਵੀਡੀਓ ਜਾਰੀ ਕਰਕੇ ਅਦਾਲਤੀ ਕਾਰਜ ਪ੍ਰਣਾਲੀ ਅਤੇ ਕੁਝ ਜੱਜਾਂ ਉਪਰ ਨਾਂਅ ਲੈ ਕੇ ਗੰਭੀਰ ਦੋਸ਼ ਲਗਾਏ। ਅਦਾਲਤ ਨੇ 20 ਫਰਵਰੀ ਨੂੰ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਹਦਾਇਤ ਕੀਤੀ ਕਿ ਸੇਖੋਂ ਅਤੇ ਪ੍ਰਦੀਪ ਸ਼ਰਮਾ ਨੂੰ ਗ੍ਰਿਫਤਾਰ ਕਰਕੇ 24 ਫਰਵਰੀ ਨੂੰ ਹਾਈ ਕੋਰਟ ਦੇ ਸੰਬੰਧਤ ਜੱਜਾਂ ਮੂਹਰੇ ਪੇਸ਼ ਕੀਤਾ ਜਾਵੇ। ਪੇਸ਼ੀ ਵਾਲੇ ਦਿਨ ਦੋਵੇਂ ਹੀ ਕਥਿਤ ਮੁਲਜ਼ਮਾਂ ਨੂੰ ਛੇ ਮਹੀਨੇ ਦੀ ਸਜ਼ਾ ਅਤੇ ਦੋ ਹਜ਼ਾਰ ਰੁਪਏ ਦਾ ਜੁਰਮਾਨਾ ਕਰਕੇ ਬੁੜੈਲ ਜੇਲ ਵਿੱਚ ਭੇਜ ਦਿੱਤਾ ਗਿਆ ਹੈ।

ਬਲਵਿੰਦਰ ਸਿੰਘ ਸੇਖੋਂ ਪਿਛਲੇ ਪੰਜ-ਛੇ ਸਾਲਾਂ ਤੋਂ ਲਗਾਤਾਰ ਵਿਵਸਥਾ ਅੰਦਰਲੇ ਖੋਟਾਂ ਨੂੰ ਬੇਪਰਦ ਕਰਦਾ ਆ ਰਿਹਾ ਹੈ। ਉਹ ਫੇਸਬੁਕ, ਯੂਟਿਊਬ, ਟਵਿੱਟਰ ਅਤੇ ਹੋਰ ਸੋਸ਼ਲ ਪਲੇਟਫਾਰਮਾਂ 'ਤੇ ਆਪਣੀ ਗੱਲ ਰੱਖਦਾ ਆ ਰਿਹਾ ਹੈ। ਉਸ ਵੱਲੋਂ ਛੇੜੀ ਗਈ ਮੁਹਿੰਮ, ਮੁੱਦਿਆਂ ਦੀ ਮਹੱਤਤਾ ਅਤੇ ਸਰਕਾਰੀ ਤੰਤਰ ਵੱਲੋਂ ਦਿਖਾਈ ਜਾ ਰਹੀ ਬੇਰੁਖੀ, ਢਿੱਲਮੱਠ ਅਤੇ ਮਜ਼ਲੂਮਾਂ 'ਤੇ ਮਸਲੇ ਉਠਾਉਣ ਵਾਲਿਆਂ ਨੂੰ ਜ਼ਲੀਲ ਕਰਨ ਦੀ ਪ੍ਰਵਿਰਤੀ ਤੋਂ ਆਮ ਲੋਕ ਏਨਾ ਜ਼ਿਆਦਾ ਪ੍ਰੇਸ਼ਾਨ ਹਨ ਕਿ ਉਹ ਮਸਲਿਆਂ ਦੇ ਸਥਾਈ ਹੱਲ ਦੀ ਉਮੀਦ ਕਰਦੇ ਹਨ।

ਸਵਾਲ ਕਰਨਾ ਬਣਦਾ ਹੈ ਕਿ ਸੇਖੋਂ ਵਰਗੇ ਲੋਕ ਜਿਹੜੇ ਮੁੱਦਿਆਂ ਨੂੰ ਕਈ ਕਈ ਵਰ੍ਹਿਆਂ ਅਤੇ ਦਹਾਕਿਆਂ ਤੋਂ ਉਠਾਉਂਦੇ ਆ ਰਹੇ ਹਨ, ਜੇਕਰ ਉਹਨਾਂ ਦਾ ਹੱਲ ਨਾ ਹੋ ਰਿਹਾ ਹੋਵੇ, ਤਾਂ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ? ਇਨਸਾਫ ਦੀ ਉਮੀਦ ਵਿੱਚ ਆਮ ਲੋਕਾਂ-ਕਿਸਾਨਾਂ, ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਵਾਂਗ ਨਿਰਾਸ਼ਾ ਦਾ ਸ਼ਿਕਾਰ ਹੋ ਕੇ ਖੁਦਕੁਸ਼ੀ ਕਰ ਲੈਣੀ ਚਾਹੀਦੀ ਹੈ?

ਲੋਕਾਂ ਦੇ ਦਿਲ-ਧਰਾਵੇ ਲਈ ਅਕਸਰ ਹੀ ਦਲੀਲ ਦਿੱਤੀ ਜਾਂਦੀ ਹੈ ਕਿ ਜਮਹੂਰੀਅਤ ਅੰਦਰ ਜਨਤਾ ਨੂੰ ਸਰਕਾਰੀ ਸੰਸਥਾਵਾਂ 'ਤੇ ਵਿਸਵਾਸ ਕਰਨਾ ਚਾਹੀਦਾ ਹੈ। ਜੇ ਇਕ ਅਦਾਰੇ ਕੋਲੋਂ ਮਿਲੇ 'ਇਨਸਾਫ' ਨਾਲ ਤਸੱਲੀ ਨਹੀਂ ਹੁੰਦੀ ਤਾਂ ਉਪਰਲੇ ਅਦਾਰੇ ਵਿਚ ਫਰਿਆਦ ਕਰਨੀ ਚਾਹੀਦੀ ਹੈ।

ਕਾਨੂੰਨ ਮੰਤਰੀ ਕਿਰਨ ਰਿਜਿਜੂ ਦੇ ਤਾਜ਼ਾ ਬਿਆਨ ਮੁਤਾਬਕ ਦੇਸ਼ ਦੀਆਂ ਅਦਾਲਤਾਂ ਅੰਦਰ ਚਾਰ ਕਰੋੜ ਤੋਂ ਉਪਰ ਮਾਮਲੇ ਫੈਸਲੇ ਦੀ ਉਡੀਕ ਕਰ ਰਹੇ ਹਨ। ਵਿਅਕਤੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ, ਪਰ ਦਹਾਕਿਆਂ-ਬੱਧੀ ਫੈਸਲਾ ਨਹੀਂ ਹੁੰਦਾ। ਪੁਲਸ, ਵਕੀਲਾਂ ਅਤੇ ਜੱਜਾਂ ਦੀ ਮਿਲੀਭੁਗਤ ਕਾਰਨ ਮੁਕੱਦਮੇ ਲਟਕਦੇ ਰਹਿੰਦੇ ਹਨ। ਅਖੌਤੀ ਮੁਸਲਿਮ ਦਹਿਸ਼ਤਗਰਦਾਂ, ਮਾਓਵਾਦੀਆਂ ਅਤੇ ਹੋਰ ਸਿਆਸੀ ਕੈਦੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਸਾਲਾਂ-ਬੱਧੀ ਜੇਲ੍ਹਾਂ ਅੰਦਰ ਤਾੜਿਆ ਹੋਇਆ ਹੈ, ਜਿਹਨਾਂ ਨੂੰ ਇਨਸਾਨੀ ਜਮਹੂਰੀ ਹੱਕ ਤਾਂ ਦੂਰ ਦੀ ਗੱਲ ਹੈ, ਜੇਲ੍ਹ ਨਿਯਮਾਂ ਅਨੁਸਾਰ ਘੱਟੋ-ਘੱਟ ਨਿਸਚਤ ਸਹੂਲਤਾਂ ਵੀ ਨਹੀਂ ਮਿਲਦੀਆਂ। ਬਿਆਸੀ ਸਾਲਾਂ ਦੇ ਫਾਦਰ ਸਟੈਨ ਸਵਾਮੀ ਦਾ ਕੇਸ ਸਾਡੇ ਸਾਹਮਣੇ ਹੈ, ਜਿਸ ਨੂੰ ਪਾਣੀ ਪੀਣ ਲਈ ਇਕ ਸਿੱਪਰ ਅਤੇ ਪਲਾਸਟਿਕ ਦੀ ਨਲੀ ਲੈਣ ਵਾਸਤੇ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪਈ ਸੀ। ਕਿਸੇ ਵੀ ਪੱਧਰ ਦੀ ਸਰਕਾਰੀ ਸੰਸਥਾ ਤੇ ਅਦਾਲਤ ਉਸ ਨੂੰ ਪਾਣੀ ਤੱਕ ਨਹੀਂ ਪਿਲਾ ਸਕੀ। ਸਿੱਟੇ ਵਜੋਂ ਬਿਨਾਂ ਦੋਸ਼ ਆਇਦ ਕੀਤੇ ਇਕ ਮੁਕੱਦਮੇ ਅਧੀਨ ਕੈਦੀ ਨੂੰ ਮੌਤ ਨੇ ਨਿਗਲ ਲਿਆ।

ਅਦਾਲਤ ਅਤੇ ਸੇਖੋਂ ਦੇ ਨਿੰਦਕਾਂ ਨੂੰ ਇਹ ਤਾਂ ਦੱਸਣਾ ਹੀ ਪਵੇਗਾ ਕਿ ਉਹ ਜਿਹੜੇ ਮੁੱਦੇ ਉਠਾ ਰਿਹਾ ਹੈ, ਕੀ ਉਹ ਗਲਤ ਹਨ? ਪੰਜਾਬ ਰਵਾਇਤੀ ਤੇ ਰਸਾਇਣਕ ਨਸ਼ਿਆਂ ਦੀ ਵੱਡੀ ਮੰਡੀ ਬਣਿਆ ਹੋਇਆ ਹੈ ਅਤੇ ਹਰ ਸਾਲ 20000 ਕਰੋੜ ਰੁਪਏ ਦਾ ਲੈਣ-ਦੇਣ ਹੋ ਗਿਆ ਹੈ। ਇਹ ਬਲਵਿੰਦਰ ਨਹੀਂ, ਬਲਕਿ ਸਾਬਕਾ ਡੀ ਜੀ ਪੀ ਸ਼ਸ਼ੀਕਾਂਤ ਸੀ, ਜਿਸ ਨੇ ਪੰਜਾਬ ਪੁਲਸ ਦੇ ਖੁਫੀਆ ਵਿੰਗ ਦੀ 2007 ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਸਿਆਸਤਦਾਨਾਂ, ਪੁਲਸ ਅਧਿਕਾਰੀਆਂ ਅਤੇ ਹੋਰ ਰਸੂਖਵਾਨ ਲੋਕਾਂ ਦੇ ਜੁੜਵੇਂ ਗਰੋਹ ਵੱਲੋਂ ਇਸ ਵਪਾਰ ਦੀਆਂ ਅੰਦਰੂਨੀ ਤੰਦਾਂ ਨੂੰ ਬੇਪਰਦ ਕੀਤਾ ਸੀ।

ਬਲਵਿੰਦਰ ਨੇ ਪੰਜਾਬ ਦੇ ਇਕ ਤਾਕਤਵਰ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀਆਂ ਗੈਰ-ਕਾਨੂੰਨੀ ਹਰਕਤਾਂ ਨੂੰ ਨੰਗਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਬੇਸ਼ੱਕ ਉਸ ਨੂੰ ਇਸ ਮਾਮਲੇ ਵਿੱਚ ਨਵਜੋਤ ਸਿੱਧੂ ਨੇ ਵੀ ਸਿਆਸੀ ਹਿੱਤਾਂ ਲਈ ਵਰਤ ਕੇ ਵਗਾਹ ਮਾਰਿਆ ਸੀ। ਉਸ ਨੂੰ ਕਈ ਸਿਆਸਤਦਾਨਾਂ ਦੀ ਖਹਿਭੇੜ ਦਾ ਮੋਹਰਾ ਵੀ ਕਿਹਾ ਜਾ ਸਕਦਾ ਹੈ, ਪਰ ਅਦਾਲਤਾਂ, ਪੁਲਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਕਈ ਸਾਲਾਂ ਤੋਂ ਉਠਾਏ ਜਾ ਰਹੇ ਮੁੱਦਿਆਂ ਬਾਰੇ ਕਾਰਵਾਈ ਕਿਉਂ ਨਹੀਂ ਹੋ ਰਹੀ? ਕਿਸੇ ਨੂੰ ਤਾਂ ਇਹਨਾਂ ਸਵਾਲਾਂ ਦੇ ਜਵਾਬ ਦੇਣੇ ਹੀ ਪੈਣਗੇ।

ਅਤੀਤ ਵਿਚ ਵੀ ਅਦਾਲਤੀ ਮਾਣਹਾਨੀ ਵਰਗੇ ਕੇਸ ਹੁੰਦੇ ਰਹੇ ਹਨ, ਪਰੰਤੂ ਕੀ ਇਹ ਪ੍ਰਥਾ ਜਾਰੀ ਰਹਿਣੀ ਚਾਹੀਦੀ ਹੈ? ਇਸ ਵੇਲੇ ਦੁਨੀਆ ਭਰ ਅੰਦਰ ਭਾਰਤ ਨੂੰ ਇਕ ਚੰਗਾ ਲੋਕਤੰਤਰ ਵਜੋਂ ਤਸਲੀਮ ਕੀਤਾ ਜਾਣ ਲੱਗਿਆ ਹੈ। ਤਦ ਇਹ ਤਵੱਕੋ ਰੱਖਣਾ ਵੀ ਜਾਇਜ ਹੈ ਕਿ ਇਸ ਲੋਕਤੰਤਰ ਦੀਆਂ ਸਾਰੀਆਂ ਸੰਸਥਾਵਾਂ 'ਲੋਕ ਰਾਇ' ਦੀ ਕਦਰ ਕਰਨੀਆਂ ਵੀ ਸਿੱਖ ਲੈਣ।

ਅਦਾਲਤਾਂ ਦੇ ਜੱਜ ਵੀ ਮਨੁੱਖ ਹੀ ਹਨ ਅਤੇ ਕਿਹਾ ਜਾਂਦਾ ਹੈ ਕਿ 'ਮਨੁੱਖ ਗਲਤੀ ਦਾ ਪੁਤਲਾ ਹੈ।' ਫੇਰ ਇਹ ਉਮੀਦ ਕਿਵੇਂ ਰੱਖੀ ਜਾ ਸਕਦੀ ਹੈ ਕਿ ਮਨੁੱਖੀ ਜਾਮੇ ਵਿਚਲੇ ਜੱਜਾਂ ਤੋਂ ਗਲਤੀਆਂ ਨਹੀਂ ਹੁੰਦੀਆਂ ਜਾਂ ਨਹੀਂ ਹੋਣਗੀਆਂ। ਜਦੋਂ ਹੇਠਲੀਆਂ ਅਦਾਲਤਾਂ ਦੇ ਫੈਸਲੇ ਉਪਰਲੀਆਂ ਅਦਾਲਤਾਂ ਵੱਲੋਂ ਅਤੇ ਨਿੱਜੀ ਜੱਜਾਂ ਦੇ ਫੈਸਲੇ ਵੱਡੇ ਬੈਂਚਾਂ ਵੱਲੋਂ ਬਦਲ ਦਿੱਤੇ ਜਾਂਦੇ ਹਨ, ਜਦੋਂ ਉਪਰਲੀਆਂ ਅਦਾਲਤਾਂ ਹੇਠਲੇ ਜੱਜਾਂ ਤੇ ਅਦਾਲਤਾਂ ਦੀ ਤਿੱਖੀ ਨੁਕਤਾਚੀਨੀ ਕਰਦੀਆਂ ਹਨ, ਤਦ ਕੀ ਉਹਨਾਂ ਦੀ ਨਿਆਂਇਕ ਸਿਆਣਪ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਕੇ ਅਨੁਸ਼ਾਸਨੀ ਵਿਭਾਗੀ ਕਾਰਵਾਈ ਨਹੀਂ ਕਰਨੀ ਚਾਹੀਦੀ?

ਕੁਝ ਦਹਾਕੇ ਪਿੱਛੇ ਜਾਈਏ ਤਾਂ ਸ੍ਰੀ ਬਰਦਾਕਾਂਤ ਮਿਸ਼ਰਾ ਬਨਾਮ ਉੜੀਸਾ ਦੇ ਰਜਿਸਟਰਾਰ ਅਤੇ ਹੋਰ (1973) ਦੇ ਕੇਸ ਵਿਚ ਭਾਰਤ ਦੀ ਉੱਚਤਮ ਅਦਾਲਤ ਨੇ ਫੈਸਲਾ ਸੁਣਾਇਆ ਸੀ ਕਿ ਮੁੱਖ ਸ਼ਬਦ 'ਨਿਆਂ' ਹੈ ਅਤੇ 'ਜੱਜ' ਨਹੀਂ ਹੈ। ਸਾਡੀ ਮੁੱਖ ਚਿੰਤਾ 'ਜੱਜਾਂ' ਦੇ ਦੁਆਲੇ ਘੁੰਮਣ ਦੀ ਬਜਾਏ 'ਨਿਆਂ' ਦੇ ਆਲੇ-ਦੁਆਲੇ ਘੁੰਮਣੀ ਚਾਹੀਦੀ ਹੈ। ਅਦਾਲਤਾਂ ਦੀ ਮਾਣਹਾਨੀ ਦਾ ਕਾਨੂੰਨ ਨਾਗਰਿਕਾਂ ਦੇ ਪ੍ਰਗਟਾਵੇ ਦੀ ਅਜਾਦੀ ਅਤੇ ਬੋਲਣ ਦੇ ਅਧਿਕਾਰ ਦਾ ਸਨਮਾਨ ਕਰਦਾ ਹੈ। ਮਾਣਹਾਨੀ ਦੇ ਕਾਨੂੰਨਾਂ ਨੂੰ ਉਦੋਂ ਹੀ ਅਮਲ ਵਿਚ ਲਿਆਉਣਾ ਚਾਹੀਦਾ ਹੈ, ਜਦੋਂ ਉੱਥੇ ਕਿਸੇ ਦਾ ਇਰਾਦਾ ਕੇਵਲ ਸਬੰਧਤ ਜੱਜ ਦੇ ਫੈਸਲੇ ਦੀ ਅਲੋਚਨਾ ਹੋਵੇ, ਨਾ ਕਿ ਇਕ ਸੰਸਥਾ ਵਜੋਂ ਨਿਆਂ ਪਾਲਿਕਾ ਦੀ ਨਿਖੇਧੀ ਕਰਨਾ। ਅਦਾਲਤੀ ਮਾਣਹਾਨੀ ਦੇ ਕਾਨੂੰਨ ਦਾ ਉਦੇਸ਼ ਅਦਾਲਤ ਦੀ ਅਖੰਡਤਾ ਨੂੰ ਬਰਕਰਾਰ ਰੱਖਣਾ ਹੈ ਅਤੇ ਇਸ ਨੂੰ ਇਸ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਕਿਸੇ ਵਿਅਕਤੀ ਵਜੋਂ ਕਿਸੇ ਵਿਸ਼ੇਸ਼ ਜੱਜ ਜਾਂ ਜੱਜਾਂ ਦੀ ਆਲੋਚਨਾ ਹੋਈ ਹੈ ਕਿ ਨਹੀਂ?

ਅਰੁੰਧਤੀ ਰਾਏ (2002) ਦੇ ਮਾਮਲੇ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਇਮਾਨਦਾਰ ਆਲੋਚਨਾ ਕਰਨ ਦੀ ਪ੍ਰਵਿਰਤੀ ਨੂੰ ਜਾਇਜ਼ ਠਹਿਰਾਇਆ ਸੀ। ਜੱਜਾਂ ਦੇ ਕੰਮ-ਕਾਜ ਅਤੇ ਨਿਆਂ ਪਾਲਿਕਾ ਵੱਲੋਂ ਕੰਮ ਕਰਨ ਦੇ ਤਰੀਕੇ ਬਾਰੇ ਅਲੋਚਨਾਤਕ ਬਿਆਨ ਜੇਕਰ ਨੇਕ ਵਿਸ਼ਵਾਸ ਨਾਲ ਦਿੱਤੇ ਗਏ ਹਨ ਤਾਂ ਇਹ ਅਦਾਲਤ ਦੀ ਮਾਣਹਾਨੀ ਦੇ ਦਾਇਰੇ ਵਿੱਚ ਨਹੀਂ ਆਉਂਦੇ। ਅਦਾਲਤ ਦੀ ਮਾਣਹਾਨੀ ਦੀ ਸਜ਼ਾ ਦੇਣ ਵਾਲਾ ਕਾਨੂੰਨ ਜੱਜਾਂ ਦੇ ਵਿਵੇਕ 'ਤੇ ਵਿਆਖਿਆ ਲਈ ਵਿਸ਼ਾਲ ਥਾਂ ਛੱਡਦਾ ਹੈ ਅਤੇ ਜੱਜਾਂ ਨੂੰ ਆਪਣੀ ਅਲੋਚਨਾ ਨੂੰ ਨਿੱਜੀ ਹਮਲੇ ਦੀ ਬਜਾਏ ਲੋਕਤੰਤਰ ਦੀ ਮਜ਼ਬੂਤੀ ਵਜੋਂ ਲੈਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਕਈ ਵਾਰ ਸਪੱਸਟ ਕੀਤਾ ਹੈ ਕਿ ਅਦਾਲਤੀ ਫੈਸਲਿਆਂ ਦੀ ਆਲੋਚਨਾ ਦੀ ਹਮੇਸ਼ਾ ਇਜ਼ਾਜਤ ਹੁੰਦੀ ਹੈ ਅਤੇ ਇਹ ਕਿ ਜੱਜ ਦੀ ਮਾਣਹਾਨੀ ਦਾ ਮਸਲਾ ਇਕ ਵੱਖਰੀ ਗੱਲ ਹੁੰਦੀ ਹੈ।

ਪਰਸ਼ਾਂਤ ਭੂਸਣ, ਮੇਧਾ ਪਾਟਕਰ ਅਤੇ ਅਰੁੰਧਤੀ ਰਾਏ ਵਿਰੁੱਧ ਮਾਣਹਾਨੀ ਦੀ ਕਾਰਵਾਈ ਦਾ ਵਿਸ਼ਲੇਸ਼ਣ ਕਰਦੇ ਹੋਏ ਜਸਟਿਸ ਸ੍ਰੀਕਾਂਤ ਰਘੂਨਾਥ ਸਾਠੇ ਨੇ ਵਿਚਾਰ ਪੇਸ਼ ਕੀਤਾ ਸੀ, 'ਅਦਾਲਤ ਵੱਲੋਂ ਮਾਣਹਾਨੀ ਲਈ ਸਜ਼ਾ ਦੇਣ ਦੀ ਤਾਕਤ ਨੈਤਿਕ ਤੌਰ 'ਤੇ ਮਜ਼ਬੂਤ ਗਾਂਧੀਵਾਦੀਆਂ ਦੇ ਵਿਰੁੱਧ ਬੇਅਸਰ ਹੋਣ ਦੀ ਸੰਭਾਵਨਾ ਰੱਖਦੀ ਹੈ। ਜਿਹੜੇ ਲੋਕ ਮੁਆਫੀ ਮੰਗਣ ਦੀ ਬਜਾਏ ਸਜ਼ਾ ਭੁਗਤਣ ਲਈ ਤਿਆਰ ਹੋਣ ਅਤੇ ਅਲੋਚਨਾ ਕਰਨ ਦੀ ਆਪਣੀ ਮੌਲਿਕ ਅਜ਼ਾਦੀ 'ਤੇ ਦ੍ਰਿੜ ਹੋਣ, ਉਹਨਾਂ ਦੇ ਸਾਹਮਣੇ ਅਦਾਲਤ ਦੇ ਨੈਤਿਕ ਹੱਕ ਨੂੰ ਖੋਰਾ ਲੱਗ ਸਕਦਾ ਹੈ, ਨਰਮਦਾ ਬਚਾਓ ਅੰਦੋਲਨ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਦੇ ਵਿਰੋਧ ਵਿੱਚ ਸਾਠੇ ਨੇ ਲਿਖਿਆ ਸੀ, ਜਿੱਥੇ ਸਜ਼ਾ ਦਾ ਡਰ ਖਤਮ ਹੋ ਜਾਂਦਾ ਹੈ ਅਤੇ ਵਿਅਕਤੀ ਦੁੱਖ ਝੱਲਣ ਲਈ ਤਿਆਰ ਹੁੰਦਾ ਹੈ, ਉੱਥੇ ਸਜ਼ਾ ਦੀ ਸ਼ਕਤੀ ਵੀ ਗਾਇਬ ਹੋ ਜਾਂਦੀ ਹੈ। ਇਸ ਤੋਂ ਇਲਾਵਾ, ਜਦੋਂ ਅਜਿਹੇ ਵਿਅਕਤੀਆਂ ਵਿੱਚ ਨੈਤਿਕ ਦ੍ਰਿੜ੍ਹਤਾ ਹੁੰਦੀ ਹੈ ਤਾਂ ਉਨ੍ਹਾਂ ਦੇ ਦੁੱਖਾਂ ਵਿੱਚ ਬੇਸ਼ੱਕ ਵਾਧਾ ਹੋ ਸਕਦਾ ਸੀ, ਪਰ ਅਦਾਲਤ ਵੱਲੋਂ ਸਜ਼ਾ ਦੇਣ ਨਾਲ ਉਨ੍ਹਾਂ ਦਾ ਲੋਕਾਂ ਵਿਚ ਮਾਣ-ਸਨਮਾਨ ਵਧ ਜਾਣਾ ਸੀ ਅਤੇ ਅਦਾਲਤ ਦੇ ਆਪਣੇ ਜਨਤਕ ਸਨਮਾਨ ਨੂੰ ਖੋਰਾ ਲੱਗ ਜਾਣਾ ਸੀ।

ਉੱਘੇ ਕਮਿਊਨਿਸਟ ਆਗੂ ਈ.ਐੱਮ.ਐੱਸ. ਨੰਬੂਦਰੀਪਾਦ ਨੇ 9 ਨਵੰਬਰ, 1967 ਨੂੰ ਇਕ ਜਨਤਕ ਭਾਸ਼ਣ ਦੌਰਾਨ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਨਿਆਂ ਪਾਲਿਕਾ ਬਾਰੇ ਟਿੱਪਣੀਆਂ ਕੀਤੀਆਂ ਸਨ। ਸਭ ਨੂੰ ਪਤਾ ਹੈ ਕਿ ਮਾਰਕਸਵਾਦ ਸਰਮਾਏਦਾਰਾ ਸਟੇਟ ਨੂੰ ਇਸ ਦੀ ਨਿਆਂ ਪਾਲਿਕਾ ਸਮੇਤ ਇਸ ਦੇ ਸਾਰੇ ਅੰਗਾਂ ਨੂੰ ਜਨਤਾ ਨੂੰ ਲੁੱਟਣ ਵਾਲੀ ਮਸ਼ੀਨ ਮੰਨਦਾ ਹੈ, ਪਰ ਫਰਵਰੀ 1968 ਵਿੱਚ ਕੇਰਲ ਦੀ ਹਾਈ ਕੋਰਟ ਨੇ ਅਜੀਬ ਕਦਮ ਚੁੱਕਦਿਆਂ ਨੰਬੂਦਰੀਪਾਦ ਨੂੰ ਅਦਾਲਤੀ ਮਾਣਹਾਨੀ ਦਾ ਦੋਸ਼ੀ ਠਹਿਰਾ ਦਿੱਤਾ। ਇਹ ਉਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਕਿਸੇ ਨੂੰ ਗੁਰਬਾਣੀ ਦੀ ਇਹ ਤੁਕ 'ਰਾਜੇ ਸੀਂਹ ਮੁਕੱਦਮ ਕੁਤੇ' ਪੜ੍ਹਨ 'ਤੇ ਕੇਸ ਵਿੱਚ ਉਲਝਾ ਲਿਆ ਜਾਵੇ। ਇਸ ਤੋਂ ਤੁਰੰਤ ਬਾਅਦ ਈ ਐੱਮ ਐੱਸ ਨੇ ਹਾਈਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ। ਜਸਟਿਸ ਮੁਹੰਮਦ ਹਦਾਇਤਉਲਾ ਦੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਦੇ ਹੋਏ, 31 ਜੁਲਾਈ, 1970 ਨੂੰ ਆਪਣੇ ਫੈਸਲੇ ਵਿੱਚ ਨੰਬੂਦਰੀਪਾਦ ਨੂੰ ਦੋਸ਼ੀ ਠਹਿਰਾ ਦਿੱਤਾ। ਅਦਾਲਤ ਵੱਲੋਂ ਮਾਰਕਸ-ਏਂਗਲਜ਼ ਦੀਆਂ ਲਿਖਤਾਂ ਵਿੱਚੋਂ ਟੂਕ ਲੈ ਕੇ ਉਸ ਨੂੰ ਮਾਰਕਸ ਅਤੇ ਏਂਗਲਜ਼ ਦੀਆਂ ਸੱਚੀਆਂ ਸਿੱਖਿਆਵਾਂ ਵਿਚ 'ਪਨਾਹ ਲੈਣ ਦਾ ਦੋਸ਼ੀ' ਕਰਾਰ ਦੇ ਦਿੱਤਾ ਗਿਆ, ਪਰ ਨਾਲ ਹੀ ਇਹ ਵੀ ਕਿਹਾ ਕਿ 'ਦਿੱਤੀ ਗਈ ਸਜ਼ਾ ਦੇ ਸਬੰਧ ਵਿੱਚ ਅਸੀਂ ਸੋਚਦੇ ਹਾਂ ਕਿ ਇਸ ਨੂੰ ਲਾਗੂ ਕਰਨਾ ਮੁਸ਼ਕਲ ਸੀ। ਇਸ ਲਈ ਮਾਮੂਲੀ ਜੁਰਮਾਨੇ ਦੀ ਸਜ਼ਾ ਦੇ ਕੇ ਅਤੇ ਅਪੀਲਕਰਤਾ ਦੀ ਅਗਿਆਨਤਾ ਨੂੰ ਬੇਨਕਾਬ ਕਰਕੇ ਇਸ ਕੇਸ ਵਿੱਚ ਨਿਆਂ ਦਾ ਮਕਸਦ ਪੂਰਾ ਕੀਤਾ ਜਾਂਦਾ ਹੈ। ਉਸ ਦੀ ਜੁਰਮਾਨੇ ਦੀ ਸਜ਼ਾ ਇਕ ਹਜ਼ਾਰ ਰੁਪਏ ਤੋਂ ਘਟਾ ਕੇ ਪੰਜਾਹ ਰੁਪਏ ਕੀਤੀ ਜਾਂਦੀ ਹੈ। ਇਹ ਕੇਸ ਜੱਜਾਂ ਵੱਲੋਂ ਮਾਰਕਸਵਾਦ ਵਰਗੇ ਸਿਧਾਂਤਕ ਦਰਸ਼ਨ ਸ਼ਾਸਤਰ ਵਿੱਚ ਦਖਲ-ਅੰਦਾਜ਼ੀ ਕਰਨ ਦੀ ਬੇਲੋੜੀ ਕੋਸ਼ਿਸ਼ ਸੀ, ਹਾਲਾਂਕਿ ਸਬੰਧਤ ਜੱਜ ਦੀ ਮਾਰਕਸਵਾਦ ਬਾਰੇ ਜਾਣਕਾਰੀ ਅਧੂਰੀ ਸੀ, ਸਗੋਂ ਨੰਬੂਦਰੀਪਾਦ ਵੱਲੋਂ ਕਿਸੇ ਸਿਆਸੀ ਬਿਰਤਾਂਤ ਵਿੱਚ ਮਾਰਕਸਵਾਦ ਨੂੰ ਵਰਤਣ ਦੇ ਜਮਹੂਰੀ ਹੱਕ ਦੇ ਵੀ ਵਿਰੁੱਧ ਸੀ।

ਉਪਰੋਕਤ ਮਿਸਾਲਾਂ ਅਤੇ ਵਿਆਖਿਆ ਦੇਣ ਦਾ ਮਕਸਦ ਹੈ ਕਿ ਅਦਾਲਤੀ ਮਾਣਹਾਨੀ ਵਾਲੇ ਕਾਨੂੰਨ ਦੀ ਜਮਹੂਰੀ ਸਮਾਜ ਵਿੱਚ ਕੋਈ ਵਾਜਬੀਅਤ ਨਹੀਂ ਬਣਦੀ। ਇੰਗਲੈਂਡ ਵਿੱਚ ਇਸ ਕਾਨੂੰਨੀ ਜੁਰਮ ਦਾ ਆਖਰੀ ਮੁਕੱਦਮਾ 1931 ਵਿੱਚ ਚਲਾਇਆ ਗਿਆ ਸੀ।

2012 ਵਿੱਚ ਲਾਅ ਕਮਿਸ਼ਨ ਨੇ ਮਾਣਹਾਨੀ ਦੀਆਂ ਸ਼ਕਤੀਆਂ ਬਾਰੇ ਇੱਕ ਪੇਪਰ ਪ੍ਰਕਾਸ਼ਤ ਕੀਤਾ, ਜਿਸ ਵਿੱਚ ਇਸ ਨੇ ਸਪੱਸ਼ਟ ਤੌਰ 'ਤੇ 'ਅਦਾਲਤ ਨੂੰ ਬਦਨਾਮ ਕਰਨ' ਦੇ ਅਪਰਾਧ ਵਾਲੇ ਕਾਨੂੰਨ ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ ਸੀ। ਇਸ ਦੀਆਂ ਸਿਫਾਰਸਾਂ ਨੂੰ ਸਵੀਕਾਰ ਕਰ ਲਿਆ ਗਿਆ ਸੀ ਅਤੇ ਅਪਰਾਧਿਕ ਕਾਨੂੰਨ ਨੂੰ 2013 ਵਿੱਚ ਖਤਮ ਕਰ ਦਿੱਤਾ ਗਿਆ ਸੀ। ਜੇਕਰ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਵਰਗੇ ਸਭ ਤੋਂ ਸ਼ਕਤੀਸਾਲੀ ਅਹੁਦੇ ਉਪਰ ਬੈਠੇ ਅਤੇ ਬਹੁਗਿਣਤੀ ਸੰਸਦਾਂ ਵੱਲੋਂ ਚੁਣੇ ਗਏ ਵਿਅਕਤੀ ਦੀ ਅਲੋਚਨਾ ਹੋ ਸਕਦੀ ਹੈ, ਤਾਂ ਜੱਜਾਂ ਵਰਗੇ ਨਾਮਜ਼ਦ ਕੀਤੇ ਵਿਅਕਤੀਆਂ ਨੂੰ ਅਲੋਚਨਾ ਦੇ ਦਾਇਰੇ ਵਿੱਚੋਂ ਬਾਹਰ ਕਿਉਂ ਰੱਖਿਆ ਜਾਵੇ?

(• ਬਾਕੀ ਸਫਾ 6 'ਤੇ)

# ਨਾਗਰਿਕ ਰੋਜ਼ਾਨਾ ਹੀ ਭਰਦੇ ਟੈਕਸ, ਫੀਸਾਂ, ਜੁਰਮਾਨੇ

**ਜਸਪਾਲ ਸਿੰਘ ਲੋਹਾਮ**

ਧਰਤੀ ਪੈਰ ਧਰਦਿਆਂ ਟੈਕਸ ਦੇਣ ਦੀ ਪ੍ਰਥਾ ਚੱਲ ਪੈਂਦੀ ਹੈ। ਹਸਪਤਾਲਾਂ ਦੇ ਅੰਦਰ ਪਰਚੀਆਂ, ਦਵਾਈਆਂ ਖਰੀਦ ਕੇ ਜੋ ਲਿਆਉਂਦੇ ਹਾਂ, ਉਸ 'ਤੇ ਫੀਸ ਟੈਕਸ ਲੱਗਦਾ ਹੈ। ਹਰ ਪਰਚੀ 'ਤੇ ਖਰੀਦੇ ਸਮਾਨ ਦੀ ਰਕਮ ਤੇ ਟੈਕਸ ਅਜੋਕੇ ਸਮੇਂ ਵਿਚ ਲਿਖਿਆ ਜਾਂਦਾ ਹੈ। ਮਾਰਕੀਟ ਵਿਚ ਵੀ ਜਦੋਂ ਬਿੱਲ ਲੈਂਦੇ ਹਾਂ ਟੈਕਸ ਪਾ ਦਿੱਤਾ ਜਾਂਦਾ ਹੈ। ਇਹ ਸਭ ਨੂੰ ਪਤਾ ਹੋਏਗਾ। ਹਰ ਜਾਣਕਾਰ ਹੈ। ਜਨਮ ਮਿਤੀ, ਮਰਨ ਦਾ ਸਰਟੀਫਿਕੇਟ, ਬਾਜ਼ਾਰ ਵਿਚੋਂ ਕੱਪੜੇ ਖਰੀਦਦੇ ਹਾਂ, ਉਸ 'ਤੇ ਟੈਕਸ, ਕਾਪੀਆਂ ਕਿਤਾਬਾਂ, ਸਟੇਸ਼ਨਰੀ ਦਾ ਸਮਾਨ ਖਰੀਦੋ, ਚਲੋ ਦਿਓ ਟੈਕਸ। ਪਲਾਟ ਖਰੀਦਣ ਸਮੇਂ ਸਰਕਾਰੀ ਫੀਸਾਂ ਟੈਕਸ ਲੱਗਦਾ ਹੈ। ਵੱਖਰਾ ਗੱਫਾ ਅੱਡ ਲੈ ਜਾਂਦੇ ਹਨ। ਇਹ ਗਾਥਾ ਪੁਰਾਤਨ ਹੈ। ਕਈ ਦਹਾਕੇ ਇਹ ਪਿੰਡੇ 'ਤੇ ਹੰਢਾਇਆ ਹੈ। ਜਮਾਂਬੰਦੀ ਲਓ, ਦਿਓ ਪੰਜ ਸੌ, ਕਿਸੇ ਸਮੇਂ ਇੰਜ ਵੀ ਚਲਦਾ ਸੀ। ਜਾਣ-ਪਛਾਣ ਵਾਲਾ ਵੀ ਨਹੀਂ ਬਖਸ਼ਦਾ ਸੀ। ਪਲਾਟ ਰੈਗੂਲਰ ਕਰਾਉਣ ਦੀਆਂ ਭਾਰੀ ਰਕਮਾਂ ਦਿੱਤੀਆਂ ਅਤੇ ਲਾਲ ਰਸੀਦਾਂ 'ਤੇ ਸਭ ਦਰਜ ਹੈ। ਮੋਬਾਇਲ ਖਰੀਦ, ਬਿਜਲੀ ਬਿੱਲਾਂ ਤੇ ਪਹਿਲਾਂ ਬਿੱਲ ਫਿਰ ਉੱਤੇ ਟੈਕਸ ਦਿੰਦੇ ਰਹੇ ਹਾਂ। ਲੱਕੜ, ਕੋਲਾ, ਪੱਥਰ, ਅਲਮਾਰੀ, ਬੈੱਡ, ਸਟੀਲ, ਕੱਚ ਦੇ ਬਨੇਰੇ, ਸੈਨੇਟਰੀ ਦਾ ਸਮਾਨ, ਫਰਨੀਚਰ, ਬਿਜਲੀ ਦਾ ਸਮਾਨ, ਕੰਪਿਊਟਰ, ਲੈਪਟਾਪ, ਕੂਲਰ, ਏ.ਸੀ. ਬਿੱਲ ਤੇ ਟੈਕਸ ਤਾਰਦੇ ਹਾਂ। ਖਾਣਾ ਖਾਣ ਲਈ ਹੋਟਲ ਤੇ ਜਾਂਦੇ ਹਾਂ, ਪਰਚੀ 'ਤੇ ਟੈਕਸ ਲਾ ਕੇ ਦਿੰਦੇ ਹਨ। ਚਾਹ ਦੇ ਕੱਪ 'ਤੇ ਵੀ ਟੈਕਸ ਲਾਉਂਦੇ ਹਨ। ਟੋਲ ਪਲਾਜ਼ਾ 'ਤੇ ਫੀਸ, ਕਾਰ, ਮੋਟਰਸਾਈਕਲ, ਖਰੀਦ ਰਜਿਸਟ੍ਰੇਸ਼ਨ ਬੀਮੇ 'ਤੇ ਟੈਕਸ ਅਦਾ ਕਰਦੇ ਹਾਂ। ਜਾਤੀ ਸਰਟੀਫਿਕੇਟ, ਵਸਨੀਕ ਸਰਟੀਫਿਕੇਟ ਤੇ ਫੀਸ, ਪਾਣੀ ਸੀਵਰੇਜ 'ਤੇ ਟੈਕਸ, ਪਰਾਪਰਟੀ ਟੈਕਸ, ਰੋਡ ਟੈਕਸ, ਬੀਮਾ, ਬੈਗ, ਕਿੱਟ, ਸ਼ਹਿਰੀ ਪਾਰਕਿੰਗ, ਹਸਪਤਾਲ ਪਾਰਕਿੰਗ, ਵਿਦੇਸ਼ਾਂ ਨੂੰ ਰਕਮ ਭੇਜਣ, ਜ਼ਿਆਦਾ ਏ.ਟੀ.ਐੱਮ. ਦੀ ਵਰਤੋਂ 'ਤੇ ਖਰਚਾ, ਬੈਂਕ ਐੱਸ.ਐੱਮ.ਐੱਸ. ਦੇ ਖਰਚੇ ਪਾਏ ਜਾਂਦੇ ਹਨ। ਆਨਲਾਈਨ ਸੇਵਾਵਾਂ 'ਤੇ ਟੈਕਸ ਦਿੰਦੇ ਹਾਂ। ਸਾਰੇ ਹੀ ਦੇ ਰਹੇ ਹਨ। ਅਜੇ ਇਥੇ ਹੋਰ ਵੀ ਬਹੁਤ ਕੁੱਝ ਦੱਸਿਆ ਜਾ ਸਕਦਾ ਹੈ। ਇਹ ਜ਼ਿੰਦਗੀ ਭਰ ਅਦਾ ਕਰਦੇ ਰਹਾਂਗੇ।

ਇਹ ਫੀਸਾਂ, ਖਰਚੇ, ਟੈਕਸ ਗਰੀਬ-ਅਮੀਰ ਸਾਰੇ ਹੀ ਭਰ ਰਹੇ ਹਨ। ਕਰਮਚਾਰੀ, ਪੈਨਸ਼ਨਰ ਵੀ ਆਮਦਨ ਕਰ ਦਿੰਦੇ ਹਨ। ਬੇਸ਼ੱਕ ਦੇਸ਼ ਵਿਕਾਸ ਦੀਆਂ ਪੁਲਾਂਘਾਂ ਪੁੱਟ ਰਿਹਾ ਹੈ, ਪਰ ਇਸ ਦਿੱਤੇ ਟੈਕਸ ਦੀ ਵਰਤੋਂ ਸਹੀ ਹੋਣੀ ਚਾਹੀਦੀ ਹੈ। ਆਮ ਲੋਕ ਫੀਸਾਂ, ਟੈਕਸ ਦੇ ਕੇ ਕੰਗਾਲ ਹੋ ਰਹੇ ਹਨ। ਨਾਗਰਿਕਾਂ ਨੂੰ ਪੱਕੀਆਂ ਸਾਫ-ਸੁਥਰੀਆਂ ਟੋਇਆਂ ਰਹਿਤ ਸੜਕਾਂ ਦੀ ਲੋੜ ਹੈ, ਲਗਾਤਾਰ ਬਿਜਲੀ ਮਿਲਣੀ ਚਾਹੀਦੀ ਹੈ। ਵਧੀਆ ਕਿਸਮ ਦੀਆਂ ਸੜਕਾਂ ਹੋਣ, ਹਰ ਪਿੰਡ ਸ਼ਹਿਰ ਸੜਕਾਂ ਵਧੀਆ ਹੋਣ ਤੇ ਨਾਲ ਦੀ ਨਾਲ ਮੁਰੰਮਤ ਹੋਈ ਜਾਵੇ। ਲੋੜ ਅਨੁਸਾਰ ਬਾਥਰੂਮਾਂ ਦੀ ਜ਼ਰੂਰਤ ਹੈ। ਸਫਾਈ ਹੋਵੇ। ਹਰ ਇਲਾਕੇ ਵਿਚ ਸਟਰੀਟ ਲਾਈਟਾਂ ਸਮੇਂ ਸਿਰ ਜਗਦੀਆਂ ਹੋਣ। ਮੁੱਖ ਸੜਕਾਂ ਹਾਈਵੇ ਪੱਧਰੀਆਂ ਹੋਣ ਅਤੇ ਸਾਰਾ ਪ੍ਰਬੰਧ ਹੋਵੇ। ਜ਼ਰੇ ਜ਼ਰੇ ਵਿਚ ਗਰਕਿਆਂ ਪਿਆ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਦਾ ਬੋਲਬਾਲਾ ਖਤਮ ਹੋਵੇ। ਕੰਮ ਸਮੇਂ ਸਿਰ ਹੁੰਦੇ ਹੋਣੇ ਚਾਹੀਦੇ ਹਨ। ਵੱਡੇ ਪੱਧਰ 'ਤੇ ਰੁਜ਼ਗਾਰ ਦੀ ਲੋੜ ਹੈ। ਲੱਖਾਂ ਦੇ ਹਿਸਾਬ ਨਾਲ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਵਿਚ ਨਵੀਂ ਪੀੜ੍ਹੀ ਨੂੰ ਸੈੱਟ ਕੀਤਾ ਜਾਵੇ। ਪੜ੍ਹ-ਲਿਖ ਕੇ ਡਿਗਰੀਆਂ ਲੈ ਕੇ ਬਾਹਰਲੇ ਹਾਲਾਤ ਦੇਖ ਕੇ ਬਾਹਰ ਜਾਣ ਦੇ ਉਤਾਵਲੇ ਹਨ। ਨਵੀਂ ਪੀੜ੍ਹੀ ਦਾ ਰੁਝਾਨ ਬਾਹਰਲੇ ਦੇਸ਼ਾਂ ਵੱਲ ਹੈ। ਵੀਹ-ਤੀਹ ਲੱਖ ਰੁਪਏ ਲਾ ਕੇ ਬਾਹਰ ਜਾਂਦੇ ਹਨ। ਨੌਕਰੀਆਂ ਦੇਣ ਸਮੇਂ ਕੋਟੇ ਦੀ ਪ੍ਰਥਾ ਖਤਮ ਹੋਣੀ ਚਾਹੀਦੀ ਹੈ। ਸਾਰਾ ਕੰਮ ਕਾਬਲੀਅਤ ਦੇ ਅਧਾਰ 'ਤੇ ਹੋਵੇ। ਅੰਕਾਂ ਦੇ ਅਧਾਰ 'ਤੇ, ਜਿੱਥੇ ਜਿਹੜਾ ਫਿੱਟ ਹੁੰਦਾ ਹੈ, ਉਵੇਂ ਕਰਨਾ ਚਾਹੀਦਾ ਹੈ। ਬਾਹਰਲੇ ਦੇਸ਼ਾਂ ਵਿਚ ਸਭ ਨੂੰ ਇਕਸਾਰ ਸਮਝਿਆ ਜਾਂਦਾ ਹੈ, ਉਹ ਸਿਸਟਮ ਇਥੇ ਲਾਗੂ ਹੋਵੇ ਤਾਂ ਬਹੁਤ ਵਧੀਆ ਗੱਲ ਹੈ। ਕਿਤੇ ਇਉਂ ਨਾ ਹੋ ਜਾਵੇ, ਸਾਰੇ ਨੌਜਵਾਨ ਬਾਹਰ ਚਲੇ ਜਾਣ ਤੇ ਬੁੱਢੇ ਇਥੇ ਰਹਿ ਜਾਣ। ਹਾਲਾਤ ਦੱਸ ਰਹੇ ਹਨ। ਦੇਸ਼ ਦੇ ਸਿਸਟਮ ਵਿਚ ਤਬਦੀਲੀ ਲਿਆਉਣ ਦੀ ਜ਼ਰੂਰਤ ਹੈ, ਅੱਪਡੇਟ ਕਰਨ ਦੀ ਲੋੜ ਹੈ। ਟੈਕਸ ਦੀਆਂ ਦਰਾਂ ਘਟਾਈਆਂ ਜਾਣ, ਹਰ ਦੇਸ਼ ਵਾਸੀ ਨੂੰ ਟੈਕਸ ਵਿਚ ਸ਼ਾਮਲ ਕੀਤਾ ਜਾਵੇ, ਕੰਮ ਕਰਨ ਵਾਲੇ ਨੂੰ ਕਿਸੇ ਵੀ ਨਾ ਛੱਡਿਆ ਜਾਵੇ, ਉਸ ਨੂੰ ਟੈਕਸ ਵਿਚ ਸ਼ਾਮਲ ਕੀਤਾ ਜਾਵੇ। ਟੈਕਸ ਇਕੱਤਰ ਕਰਨ ਦੇ ਮਾਮਲੇ ਵਿਚ ਚੰਗੀ ਵਿਦੇਸ਼ੀ ਨੀਤੀ ਅਪਣਾਈ ਜਾਵੇ। ਵਿਕਸਤ ਦੇਸ਼ਾਂ ਵਾਂਗ ਚੱਲ ਕੇ ਦੇਸ਼ ਨੂੰ ਖੁਸ਼ਹਾਲ ਅਤੇ ਵਿਕਤ ਬਣਾਉਣਾ ਚਾਹੀਦਾ ਹੈ। ਹਰੇਕ ਦੇਸ਼ ਵਾਸੀ ਆਪਣਾ ਫਰਜ਼ ਅਦਾ ਕਰੇ। ਆਪਣੇ ਆਲੇ ਦੁਆਲੇ ਸਾਫ-ਸਫਾਈ ਦਾ ਧਿਆਨ ਰੱਖਿਆ ਜਾਵੇ। ਗੰਦਗੀ ਤੇ ਖਿਲਾਰਾ ਨਾ ਪਾਇਆ ਜਾਵੇ। ਆਪਣੇ ਸੁਭਾਅ ਨੂੰ ਬਦਲਿਆ ਜਾਵੇ। ਖਾ-ਪੀ ਕੇ ਬੋਤਲਾਂ, ਕਵਰ ਕਾਗਜ਼ ਪਾਸੇ-ਆਸੇ ਨਾ ਸੁੱਟੇ ਜਾਣ ਅਤੇ ਡਸਟਬੀਨ ਦੀ ਵਰਤੋਂ ਕੀਤੀ ਜਾਵੇ। ਦੇਸ਼ ਦੀ ਅੱਧੀ ਗੰਦਗੀ ਦਾ ਹੱਲ ਅਸੀਂ ਇਸ ਤਰ੍ਹਾਂ ਕਰਕੇ ਕਰ ਸਕਦੇ ਹਾਂ।

**# ਸੰਪਰਕ : 97810-40140**

# ਸ਼ਰਾਬ ਕਾਨੂੰਨੀ ਬਰਬਾਦੀ ਦਾ ਨਸ਼ਾ



ਪਵਨ ਕੁਮਾਰ ਕੌਸ਼ਲ

ਜੇ ਇਹ ਕਿਹਾ ਜਾਵੇ ਕਿ ਅਲਕੋਹਲ/ਸ਼ਰਾਬ ਪੂੰਜੀਵਾਦ ਦਾ ਮੁਕਤੀਦਾਤਾ ਹੈ ਤਾਂ ਇਹ ਕੋਈ ਅਤਕਥਨੀ ਨਹੀ ਹੋਵੇਗੀ। ਸ਼ਰਾਬ ਦੀ ਲਤ ਉਦਯੋਗ ਅਤੇ ਵਣਜ ਦੇ ਹਰ ਪੱਧਰ 'ਤੇ ਪਾਈ ਜਾਂਦੀ ਹੈ। ਕਾਰਜਕਾਰੀ, ਪ੍ਰਬੰਧਕ, ਕਲਰਕ, ਦੁਕਾਨ ਦਾ ਕੰਮ ਕਰਨ ਵਾਲਾ। ਵਾਈਨ ਅਤੇ ਸਪਿਰਿਟ, ਬੀਅਰ, ਸਸਤੀ ਵਾਈਨ ਤੋਂ ਲੈ ਕੇ ਸਭ ਤੋਂ ਸਸਤੀ ਮਿਥਾਈਲੇਟਿਡ ਸਪਿਰਟ ਤੱਕ, ਆਮਦਨੀ ਦੇ ਨਾਲ ਪੀਣ ਦੀ ਕਿਸਮ ਬਦਲਦੀ ਹੈ ਅਤੇ ਪੀਣ ਵਾਲਾ ਇੱਕ ਮਹੱਤਵਪੂਰਨ ਮਨੁੱਖ ਦੀ ਬਜਾਏ, ਪੂਰੀ ਤਰ੍ਹਾਂ ਪਤਨਸ਼ੀਲਤਾ ਦੇ ਪੜਾਅ 'ਤੇ ਪਹੁੰਚ ਗਿਆ ਹੈ, ਇੱਕ ਨਿਕੰਮਾ ਥੋਥਾ ਪਿੰਜਰ।

ਅਲਕੋਹਲ ਸਿਰਫ ਇੱਕ ਬਦਲ ਹੈ, ਜੋ ਆਦਮੀ ਅਸਲੀਅਤ ਤੋਂ ਆਪਣੇ ਆਪ ਨੂੰ ਉਡਾਣ ਵਿੱਚ ਸਮਝਦੇ ਹਨ। ਆਤਮ-ਹੱਤਿਆ ਅਤੇ ਮਾਨਸਿਕ ਬੀਮਾਰੀਆਂ ਬਰਾਬਰ ਭਾਵਨਾਤਮਕ ਤਣਾਅ ਦੇ ਨਤੀਜੇ ਹਨ, ਜੋ ਪੂੰਜੀਵਾਦੀ ਸਮਾਜ ਮਨੁੱਖਤਾ 'ਤੇ ਥੋਪਦਾ ਹੈ। ਇਹਨਾਂ ਸਾਰੀਆਂ ਸਮੱਸਿਆਵਾਂ ਦੀ ਹੋਂਦ ਉਸ ਸਮਾਜ ਦੇ ਵਿਰੁੱਧ ਮਨੁੱਖ ਦੇ ਅਚੇਤ ਵਿਰੋਧ ਦਾ ਹਿੱਸਾ ਹੈ, ਜੋ ਨਾ ਸਿਰਫ਼ ਉਸ ਦੀਆਂ ਲੋੜਾਂ ਤੋਂ ਇਨਕਾਰ ਕਰਦਾ ਹੈ, ਸਗੋਂ ਉਸ ਨੂੰ ਸਰਗਰਮੀ ਨਾਲ ਤਬਾਹ ਕਰ ਦਿੰਦਾ ਹੈ। ਸੰਪਤੀ ਵਾਲੇ ਸਮਾਜ ਦੀਆਂ ਖਾਲੀ ਪ੍ਰਤੀਯੋਗੀ ਕਦਰਾਂ-ਕੀਮਤਾਂ ਜਿਨ੍ਹਾਂ ਤੋਂ ਲੋਕ ਪੀਣ ਦੀ ਸ਼ਰਨ ਲੈਂਦੇ ਹਨ।

ਅਲਕੋਹਲ/ਸ਼ਰਾਬ ਦੀ ਵਰਤੋਂ ਕਾਰਨ ਹਰ ਸਾਲ 33 ਲੱਖ ਮੌਤਾਂ ਹੁੰਦੀਆਂ ਹਨ ਜਾਂ ਵਿਸ਼ਵ ਭਰ ਵਿੱਚ ਹੋਣ ਵਾਲੀਆਂ ਸਾਰੀਆਂ ਮੌਤਾਂ ਦਾ 6 ਪ੍ਰਤੀਸ਼ਤ। ਅਲਕੋਹਲ ਦੀ ਵਰਤੋਂ ਦੇ ਦੂਰਗਾਮੀ ਹਾਨੀਕਾਰਕ ਪ੍ਰਭਾਵ ਹੁੰਦੇ ਹਨ ਅਤੇ ਵਿਅਕਤੀਗਤ ਸਿਹਤ ਜੋਖਮਾਂ, ਰੋਗ ਅਤੇ ਮੌਤ ਦਰ ਤੋਂ ਲੈ ਕੇ ਪਰਵਾਰ, ਦੋਸਤਾਂ ਅਤੇ ਵੱਡੇ ਸਮਾਜ ਲਈ ਭੈੜੇ ਨਤੀਜਿਆਂ ਤੱਕ ਹੁੰਦੇ ਹਨ।

ਵਿਸ਼ਵ ਅੰਦਰ ਸ਼ਰਾਬ ਦੀ ਪ੍ਰਤੀ ਵਿਅਕਤੀ ਖਪਤ 6.4 ਲਿਟਰ ਹੈ ਅਤੇ ਭਾਰਤ ਵਿੱਚ ਇਹ 13.5 ਲਿਟਰ, ਪੰਜਾਬ ਵਿੱਚ 7.9 ਲਿਟਰ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ ਮੁਤਾਬਕ ਕੋਈ 15 ਕਰੋੜ ਭਾਰਤੀ ਸ਼ਰਾਬ ਦਾ ਸੇਵਨ ਕਰਦੇ ਹਨ। ਪੰਜਾਬ ਦੀ ਅਬਾਦੀ ਦਾ 28.5 ਪ੍ਰਤੀਸ਼ਤ ਸ਼ਰਾਬ ਪੀਂਦੀ ਹੈ, ਜਿਨ੍ਹਾਂ ਵਿੱਚ 6% ਨਬਾਲਗ ਬੱਚੇ ਵੀ ਸ਼ਾਮਲ ਹਨ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ, ਜਿਸ ਪ੍ਰਤੀ ਆਮ ਜਨਤਾ ਨੂੰ ਸੁਚੇਤ ਹੋਣਾ ਹੋਣ ਦੀ ਲੋੜ ਹੈ।

ਸਰਮਾਏਦਾਰ ਪੱਖੀ ਸਰਕਾਰਾਂ ਨਹੀ ਚਾਹੁੰਦੀਆਂ ਕਿ ਨੌਜਵਾਨ ਉਨ੍ਹਾਂ ਦੇ ਦੁਰ-ਪ੍ਰਬੰਧ ਅਤੇ ਸ਼ੋਸ਼ਣ ਅਧਾਰਤ ਵਿਵਸਥਾ ਵਿਰੁੱਧ ਲਾਮਬੰਦ ਹੋਣ। ਇਹ ਨੌਜਵਾਨਾਂ ਨੂੰ ਨਸ਼ਿਆਂ ਦੇ ਮਕੜ ਜਾਲ ਵਿੱਚ ਫਸਾਈ ਰੱਖਣਾ ਚਹੁੰਦੀਆਂ ਹਨ। ਸ਼ਰਾਬ ਅਸਾਨੀ ਨਾਲ ਉਪਲੱਬਧ ਇੱਕ ਅਜਿਹਾ ਨਸ਼ਾ ਹੈ, ਜਿਸ ਨੂੰ ਸਰਕਾਰ ਖੁਦ ਮੁਹੱਈਆ ਕਰਵਾਉਂਦੀ ਹੈ। ਸ਼ਰਾਬ ਦੀ ਲਤ ਮਨੁੱਖੀ ਜੀਵਨ ਤੇ ਸਮਾਜ ਨੂੰ ਬਰਬਾਦ ਕਰ ਰਹੀ ਹੈ।

ਸ਼ਰਾਬ ਦੇ ਮਾੜੇ ਪ੍ਰਭਾਵ;ਸ਼ਰਾਬ ਨਾਲ ਦਿਮਾਗ ਦੇ ਸੈੱਲਾਂ ਦਾ ਕਮਜ਼ੋਰ ਪੈਣਾ, ਸ਼ਰਾਬ ਦੀ ਲੰਬੇ ਸਮੇਂ ਲਈ ਵਰਤੋਂ ਦਿਮਾਗ ਦੇ ਸੁੰਗੜਣ ਦਾ ਕਾਰਨ ਵੀ ਬਣਦੀ ਹੈ। ਵਿਅਕਤੀ ਨੂੰ ਆਪਣੀਆਂ ਭਾਵਨਾਵਾਂ ਅਤੇ ਇੱਛਾਵਾਂ ਨੂੰ ਕਾਬੂ ਕਰਨਾ ਔਖਾ ਹੋ ਜਾਂਦਾ ਹੈ। ਵਿਅਕਤੀ ਬਿਨਾਂ ਸੋਚੇ-ਸਮਝੇ ਕੰਮ ਕਰਦਾ ਤੇ ਬੋਲਦਾ ਹੈ ਜਾਂ ਹਿੰਸਕ ਵੀ ਹੋ ਸਕਦਾ ਹੈ। ਲੰਮੇ ਸਮੇਂ ਤੋਂ ਸ਼ਰਾਬ ਪੀਣ ਨਾਲ ਫਰੋਟੰਲ ਲੋਬਸ/ਮੱਥੇ ਦੀਆਂ ਹੱਡੀਆਂ ਨੂੰ ਹਮੇਸ਼ਾ ਲਈ ਨੁਕਸਾਨ ਹੋ ਸਕਦਾ ਹੈ। ਸ਼ਰਾਬ ਜਿਗਰ ਦੀ ਬਿਮਾਰੀ ਅਤੇ ਦਿਮਾਗੀ ਕਮਜ਼ੋਰੀ ਦੇ ਵਿਕਾਸ ਦੀ ਸੰਭਾਵਨਾ ਨੂੰ ਵਧਾਉਂਦੀ ਹੈ। ਮਾਨਸਕ ਅਤੇ ਸਰੀਰਕ ਨੁਕਸਾਨਾਂ ਤੋਂ ਇਲਾਵਾ ਇਹ ਕਿਸੇ ਦੇ ਸਮਾਜਕ ਜੀਵਨ ਨੂੰ ਵੀ ਪ੍ਰਭਾਵਤ ਕਰ ਸਕਦੀ ਹੈ। ਸ਼ਰਾਬ ਦੀ ਦੁਰਵਰਤੋਂ ਨਾਲ ਹੋਰ ਕਈ ਤਰ੍ਹਾਂ ਦੇ ਸਿਹਤ ਅਤੇ ਮਾਨਸਕ ਵਿਕਾਰ ਵਿਕਸਤ ਹੋ ਜਾਂਦੇ ਹਨ।

ਅਪਰਾਧਿਕ ਗਤੀਵਿਧੀਆਂ ਅਤੇ ਹਿੰਸਾ ਵਿੱਚ ਸ਼ਰਾਬ ਇੱਕ ਵੱਡੀ ਭੂਮਿਕਾ ਨਿਭਾਉਂਦੀ ਹੈ। ਬਹੁਤ ਜ਼ਿਆਦਾ ਸ਼ਰਾਬ ਪੀਣਾ ਵਿਅਕਤੀ ਦੇ ਨਿਰਣੇ ਨੂੰ ਕਮਜ਼ੋਰ ਕਰਨ ਅਤੇ ਹਮਲਾਵਰ ਵਿਵਹਾਰ ਦੇ ਜੋਖਮ ਨੂੰ ਵਧਾਉਣ ਲਈ ਉਤੇਜਤ ਕਰਦੀ ਹੈ। ਇਸ ਕਾਰਨ ਦੇਸ਼ ਭਰ ਵਿੱਚ ਸ਼ਰਾਬ ਨਾਲ ਸੰਬੰਧਤ ਹਿੰਸਾ ਅਤੇ ਅਪਰਾਧ ਦੀ ਦਰ ਵਧ ਰਹੀ ਹੈ।

ਅਪਰਾਧਾਂ ਦੀ ਰੇਂਜ ਨਾਬਾਲਗ ਤੋਂ ਗੰਭੀਰ ਸਥਿਤੀ ਤੱਕ ਪਹੁੰਚ ਜਾਂਦੀ ਹੈ ਅਤੇ ਇਸ ਵਿੱਚ ਜਾਇਦਾਦ ਦੇ ਅਪਰਾਧ, ਨਸ਼ੇ ਵਿੱਚ ਗੱਡੀ ਚਲਾਉਣਾ, ਹਮਲਾ ਅਤੇ ਕਤਲ ਸ਼ਾਮਲ ਹਨ। ਔਸਤਨ, 40% ਕੈਦੀ, ਜੋ ਹਿੰਸਕ ਅਪਰਾਧਾਂ ਲਈ ਕੈਦ ਹਨ, ਆਪਣੇ ਜੁਰਮ ਦੇ ਸਮੇਂ ਦੌਰਾਨ ਸ਼ਰਾਬ ਦੇ ਪ੍ਰਭਾਵ ਅਧੀਨ ਸਨ। ਅਲਕੋਹਲ ਦੀ ਵਰਤੋਂ ਨਾਲ ਡਕੈਤੀਆਂ ਅਤੇ ਜਾਇਦਾਦ ਨਾਲ ਸੰਬੰਧਤ ਅਪਰਾਧਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਡਕੈਤੀਆਂ ਲਗਭਗ 15% ਸ਼ਰਾਬ ਦੀ ਵਰਤੋਂ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ।

ਜਿਨਸੀ ਹਮਲਾ ਇੱਕ ਜ਼ਬਰਦਸਤੀ ਜਿਨਸੀ ਕਿਰਿਆ ਹੈ ਇਸ ਵਿੱਚ ਛੇੜਛਾੜ ਅਤੇ ਸੰਭੋਗ ਸ਼ਾਮਲ ਹੋ ਸਕਦਾ ਹੈ। ਅੰਦਾਜ਼ਨ 37% ਜਿਨਸੀ ਹਮਲੇ ਅਤੇ ਬਲਾਤਕਾਰ ਅਜਿਹੇ ਅਪਰਾਧੀਆਂ ਦੁਆਰਾ ਕੀਤੇ ਜਾਂਦੇ ਹਨ, ਜੋ ਸ਼ਰਾਬ ਦੇ ਪ੍ਰਭਾਵ ਹੇਠ ਹੁੰਦੇ ਹਨ। ਅਪਰਾਧੀਆਂ ਲਈ ਸ਼ਰਾਬ ਪੀਣ ਨਾਲ ਉਨ੍ਹਾਂ ਦੇ ਹਮਲਾਵਰ ਵਿਹਾਰ ਤੇਜ਼ ਹੋ ਸਕਦਾ ਹੈ। ਅਮਰੀਕੀ ਨਿਆਂ ਵਿਭਾਗ ਦਾ ਕਹਿਣਾ ਹੈ ਕਿ 40% ਹਿੰਸਕ ਅਪਰਾਧ ਸ਼ਰਾਬ ਦੇ ਪ੍ਰਭਾਵ ਹੇਠ ਹੁੰਦੇ ਹਨ। 3 ਵਿੱਚੋਂ 1 ਘਾਤਕ ਕਾਰ ਦੁਰਘਟਨਾਵਾਂ ਸ਼ਰਾਬੀ ਡਰਾਈਵਰਾਂ ਕਾਰਨ ਹੁੰਦੀਆਂ ਹਨ। 12,000 ਪ੍ਰਤੀ ਸਾਲ।

ਤਣਾਅ, ਪੈਸੇ ਦੀ ਸਮੱਸਿਆ, ਪੇਸ਼ੇਵਰ ਅਸਥਿਰਤਾ ਅਤੇ ਹੋਰ ਬਹੁਤ ਸਾਰੇ ਕਾਰਕ ਸ਼ਰਾਬ ਦੀ ਮਾਤਰਾ ਨੂੰ ਪ੍ਰਭਾਵਤ ਕਰ ਸਕਦੇ ਹਨ ਜੋ ਵਿਅਕਤੀ ਪੀਂਦਾ ਹੈ। ਹਾਲਾਂਕਿ, ਅਲਕੋਹਲ ਨਾ ਸਿਰਫ਼ ਇੱਕ ਵਿਅਕਤੀ ਨੂੰ ਪ੍ਰਭਾਵਤ ਕਰਦੀ ਹੈ, ਇਹ ਬੱਚਿਆਂ ਸਮੇਤ ਪਰਵਾਰ ਦੇ ਮੈਂਬਰਾਂ ਅਤੇ ਦੋਸਤਾਂ ਨੂੰ ਵੀ ਪ੍ਰਭਾਵਤ ਕਰਦੀ ਹੈ। ਖੋਜ ਅਧਿਐਨਾਂ ਨੇ ਸ਼ਰਾਬ ਦੀ ਦੁਰਵਰਤੋਂ ਕਰਨ ਵਾਲੇ ਮਾਪਿਆਂ ਅਤੇ ਬੱਚਿਆਂ ਦੀ ਅਣਗਹਿਲੀ ਅਤੇ ਦੁਰਵਿਹਾਰ ਦੇ ਜੋਖਮ ਵਿਚਕਾਰ ਇੱਕ ਸੰਬੰਧ ਦਿਖਾਇਆ ਹੈ। ਲਗਭਗ 10 ਵਿੱਚੋਂ ਚਾਰ ਬਾਲ ਦੁਰਵਿਹਾਰ ਕਰਨ ਵਾਲਿਆਂ ਨੇ ਅਪਰਾਧ ਦੇ ਸਮੇਂ ਦੌਰਾਨ ਅਲਕੋਹਲ ਦੇ ਪ੍ਰਭਾਵ ਵਿੱਚ ਹੋਣ ਦੀ ਗੱਲ ਸਵੀਕਾਰ ਕੀਤੀ ਹੈ। ਜੋ ਬੱਚੇ ਛੋਟੀ ਉਮਰ ਵਿੱਚ ਸ਼ਰਾਬ ਦਾ ਸ਼ਿਕਾਰ ਹੁੰਦੇ ਹਨ, ਉਹਨਾਂ ਵਿੱਚ ਵਿਹਾਰਕ ਅਤੇ ਸਰੀਰਕ ਸਮੱਸਿਆਵਾਂ ਦੇ ਵਧਣ ਦਾ ਖ਼ਤਰਾ ਵਧ ਜਾਂਦਾ ਹੈ।

ਹੈਰੋਇਨ ਅਤੇ ਕੋਕੀਨ ਵਰਗੇ ਹੋਰ ਪਦਾਰਥਾਂ ਦੇ ਮੁਕਾਬਲੇ ਅਲਕੋਹਲ ਵਧੇਰੇ ਹੱਤਿਆਵਾਂ ਦਾ ਕਾਰਨ ਬਣਦੀ ਹੈ। ਅਸਲ ਵਿੱਚ, ਲਗਭਗ 40% ਦੋਸ਼ੀ ਕਾਤਲਾਂ ਨੇ ਅਪਰਾਧ ਤੋਂ ਪਹਿਲਾਂ ਜਾਂ ਦੌਰਾਨ ਸ਼ਰਾਬ ਦੀ ਵਰਤੋਂ ਕੀਤੀ ਹੁੰਦੀ ਹੈ। ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਹਿੰਸਾ ਦੇ ਵਧੇਰੇ ਗੰਭੀਰ ਰੂਪ ਹੋ ਸਕਦੇ ਹਨ, ਜੋ ਬਹੁਤ ਹੀ ਖ਼ਤਰਨਾਕ ਸਥਿਤੀਆਂ ਵਿੱਚ ਤੇਜ਼ੀ ਨਾਲ ਵਧ ਸਕਦੇ ਹਨ। ਅਲਕੋਹਲ ਦੇ ਥੋੜ੍ਹੇ ਅਤੇ ਲੰਬੇ ਸਮੇਂ ਦੇ ਪ੍ਰਭਾਵ ਇੱਕ ਵਿਅਕਤੀ ਦੀ ਮਾਨਸਕ ਸਥਿਤੀ ਨੂੰ ਧੁੰਦਲਾ ਕਰ ਦਿੰਦੇ ਹਨ, ਜਿਸ ਨਾਲ ਹਿੰਸਕ ਅਪਰਾਧ ਕਰਨ ਦੇ ਵਧੇ ਹੋਏ ਜੋਖਮ ਵਿੱਚ ਯੋਗਦਾਨ ਹੁੰਦਾ ਹੈ।

ਜ਼ਿਆਦਾਤਰ ਅਲਕੋਹਲ ਉਦਯੋਗ ਹੁਣ ਕੁਝ ਅੰਤਰ-ਰਾਸ਼ਟਰੀ ਕੰਪਨੀਆਂ ਦੇ ਹੱਥਾਂ ਵਿੱਚ ਕੇਂਦਰਤ ਹੈ, ਜੋ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਆਪਣਾ ਕਾਰੋਬਾਰ ਵਧਾ ਰਹੀਆਂ ਹਨ। ਵੱਡੇ ਅਲਕੋਹਲ ਉਤਪਾਦਕਾਂ ਅਤੇ ਅਲਕੋਹਲ ਉਦਯੋਗ ਸੰਗਠਨਾਂ ਦੇ ਵਧ ਰਹੇ ਪ੍ਰਭਾਵ ਨੇ ਪ੍ਰਭਾਵੀ ਅਲਕੋਹਲ ਨੀਤੀਆਂ ਦੁਆਰਾ ਅਲਕੋਹਲ ਨਾਲ ਸੰਬੰਧਤ ਨੁਕਸਾਨ ਨੂੰ ਸੀਮਤ ਕਰਨ ਲਈ ਜਨਤਕ ਸਿਹਤ ਅਧਿਕਾਰੀਆਂ ਅਤੇ ਨੀਤੀ ਨਿਰਮਾਤਾਵਾਂ ਦੀ ਯੋਗਤਾ ਨੂੰ ਕਮਜ਼ੋਰ ਕਰ ਦਿੱਤਾ ਹੈ।

2020 ਵਿੱਚ ਭਾਰਤ ਵਿੱਚ ਅਲਕੋਹਲ ਦੀ ਖਪਤ ਲਗਭਗ 5 ਬਿਲੀਅਨ ਲੀਟਰ ਸੀ ਅਤੇ 2024 ਤੱਕ 6.21 ਬਿਲੀਅਨ ਲੀਟਰ ਤੱਕ ਪਹੁੰਚਣ ਦਾ ਅਨੁਮਾਨ ਹੈ। ਉੱਤਰ-ਪੂਰਬੀ ਅਰੁਣਾਚਲ ਪ੍ਰਦੇਸ਼ ਰਾਜ ਦੇਸ਼ ਭਰ ਵਿੱਚ ਪਹਿਲੇ ਨੰਬਰ 'ਤੇ ਹੈ, ਰਾਜ ਵਿੱਚ 53% ਮਰਦ ਅਤੇ 24% ਔਰਤਾਂ ਸ਼ਰਾਬ ਦਾ ਸੇਵਨ ਕਰਦੀਆਂ ਹਨ। ਅਲਕੋਹਲ ਦੀ ਖਪਤ ਦੀ ਕੋਈ ਸੁਰੱਖਿਅਤ ਮਾਤਰਾ ਨਹੀਂ ਹੈ, ਜੋ ਸਿਹਤ ਨੂੰ ਪ੍ਰਭਾਵਤ ਨਾ ਕਰਦੀ ਹੋਵੇ। ਅਲਕੋਹਲ ਦਾ ਸੇਵਨ ਮੌਤ, ਬੀਮਾਰੀ ਅਤੇ ਸੱਟ ਦਾ ਸਿਖਰਲੇ ਦਸਾਂ ਕਾਰਕਾਂ ਵਿਚੋਂ ਇੱਕ ਹੈ, ਜਿਸ ਵਿੱਚ ਵਿਆਪਕ ਸਮਾਜਿਕ ਅਤੇ ਆਰਥਕ ਨੁਕਸਾਨ ਹਨ। ਅਲਕੋਹਲ ਨਾਲ ਸੰਬੰਧਤ ਬਹੁਤ ਸਾਰੇ ਨੁਕਸਾਨ ਨੌਜਵਾਨ ਬਾਲਗਾਂ ਨੂੰ ਅਸਪੱਸ਼ਟ ਤੌਰ 'ਤੇ ਪ੍ਰਭਾਵਤ ਕਰਦੇ ਹਨ

ਸ਼ਰਾਬ ਵਿਕਾਸ ਵਿੱਚ ਇੱਕ ਵੱਡੀ ਰੁਕਾਵਟ ਹੈ, ਇਹ ਨਾ ਸਿਰਫ਼ ਇੱਕ ਸਪੱਸ਼ਟ ਸਿਹਤ ਸੰਕਟ ਹੈ, ਸਗੋਂ ਇੱਕ ਵੱਡਾ ਸਮਾਜਕ ਨਿਆਂ ਦਾ ਮੁੱਦਾ ਵੀ ਹੈ। ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਅਤੇ ਬਿਮਾਰੀਆਂ ਨੂੰ ਨਿਯੰਤਰਣ ਵਿੱਚ ਲਿਆਉਣ ਲਈ ਸਾਨੂੰ ਤੁਰੰਤ ਜਨਤਕ ਸਿਹਤ ਸਮਾਰਟ ਨੀਤੀਆਂ ਦੀ ਲੋੜ ਹੈ, ਸਮਾਜ ਨੂੰ ਜਨਤਕ ਸਿਹਤ ਦੀ ਸੁਰੱਖਿਆ ਲਈ ਕਦਮ ਚੁੱਕਣ ਦੀ ਲੋੜ ਹੈ ਅਤੇ ਸ਼ਰਾਬ ਦੀ ਵਧ ਰਹੀ ਖਪਤ ਦੇ ਨਤੀਜਿਆਂ ਨੂੰ ਰੋਕਣ ਦੀ ਲੋੜ ਹੈ।

ਇੱਕ ਵਾਰ ਜਦੋਂ ਤੁਸੀਂ ਸ਼ਰਾਬ ਪੀਣਾ ਛੱਡ ਦਿੰਦੇ ਹੋ, ਤਾਂ ਤੁਹਾਡਾ ਸਰੀਰ ਕੁਝ ਨੁਕਸਾਨ ਤੋਂ ਠੀਕ ਹੋਣਾ ਸ਼ੁਰੂ ਕਰ ਸਕਦਾ ਹੈ ਜਾਂ ਬਹੁਤ ਘੱਟ ਤੋਂ ਘੱਟ, ਇਸ ਨੂੰ ਹੋਰ ਵਿਗੜਨ ਤੋਂ ਰੋਕ ਸਕਦਾ ਹੈ। ਇਲਾਜ ਕਰਵਾਉਣਾ ਹਰ ਇੱਕ ਦੇ ਵੱਸ ਦਾ ਰੋਗ ਨਹੀ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਛੁਟਕਾਰਾ ਪੂੰਜੀਵਾਦ ਦੇ ਖਾਤਮੇ ਨਾਲ ਹੀ ਹੋਵੇਗਾ।

***# ਸੰਪਰਕ : 98550-04500***

# ਗਰੀਬਾਂ ਦੇ ਰਾਸ਼ਨ ਕਾਰਡ ਕੱਟੇ ਜਾਣ ਖਿਲਾਫ ਭਾਰਤੀ ਮਜ਼ਦੂਰ ਸੰਘ ਵੱਲੋਂ ਰੋਸ ਪ੍ਰਦਰਸ਼ਨ

## ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਮ ਆਦਮੀ ਨੂੰ ਹੀ ਪ੍ਰੇਸ਼ਾਨ ਕਰ ਦਿਤੈ : ਵਿਜੇ ਧੀਰ




**ਮੋਗਾ (ਅਮਰਜੀਤ ਬੱਬਰੀ)**-ਗਰੀਬਾਂ ਮਜ਼ਦੂਰਾਂ ਦੇ ਰਾਸ਼ਨ ਕਾਰਡ ਕੱਟੇ ਜਾਣ ਵਿਰੁੱਧ ਇੱਥੇ ਜੀ ਟੀ ਰੋਡ ਤੇ ਮੇਨ ਚੌਕ ਵਿੱਚ ਭਾਰਤੀਯ ਮਜ਼ਦੂਰ ਸੰਘ ਦੇ ਵਰਕਰਾਂ ਨੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਤੇ ਫੂਡ ਸਪਲਾਈ ਵਿਭਾਗ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਵਿੱਚ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਐੱਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਈ ਰਿਕਸਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਮਾਲਵਾ ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਦਰਸ਼ਨ ਲਾਲ ਜਨਰਲ ਸਕੱਤਰ ਰਜੀਵ ਭੋਲਾ, ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ ਤੋਂ ਇਲਾਵਾ ਵੱਖ ਵੱਖ ਟ੍ਰੇਡ ਯੂਨੀਅਨਾਂ ਦੇ ਆਗੂ ਸ਼ਾਮਲ ਸਨ।

ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਪੰਜਾਬ ਵਿੱਚ 16 ਲੱਖ ਰਾਸ਼ਨ ਕਾਰਡ ਕੱਟੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਰਤੀਯ ਮਜ਼ਦੂਰ ਸੰਘ ਅਮੀਰ ਲੋਕਾਂ ਦੇ ਗਲਤ ਬਣਾਏ ਰਾਸ਼ਨ ਕਾਰਡ ਕੱਟੇ ਜਾਣ ਦੀ ਹਮਾਇਤ ਕਰਦਾ ਹੈ, ਪ੍ਰੰਤੂ ਇਸ ਆੜ ਵਿੱਚ ਗਰੀਬਾਂ ਮਜ਼ਦੂਰਾਂ ਦੇ ਕੱਟੇ ਗਏ ਤੇ ਕੱਟੇ ਜਾ ਰਹੇ ਰਾਸ਼ਨ ਕਾਰਡਾਂ ਦਾ ਵਿਰੋਧ ਕਰਦਾ ਹੈ।

ਵਿਜੇ ਧੀਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਵੱਲੋਂ 24000 ਲੱਖ ਟਨ ਅਨਾਜ ਦੀ ਕਟੌਤੀ ਕੀਤੀ ਗਈ ਹੈ, ਜਦਕਿ ਇਹ ਗੱਲ ਗਲਤ ਹੈ। ਧੀਰ ਨੇ ਕਿਹਾ ਕਿ ਜੇਕਰ ਦੋ ਮਿੰਟ ਲਈ ਪੰਜਾਬ ਸਰਕਾਰ ਦੀ ਇਹ ਗੱਲ ਮੰਨ ਲਈ ਜਾਵੇ ਤਾਂ ਵੀ ਇਸ ਅਧਾਰ 'ਤੇ ਘੱਟ ਰਾਸ਼ਨ ਵੰਡਿਆ ਜਾ ਸਕਦਾ ਹੈ, ਪ੍ਰੰਤੂ ਰਾਸ਼ਨ ਕਾਰਡ ਕੱਟੇ ਨਹੀਂ ਜਾ ਸਕਦੇ ਹਨ। ਧੀਰ ਨੇ ਕਿਹਾ ਕਿ ਡਿੱਪੂਆਂ ਤੇ ਲਾਭਪਾਤਰੀ ਕਾਰਡ ਧਾਰਕਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਡਿੱਪੂ ਧਾਰਕਾਂ ਵੱਲੋਂ ਕਾਰਡ ਧਾਰਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਚੰਡੀਗੜ੍ਹ ਤੋਂ ਆਈ ਲਿਸਟ ਮੁਤਾਬਕ ਉਨ੍ਹਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ। ਫੂਡ ਸਪਲਾਈ ਵਿਭਾਗ ਜਿਨ੍ਹਾਂ ਗਰੀਬਾਂ ਮਜ਼ਦੂਰਾਂ ਦੇ ਰਾਸਨ ਕਾਰਡ ਕੱਟੇ ਗਏ ਹਨ, ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣਦਾ ਹੈ ਤੇ ਨਾ ਹੀ ਇਨ੍ਹਾਂ ਗਰੀਬ ਮਜ਼ਦੂਰਾਂ ਨੂੰ ਕਿਸੇ ਰਾਹ ਪਾਉਂਦਾ ਹੈ। ਇਸ ਮੌਕੇ ਵਿਜੇ ਧੀਰ ਨੇ ਕਿਹਾ ਕਿ ਗਰੀਬਾਂ ਮਜ਼ਦੂਰਾਂ ਦੇ ਇਹ ਕਹਿ ਕੇ ਰਾਸ਼ਨ ਕਾਰਡ ਕੱਟੇ ਗਏ ਹਨ ਕਿ ਭਾਰਤ ਸਰਕਾਰ ਨੇ ਪੰਜਾਬ ਦੇ ਕਣਕ ਦੇ ਕੋਟੇ ਵਿੱਚ ਕਟੌਤੀ ਕੀਤੀ ਗਈ ਹੈ। ਇਹ ਪੰਜਾਬ ਸਰਕਾਰ ਦੀ ਮੋਦੀ ਸਰਕਾਰ ਨੂੰ ਬਦਨਾਮ ਕਰਨ ਦੀ ਚਾਲ ਹੈ। ਵਿਜੇ ਧੀਰ ਨੇ ਇਸ ਮੌਕੇ ਕਿਹਾ ਕਿ ਰਾਸ਼ਨ ਕਾਰਡਾਂ ਦੀ ਪੜਤਾਲ ਕਰਨ ਵਾਲੇ ਕਰਮਚਾਰੀ ਮੌਕੇ 'ਤੇ ਜਾ ਕੇ ਪੜਤਾਲ ਕਰਨ ਦੀ ਬਜਾਏ ਆਪਣੇ ਦਫਤਰਾਂ ਵਿੱਚ ਬੈਠ ਕੇ ਪੜਤਾਲ ਕਰ ਰਹੇ ਹਨ, ਜਿਸ ਕਾਰਨ ਜਿਨ੍ਹਾਂ ਅਮੀਰ ਲੋਕਾਂ ਦੇ ਕਾਰਡ ਕੱਟੇ ਜਾਣੇ ਬਣਦੇ ਸਨ, ਉਨ੍ਹਾਂ ਲੋਕਾਂ ਦੇ ਕਾਰਡ ਨਹੀਂ ਕੱਟੇ ਗਏ ਹਨ ਤੇ ਜਿਨ੍ਹਾਂ ਗਰੀਬਾਂ ਮਜ਼ਦੂਰਾਂ ਦੇ ਕਾਰਡ ਨਹੀਂ ਕੱਟੇ ਜਾਣੇ ਬਣਦੇ ਸਨ, ਉਨ੍ਹਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਜਿਸ ਕਾਰਨ ਪੰਜਾਬ ਭਰ ਵਿੱਚ ਗਰੀਬਾਂ ਮਜ਼ਦੂਰਾਂ ਵਿੱਚ ਹਾਹਾਕਾਰ ਮੱਚਿਆ ਹੋਇਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਸਤਨਾਮ ਸਿੰਘ ਚੜਿਕ, ਮੇਜਰ ਸਿੰਘ ਲੰਡੇ ਕੇ, ਅਨਿਲ ਯਾਦਾ, ਵਿਜੇ ਛਪਰੀ, ਛੋਟਾ ਸਿੰਘ, ਰੇਸਮ ਸਿੰਘ, ਗੁਰਮੇਲ ਸਿੰਘ, ਕਮਲ ਕੁਮਾਰ, ਵਿਜੇ ਕੁਮਾਰ, ਗੁਰਚਰਨ ਸਿੰਘ ਚੰਨਾ, ਜੀਤੋ, ਪਿਆਰੋ, ਸੁਰਜੀਤ ਕੌਰ, ਵੀਰ ਪਾਲ ਕੌਰ, ਨੀਰਜ ਕੁਮਾਰ, ਗੁਰਨਾਮ ਸਿੰਘ, ਨੰਦ ਕਿਸ਼ੋਰ, ਗੁਰਤੇਜ ਸਿੰਘ ਘਾਲੀ, ਰੂਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜਗਸੀਰ ਖੋਸਾ ਨੂੰ ਸਦਮਾ, ਮਾਤਾ ਦਾ ਦੇਹਾਂਤ



**ਮੋਗਾ (ਅਮਰਜੀਤ ਬੱਬਰੀ)**-ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਪੰਜਾਬ (ਏਟਕ) ਦੇ ਜਨਰਲ ਸਕੱਤਰ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਜਗਸੀਰ ਖੋਸਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਅਮਰ ਕੌਰ ਦਾ ਅਚਨਚੇਤ ਦਿਹਾਂਤ ਹੋ ਗਿਆ। ਉਹ ਤਕਰੀਬਨ 66 ਸਾਲਾਂ ਦੇ ਸਨ। ਉਨ੍ਹਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ, ਕੁਲਦੀਪ ਭੋਲਾ ਜ਼ਿਲ੍ਹਾ ਸਕੱਤਰ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਦੇ ਜਨਰਲ ਸਕੱਤਰ ਜਗਦੀਸ਼ ਚਾਹਲ, ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਵਿੱਕੀ ਮਹੇਸਰੀ, ਕਰਮਵੀਰ ਕੌਰ ਬੱਧਨੀ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਸ਼ੇਰ ਸਿੰਘ ਦੌਲਤਪੁਰਾ, ਸਵਰਾਜ ਸਿੰਘ ਢੁੱਡੀਕੇ, ਸਰਪੰਚ ਤਰਸੇਮ ਸਿੰਘ ਤੂਰ, ਕਿਸਾਨ ਆਗੂ ਗੁਰਚਰਨ ਸਿੰਘ ਦਾਤੇਵਾਲ, ਸਿਕੰਦਰ ਸਿੰਘ ਮਧੇ ਕੇ, ਡਾਕਟਰ ਇੰਦਰਵੀਰ ਸਿੰਘ ਗਿੱਲ, ਬਿੰਦਰ ਸਿੰਘ ਬਰਾੜ, ਪੰਜਾਬ ਇਸਤਰੀ ਸਭਾ ਦੇ ਨਰਿੰਦਰ ਕੌਰ ਸੋਹਲ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਆਂਗਨਵਾੜੀ ਆਗੂ ਗੁਰਚਰਨ ਕੌਰ ਮੋਗਾ, ਬਿੰਦਰ ਕੌਰ ਗਲੋਟੀ, ਕਮਲੇਸ਼ ਸਿੰਘ ਫਿਰੋਜ਼ਵਾਲ, ਮੰਗਲ ਸਿੰਘ ਆਦਿ ਆਗੂ ਸ਼ਾਮਲ ਹਨ। ਉਨ੍ਹਾਂ ਨਮਿੱਤ ਰੱਖੇ ਸਹਿਜ ਪਾਠ ਦਾ ਭੋਗ 9 ਮਾਰਚ ਨੂੰ ਦੁਪਹਿਰ 12 ਤੋਂ 1 ਵਜੇ ਗੁਰਦੁਆਰਾ ਸਾਹਿਬ ਦਰੀਆ ਪੱਤੀ ਖੋਸਾ ਪਾਂਡੋ ਵਿਖੇ ਪਵੇਗਾ।

# ਨਰੇਗਾ ਮਜ਼ਦੂਰਾਂ ਨੇ ਪਿੰਡਾਂ 'ਚ ਕੇਂਦਰ ਸਰਕਾਰ ਦੇ ਪੁਤਲੇ ਫੂਕੇ




**ਕੋਟਕਪੂਰਾ (ਰਛਪਾਲ ਭੁੱਲਰ)**-ਨਰੇਗਾ ਫੈਡਰੇਸ਼ਨ ਆਫ ਇੰਡੀਆ ਦੇ ਸੱਦੇ 'ਤੇ ਪੰਜਾਬ ਇਕਾਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਨੇ ਜ਼ਿਲ੍ਹਾ ਫਰੀਦਕੋਟ ਦੇ ਪਿੰਡਾਂ ਵਿੱਚ ਫੈਡਰੇਸ਼ਨ ਦੇ ਨੈਸ਼ਨਲ ਕੌਂਸਲ ਮੈਂਬਰ ਕਾਮਰੇਡ ਗੋਰਾ ਸਿੰਘ ਪਿਪਲੀ ਤੇ ਸਟੇਟ ਕੌਂਸਲ ਮੈਂਬਰ ਕਾਮਰੇਡ ਬਲਵੀਰ ਸਿੰਘ ਔਲਖ ਦੀ ਅਗਵਾਈ ਵਿੱਚ ਨਰੇਗਾ ਵਰਕਰਾਂ ਵੱਲੋਂ ਔਲਖ, ਸਿਰਸੜੀ, ਨੱਥੇਵਾਲਾ ਆਦਿ ਪਿੰਡਾਂ ਵਿੱਚ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਦੀ ਸ਼ੁਰੂਆਤ ਕੀਤੀ। ]

ਬੁਲਾਰਿਆਂ ਨੇ ਵੱਖ ਵੱਖ ਪਿੰਡਾਂ ਵਿੱਚ ਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਕੇਂਦਰ ਦੀ ਸਰਕਾਰ ਨੇ ਨਰੇਗਾ ਦੇ ਬੱਜਟ ਵਿੱਚ 30 ਫੀਸਦੀ ਕੱਟ ਲਾ ਕੇ ਮਜ਼ਦੂਰਾਂ ਦਾ ਨੁਕਸਾਨ ਕੀਤਾ ਹੈ। ਨਰੇਗਾ ਜ਼ਪੰਜਾਬ ਦੀ ਸਰਕਾਰ ਵੀ ਨਰੇਗਾ ਦੇ ਮਸਲਿਆਂ ਤੇ ਹੋਰ ਮਜ਼ਦੂਰਾਂ ਦੀਆਂ ਮੰਗਾਂ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ। ਭਗਵੰਤ ਮਾਨ ਸਰਕਾਰ ਨੇ ਚਾਰ ਵਾਰ ਮਜ਼ਦੂਰਾਂ ਨਾਲ ਰੱਖੀ ਮੀਟਿੰਗ ਤੋਂ ਪਾਸਾ ਵੱਟ ਲਿਆ ਹੈ, ਇਸ ਲਈ ਪੰਜਾਬ ਤੇ ਦੇਸ਼ ਦੇ ਸਾਰੇ ਮਜ਼ਦੂਰਾਂ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਪ੍ਰਤੀ ਗੁੱਸਾ ਪਾਇਆ ਜਾ ਰਿਹਾ ਹੈ, ਜੇਕਰ ਪੰਜਾਬ ਸਰਕਾਰ ਨੇ ਆਪਣੇ ਬਜਟ 'ਚ ਮਜ਼ਦੂਰਾਂ ਨੂੰ ਯੋਗ ਰਿਆਇਤ ਨਾ ਦਿੱਤੀ ਤਾਂ ਪੰਜਾਬ ਸਰਕਾਰ ਦੇ ਵੀ ਪੁਤਲੇ ਫੂਕੇ ਜਾਣਗੇ।

ਇਕ ਅਪ੍ਰੈਲ ਤੋਂ ਨਰੇਗਾ ਦਿਹਾੜੀ 'ਚ ਵਾਧਾ ਹੋਣਾ ਹੈ ਤੇ ਪੰਜਾਬ ਸਰਕਾਰ ਘੱਟੋ ਘੱਟ ਉਜ਼ਰਤ ਮੁਤਾਬਕ ਨਰੇਗਾ ਵਰਕਰਾਂ ਦੀ ਦਿਹਾੜੀ 'ਚ ਵਾਧਾ ਕਰੇ। ਨਰੇਗਾ ਵਰਕਰਾਂ ਨੂੰ ਪੂਰਾ ਕੰਮ ਦਿੱਤਾ ਜਾਵੇ, ਜੇਕਰ ਕੰਮ ਨਹੀਂ ਦਿੱਤਾ ਜਾਂਦਾ ਤਾਂ ਕਨੂੰਨ ਅਨੁਸਾਰ ਭੱਤਾ ਦਿੱਤਾ ਜਾਵੇ। ਇਸ ਸਮੇਂ ਦੌਰਾਨ ਮਜ਼ਦੂਰਾਂ ਨੇ ਸਰਕਾਰਾਂ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

ਕੇਂਦਰ ਸਰਕਾਰ ਦੇ ਪੁਤਲੇ ਫੂਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਕੰਦਰ ਸਿੰਘ ਔਲਖ, ਸੁਖਦੀਪ ਕੌਰ ਅਨੋਖਪੁਰਾ, ਸੋਨਾ ਸਿੰਘ ਸਿਰਸੜੀ, ਭੰਲਿਦਰ ਸਿੰਘ ਭਿੰਦਾ, ਰੁਪਿੰਦਰ ਕੌਰ ਔਲਖ, ਲੱਖਾ ਸਿੰਘ ਆਦਿ ਆਗੂ ਹਾਜ਼ਰ ਸਨ।

## ਕਾਤਰਾਂ

### ਭਾਰਤੀ ਕਿਸਾਨ ਯੂਨੀਅਨ (ਪੰਜਾਬ) ਦੀ ਮੀਟਿੰਗ

**ਕੋਟ ਈਸੇ ਖਾਂ (ਅਰੋੜਾ)**-ਭਾਰਤੀ ਕਿਸਾਨ ਯੂਨੀਅਨ (ਪੰਜਾਬ) ਦੀ ਮੀਟਿੰਗ ਗੁਰਦੁਆਰਾ ਛਾਉਣੀ ਨਿਹੰਗ ਸਿੰਘਾਂ ਵਿਖੇ ਬਲਾਕ ਕੋਟ ਇਸੇ ਖਾਂ ਦੇ ਜਰਨਲ ਸਕੱਤਰ ਹਰਬੰਸ ਸਿੰਘ ਬਹਿਰਾਮਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਾਰਜ ਸਿੰਘ ਬਹਿਰਾਮ ਕੇ ਸੂਬਾ ਜਰਨਲ ਸਕੱਤਰ, ਬੀਕੇਯੂ ਪੰਜਾਬ, ਸੁੱਖਾ ਸਿੰਘ ਵਿਰਕ ਜ਼ਿਲ੍ਹਾ ਪ੍ਰਧਾਨ ਮੋਗਾ, ਬਖਸ਼ੀਸ਼ ਸਿੰਘ ਹੈੱਡ ਕੈਸ਼ੀਅਰ ਮੋਗਾ, ਲਖਵੀਰ ਸਿੰਘ ਅਟਾਰੀ, ਹਰਦਿਆਲ ਸਿੰਘ ਸਰਪੰਚ ਆਦਿ ਕਿਸਾਨ ਆਗੂ ਸ਼ਾਮਲ ਹੋਏ। ਇਸ ਮੌਕੇ ਕਿਸਾਨ ਆਗੂਆਂ ਨੇ ਮੀਟਿੰਗ ਵਿੱਚ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਕੇ ਆਪਣੇ ਵਿਚਾਰ ਰੱਖੇ। ਇਸ ਮੌਕੇ ਮੀਟਿੰਗ 'ਚ ਹਾਜ਼ਰ ਕਿਸਾਨ ਦਲਜੀਤ ਸਿੰਘ ਕੁੱਕੂ, ਬਲਵੀਰ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ ਵਿਰਕ, ਕਸ਼ਮੀਰ ਸਿੰਘ, ਤਾਰਾ ਸਿੰਘ ਲਖਵਿੰਦਰ ਸਿੰਘ, ਜੋਧ ਸਿੰਘ ਘਲੋਟੀ, ਗੁਰਪਾਲ ਸਿੰਘ, ਨਿਸ਼ਾਨ ਸਿੰਘ, ਦਵਿੰਦਰ ਸਿੰਘ ਮਸੀਤਾਂ ਆਦਿ ਕਿਸਾਨਾਂ ਨੇ ਹਿੱਸਾ ਲਿਆ ਹੈ।

### ਮਾਰਕਿਟ ਕਮੇਟੀ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਦੋਰਾਹਾ (ਹਰਮਿੰਦਰ ਸੇਠ)**-ਸਰਬਤ ਦੇ ਭੱਲੇ ਲਈ ਮਾਰਕਿਟ ਕਮੇਟੀ ਦਫਤਰ ਦੋਰਾਹਾ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਐੱਸ ਡੀ ਐੱਮ ਪਾਇਲ ਮੈਡਮ ਜਸਲੀਨ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸ਼ਹਿਰ ਤੇ ਆਲੇ ਦੁਆਲੇ ਪਿੰਡਾਂ ਦੇ ਪਤਵੰਤੇ ਸੱਜਣ ਮੌਜੂਦ ਸਨ। ਇਸ ਮੌਕੇ ਡੀ ਐੱਮ ਓ ਬੀਰਇੰਦਰ ਸਿੰਘ ਸਿੱਧੂ, ਸੈਕਟਰੀ ਹਰਿੰਦਰ ਸਿੰਘ ਗਿੱਲ ਦੋਰਾਹਾ, ਸੈਕਟਰੀ ਅਵਤਾਰ ਸਿੰਘ ਸਮਰਾਲਾ, ਸੈਕਟਰੀ ਸੁਰਜੀਤ ਸਿੰਘ ਖੰਨਾ, ਸੈਕਟਰੀ ਕਲਸੀ ਸਾਹਨੇਵਾਲ, ਸੈਕਟਰੀ ਹਰਮੇਲ ਸਿੰਘ ਮਲੌਦ, ਹਰਪ੍ਰੀਤ ਸਿੰਘ ਲੇਖਾਕਾਰ, ਬੂਟਾ ਸਿੰਘ ਰਾਣੋ, ਸੁਖਬੀਰ ਸਿੰਘ ਪ੍ਰਧਾਨ ਮਾਰਕਿਟ ਕਮੇਟੀ ਯੂਨੀਅਨ ਜ਼ਿਲ੍ਹਾ ਲੁਧਿਆਣਾ, ਮਨਜੀਤ ਸਿੰਘ ਪਾਇਲ, ਜਸਵਿੰਦਰ ਸਿੰਘ ਐੱਸ ਡੀ ਓ, ਲਾਭ ਚੰਦ, ਗਗਨਜੋਤ ਸਿੰਘ ਧਮੋਟ, ਹਰਵਿੰਦਰ ਸਿੰਘ ਹੈਪੀ, ਅਨੂਪਿੰਦਰ ਸਿੰਘ ਮਾਂਗਟ, ਜਗਰੋਜ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਸਿੰਘ, ਮੋਹਣਜੀਤ ਸਿੰਘ ਆਦਿ ਹਾਜ਼ਜਰ ਸਨ। ਮਾਰਕਿਟ ਕਮੇਟੀ ਦੋਰਾਹਾ ਦੇ ਮੁਲਾਜ਼ਮ ਹਰਵਿੰਦਰ ਸਿੰਘ ਹੈਪੀ ਨੇ ਹਾਜ਼ਰੀ ਲਗਵਾਉਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

### ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਣੇ ਦੋ ਕਾਬੂ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ/ਕੁਲਭੂਸ਼ਣ)**-ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ 60 ਨਸ਼ੀਲੀਆਂ ਗੋਲੀਆਂ ਤੇ 6 ਗ੍ਰਾਮ ਹੈਰੋਇਨ ਬਰਾਮਦ ਕਰਕੇ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਥਾਣੇਦਾਰ ਜਗਸੀਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਤੇ ਚੈਕਿੰਗ ਦੇ ਸੰਬੰਧ ਵਿੱਚ ਵੰਸ਼ ਮਾਰਬਲ ਨੇੜੇ ਗਿਰਧਰ ਕਾਲੋਨੀ ਬੂੜਾ ਗੁੱਜਰ ਰੋਡ ਸ੍ਰੀ ਮੁਕਤਸਰ ਸਾਹਿਬ ਸਾਹਮਣੇ ਸੀ ਤਾਂ ਸ਼ਹਿਰ ਦੀ ਤਰਫੋਂ ਇਕ ਮੋਟਰਸਾਇਕਲ ਪੀ ਬੀ 08 ਸੀ ਜੀ 3104 ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੇ ਬਿਨਾਹ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਮੋਟਰਸਾਇਕਲ ਚਾਲਕ ਨੇ ਆਪਣੀ ਲੋਅਰ ਦੀ ਖੱਬੀ ਜੇਲ੍ਹ ਵਿੱਚ ਕਾਲੇ ਰੰਗ ਦਾ ਲਿਫਾਫਾ ਥੱਲੇ ਸੁੱਟ ਦਿੱਤਾ, ਜਦ ਮੋਟਰਸਾਈਕਲ ਸਵਾਰ ਘਬਰਾ ਕੇ ਪਿੱਛੇ ਮੁੜਨ ਲੱਗੇ ਤਾਂ ਉਨ੍ਹਾਂ ਨੂੰ ਪੁਲਸ ਪਾਰਟੀ ਨੇ ਕਾਬੂ ਕਰ ਲਿਆ। ਉਨ੍ਹਾਂ ਵੱਲੋਂ ਸੁੱਟੇ ਲਿਫਾਫੇ ਨੂੰ ਚੈੱਕ ਕੀਤਾ ਤਾਂ ਉਸ ਵਿੱਚੋਂ 60 ਨਸ਼ੀਲੀਆਂ ਗੋਲੀਆਂ ਤੇ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਦੋਸ਼ੀ ਪਵਨ ਕੁਮਾਰ ਤੇ ਦੀਪਕ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕਰ ਲਿਆ ਗਿਆ ਹੈ।

# ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ 'ਚ ਕਿਸਾਨ ਜਥੇਬੰਦੀਆਂ ਵੱਲੋਂ ਰੋਸ ਰੈਲੀ

## ਰੋਸ ਮਾਰਚ ਮਗਰੋਂ ਵਿਧਾਇਕ ਦੇ ਨਾਂਅ ਮੰਗ ਪੱਤਰ ਸੌਂਪਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲੈਣ ਦੇ ਬਾਵਜੂਦ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਾਲੀ ਵਿਖੇ ਚੱਲ ਰਹੇ ਪੱਕੇ ਮੋਰਚੇ ਤੋਂ ਕੌਮੀ ਇਨਸਾਫ ਮੋਰਚੇ ਵੱਲੋਂ ਦਿੱਤੇ ਗਏ ਸੱਦੇ ਉੱਤੇ ਅੱਜ ਕਿਸਾਨ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਰੈਲੀ ਕੀਤੀ ਗਈ। ਰੈਲੀ ਮਗਰੋਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਅਤੇ ਭਾਰਤੀ ਕਿਸਾਨ ਯੂਨੀਅਨ (ਕਰਾਂਤੀਕਾਰੀ) ਦੇ ਕਾਰਕੁਨ ਸ਼ਹਿਰ ਦੇ ਬਾਜ਼ਾਰਾਂ ਵਿੱਚ ਵਿਸ਼ਾਲ ਮੋਟਰਸਾਈਕਲ ਮਾਰਚ ਕਰਨ ਮਗਰੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਦੇ ਦਫਤਰ ਵਿੱਚ ਮੰਗ-ਪੱਤਰ ਦੇਣ ਪਹੁੰਚੇ, ਪਰ ਕਿਸਾਨ ਜਥੇਬੰਦੀਆਂ ਨੂੰ ਪਹਿਲਾਂ ਤੋਂ ਦਿੱਤੇ ਗਏ ਸਮੇਂ ਦੇ ਬਾਵਜੂਦ ਵਿਧਾਇਕ ਦੇ ਦਫਤਰ ਵਿੱਚ ਮੌਜੂਦ ਨਾ ਹੋਣ ਕਰਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ ਜਦੋਂ ਮੰਗ-ਪੱਤਰ ਲੈਣ ਪਹੁੰਚੇ ਤਾਂ ਕਿਸਾਨ ਜਥੇਬੰਦੀਆਂ ਦੇ ਵਰਕਰਾਂ ਨੇ ਗੁੱਸੇ ਦਾ ਇਜ਼ਹਾਰ ਕੀਤਾ।

ਅਨਾਜ ਮੰਡੀ ਪਾਤੜਾਂ ਵਿੱਚ ਕੀਤੀ ਗਈ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਹਰਭਜਨ ਸਿੰਘ ਧੂਹੜ, ਮਹਿਲਾ ਕਿਸਾਨ ਆਗੂ ਚਰਨਜੀਤ ਕੌਰ ਕੰਗ, ਮਨਜੀਤ ਸਿੰਘ ਨਿਆਲ, ਸੁਖਦੇਵ ਸਿੰਘ ਹਰਿਆਊ ਤੇ ਬਿਕਰਮਜੀਤ ਸਿੰਘ ਆਦਿ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਜੇਲ੍ਹਾਂ ਵਿੱਚ ਬੰਦ ਰੱਖਣਾ ਭਾਰਤੀ ਸੰਵਿਧਾਨ ਦੀ ਸਰੇਆਮ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਕੌਮ ਇਨਸਾਫ ਮੋਰਚੇ ਦੀ ਅਗਵਾਈ ਵਿੱਚ ਲੋਕ ਸਜ਼ਾਵਾਂ ਭੁਗਤ ਲੋਕਾਂ ਦੇ ਹੱਕ ਵਿਚ ਸੰਘਰਸ਼ ਕਰ ਰਹੇ ਹਨ, ਪਰ ਸਰਕਾਰਾਂ ਸੰਘਰਸ਼ਸ਼ੀਲ ਲੋਕਾਂ ਨੂੰ ਅਣਗੌਲਿਆ ਕਰ ਰਹੀਆਂ ਹਨ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਕੌਮੀ ਇਨਸਾਫ ਮੋਰਚੇ ਦੀ ਅਗਵਾਈ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਕਿਸਾਨ ਜਥੇਬੰਦੀਆਂ ਤਿਆਰ ਹਨ, ਜੇਕਰ ਸਰਕਾਰਾਂ ਦੇ ਮਸਲੇ ਨੂੰ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਸ਼ੇਰਗੜ੍ਹ, ਸਾਹਿਬ ਸਿੰਘ ਦੁਤਾਲ, ਸੂਬੇਦਾਰ ਨਰਾਤਾ ਸਿੰਘ ਹਰਿਆਊ, ਮਿਹਰਬਾਨ ਸਿੰਘ ਡਰੋਲੀ, ਜਲੰਧਰ ਸਿੰਘ ਬੁੱਟਰ, ਪਰਮਜੀਤ ਸਿੰਘ ਸਾਗਰਾ, ਯਾਦਵਿੰਦਰ ਸਿੰਘ ਬੂਰੜ, ਮਨਦੀਪ ਸਿੰਘ ਭੂਤਗੜ੍ਹ, ਅਜੀਤ ਸਿੰਘ ਮਤੋਲੀ, ਬਲਜੀਤ ਸਿੰਘ ਕਰੀਮਨਗਰ, ਸਾਹਿਬ ਸਿੰਘ, ਕਰਨੈਲ ਸਿੰਘ, ਲਖਵਿੰਦਰ ਸਿੰਘ ਤੇ ਮਨਜੀਤ ਸਿੰਘ ਕਾਂਗਥਲਾ ਆਦਿ ਹਾਜ਼ਰ ਸਨ।

# ਫੁੱਟਬਾਲ ਕੱਪ ਨੇ ਅਲੋਪ ਹੁੰਦੇ ਜਾ ਰਹੇ ਖੇਡ ਮੇਲਿਆਂ ਦੀ ਜਗਾਈ ਅਲਖ : ਕਾਕਾ ਬਰਾੜ

## ਹਲਕਾ ਵਿਧਾਇਕ ਕਾਕਾ ਬਰਾੜ ਨੇ ਪ੍ਰਬੰਧਕਾਂ ਨੂੰ ਸੌਂਪੀ 15000/- ਰੁਪਏ ਦੀ ਮਦਦ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਨਜ਼ਦੀਕੀ ਪਿੰਡ ਕੋਟਲੀ ਦੇਵਨ ਵਿਖੇ ਸਮੂਹ ਗ੍ਰਾਮ ਪੰਚਾਇਤ, ਐੱਨ.ਆਰ.ਆਈ. ਵੀਰਾਂ, ਨਗਰ ਨਿਵਾਸੀ ਤੇ ਯੂਨੀਵਰਸਲ ਸਪੋਰਟਸ ਕਲੱਬ ਵੱਲੋਂ ਚਾਰ ਰੋਜ਼ਾ ਕੋਟਲੀ ਦੇਵਨ ਫੁੱਟਬਾਲ ਕੱਪ ਕਰਵਾਇਆ ਗਿਆ, ਜਿਸ ਵਿੱਚ ਆਸ ਪਾਸ ਦੀਆਂ ਟੀਮਾਂ ਨੇ ਭਾਗ ਲੈ ਕੇ ਚੰਗੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਟੂਰਨਾਮੈਂਟ ਦੇ ਅਖਰੀਲੇ ਦਿਨ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਦੌਰਾਨ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਦਿਆਂ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਦਿਨੋਂ ਦਿਨ ਅਜਿਹੇ ਖੇਡ ਮੇਲੇ ਅਲੋਪ ਹੁੰਦੇ ਜਾ ਰਹੇ ਹਨ, ਪ੍ਰੰਤੂ ਉਨ੍ਹਾਂ ਨੂੰ ਇੱਥੇ ਆ ਕੇ ਬੇਹੱਦ ਖੁਸ਼ੀ ਹੋਈ ਕਿ ਪਿੰਡ ਵਾਸੀਆਂ ਨੇ ਮਿਲਕੇ ਅਜਿਹਾ ਖੇਡ ਟੂਰਨਾਮੈਂਟ ਕਰਵਾ ਕੇ ਸ਼ਲਾਘਾਯੋਗ ਕੰਮ ਕੀਤਾ। ਉਨ੍ਹਾ ਕਿਹਾ ਕਿ ਜੇਕਰ ਪਿੰਡਾਂ 'ਚ ਅਜਿਹੇ ਖੇਡ ਮੇਲੇ ਹੋਣ ਲੱਗ ਜਾਣ ਤਾਂ ਨੌਜਵਾਨ ਨਸ਼ਿਆਂ ਤੋਂ ਹਟ ਕੇ ਖੇਡ ਮੈਦਾਨਾਂ ਨਾਲ ਜੁੜਨਗੇ। 'ਕਾਕਾ ਬਰਾੜ' ਨੇ ਆਖਿਆ ਕਿ ਉਹ ਖੇਡ ਗਰਾਉਂਡ ਲਈ ਹੋਰ ਵੀ ਵਿਸ਼ੇਸ਼ ਉਪਰਾਲੇ ਕਰਨਗੇ। ਵਿਧਾਇਕ 'ਕਾਕਾ ਬਰਾੜ' ਨੇ ਆਪਣੇ ਵੱਲੋਂ ਪ੍ਰਬੰਧਕਾਂ ਨੂੰ 15000/- ਰੁਪਏ ਦੀ ਨਗਦ ਸਹਾਇਤਾ ਰਾਸ਼ੀ ਸੌਂਪੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਟੋਨੀ ਕੋਟਲੀ, ਬੁਸ਼ ਧਨੋਆ ਤੇ ਚੰਨਾ ਪੂਨੀਆ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਰ ਵਾਰ ਇਹ ਉਪਰਾਲਾ ਕੀਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਇਸ ਟੂਰਨਾਮੈਂਟ ਵਿੱਚ ਪਿੰਡ ਵਾਰ ਓਪਨ 32 ਟੀਮਾਂ ਨੇ ਭਾਗ ਲਿਆ ਤੇ ਖੇਡ ਮੇਲੇ ਦੌਰਾਨ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਅੰਤ 'ਚ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਵੱਲੋਂ ਗੁਰਪ੍ਰੀਤ ਸਿੰਘ ਫੌਜੀ ਦੇ ਸਹਿਯੋਗ ਨਾਲ ਬੁਸ਼ ਧਨੋਆਂ ਨੂੰ ਗਰਾਊਂਡ ਨੂੰ ਵਧੀਆ ਬਣਾਉਣ 'ਚ ਦਿੱਤੇ ਸਹਿਯੋਗ ਬਦਲੇ ਸਨਮਾਨਤ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਹਲਕਾ ਵਿਧਾਇਕ 'ਕਾਕਾ ਬਰਾੜ' ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਜਸਪ੍ਰੀਤ ਸਿੰਘ ਢਿੱਲੋਂ, ਪਰਮਜੀਤ ਸਿੰਘ ਪੰਮਾ ਨੰਬਰਦਾਰ, ਹਰਦੀਪ ਸਿੰਘ ਢਿੱਲੋਂ, ਬਲਾਕ ਪ੍ਰਧਾਨ ਰਾਜਿੰਦਰ ਸਿੰਘ ਬਰਾੜ, ਰੁਪਿੰਦਰ ਸਿੰਘ, ਨੈਬ ਸਿੰਘ ਪੂਨੀਆ ਆਦਿ ਪਿੰਡ ਵਾਸੀ ਹਾਜ਼ਰ ਸਨ।

# ਪਤੰਜਲੀ ਯੋਗਾਪੀਠ ਵੱਲੋਂ ਯੋਗਾ ਕੈਂਪ

**ਜਗਰਾਉਂ, (ਅਮਿਤ ਖੰਨਾ)**-ਪਤੰਜਲੀ ਯੋਗ ਪੀਠ ਦੇ ਭਾਰਤ ਸਵਾਭਿਮਾਨ ਟਰੱਸਟ ਦੇ ਸਹਿ ਸੂਬਾ ਇੰਚਾਰਜ ਪੰਜਾਬ ਦੀਦਾਰ ਸਿੰਘ ਤੇ ਮਹਿਲਾ ਪਤੰਜਲੀ ਯੋਗ ਸਮਿਤੀ ਪੰਜਾਬ ਦੀ ਸਹਿ ਸੂਬਾ ਇੰਚਾਰਜ ਸ੍ਰੀਮਤੀ ਨਿਹਾਲ ਕੌਰ ਦੀ ਅਗਵਾਈ ਹੇਠ ਦੋ ਰੋਜ਼ਾ ਯੋਗ ਕੈਂਪ ਸੀਨੀਅਰ ਸਿਟਜ਼ਨਜ਼ ਵੈੱਲਫੇਅਰ ਭਵਨ ਜਗਰਾਉਂ ਵਿਖੇ ਲਗਾਇਆ ਗਿਆ। ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਫੋਰਮ ਦੇ ਸਮੂਹ ਮੈਂਬਰਾਂ ਨੇ ਆਪਣੇ ਪਰਿਵਾਰਾਂ ਸਮੇਤ ਕੈਂਪ ਵਿੱਚ ਸ਼ਿਰਕਤ ਕੀਤੀ। ਯੋਗਾ ਕੈਂਪ ਦੌਰਾਨ ਦੀਦਾਰ ਸਿੰਘ ਤੇ ਨਿਹਾਲ ਕੌਰ ਨੇ ਸਾਰਿਆਂ ਨੂੰ ਪ੍ਰਾਣਾਯਾਮ, ਯੋਗਾਗਿੰਗ, ਜਾਗਿੰਗ, ਐਕਯੂਪ੍ਰੈਸਰ, ਆਯੁਰਵੇਦ, ਨੈਚਰੋਪੈਥੀ ਆਦਿ ਆਸਣ ਕਰਵਾਏ ਤੇ ਮੰਚ ਦੇ ਸਕੱਤਰ ਸ਼ਸ਼ੀ ਭੂਸਣ ਤੇ ਜ਼ਿਲ੍ਹਾ ਸਮਾਜ ਸੇਵੀ ਵੱਲੋਂ ਦਿੱਤੀ ਗਈ ਵਿਆਖਿਆ ਦੇ ਨਾਲ-ਨਾਲ ਜਾਣਕਾਰੀ ਵੀ ਦਿੱਤੀ।

ਫੋਰਮ ਦੇ ਸਰਪ੍ਰਸਤ ਸ੍ਰੀ ਲਲਿਤ ਅਗਰਵਾਲ ਤੇ ਪ੍ਰੋਗਰਾਮ ਦੇ ਪ੍ਰੋਜੈਕਟ ਇੰਚਾਰਜ ਸ੍ਰੀ ਪਰਮੋਦ ਚੰਦਰ ਸ਼ਰਮਾ ਨੇ ਆਪਣਾ ਪੂਰਨ ਸਹਿਯੋਗ ਦੇ ਕੇ ਇਸ ਪ੍ਰੋਗਰਾਮ ਨੂੰ ਸਫਲ ਬਣਾਇਆ। ਪ੍ਰਧਾਨ ਸ੍ਰੀ ਪ੍ਰੇਮ ਚੰਦ ਗਰਗ ਨੇ ਪ੍ਰੋਗਰਾਮ ਵਿੱਚ ਸਾਮਲ ਹੋਏ ਸਮੂਹ ਸਾਧਕਾਂ ਦਾ ਧੰਨਵਾਦ ਕੀਤਾ।

# ਕੌਮੀ ਇਨਸਾਫ ਮੋਰਚੇ ਦੀਆਂ ਮੰਗਾਂ ਨੂੰ ਲੈ ਕੇ ਬੀ ਕੇ ਯੂ ਪੰਜਾਬ ਨੇ ਵਿਧਾਇਕ ਨੂੰ ਦਿੱਤਾ ਮੰਗ ਪੱਤਰ

**ਫਤਹਿਗੜ੍ਹ ਪੰਜਤੂਰ (ਭੁੱਲਰ)**-ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਬਾਕੀ ਹਲਕਿਆਂ ਵਾਂਗ ਹਲਕਾ ਧਰਮਕੋਟ ਦੇ ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਬੀ.ਕੇ.ਯੂ. ਪੰਜਾਬ ਦੇ ਸੂਬਾ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੁੱਖ ਗਿੱਲ ਤੋਤਾ ਸਿੰਘ ਵਾਲਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਤੇ ਕੌਮੀ ਜਨਰਲ ਸਕੱਤਰ ਪੰਜਾਬ, ਸੁੱਖਾ ਸਿੰਘ ਸਿੰਘ ਵਿਰਕ ਜ਼ਿਲ੍ਹਾ ਪ੍ਰਧਾਨ, ਬਖਸ਼ੀਸ਼ ਸਿੰਘ ਰਾਮਗੜ੍ਹ ਹੈੱਡ ਕੈਸ਼ੀਅਰ, ਸਾਰਜ ਸਿੰਘ ਬਹਿਰਾਮ ਕੇ ਪ੍ਰਚਾਰ ਸਕੱਤਰ ਪੰਜਾਬ ਦੀ ਅਗਵਾਈ ਵਿੱਚ ਮੰਗ ਪੱਤਰ ਦਿੱਤਾ ਗਿਆ। ਸੁੱਖ ਗਿੱਲ ਨੇ ਕਿਹਾ ਕਿ ਸਾਡੇ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਲਈ ਸਾਡੀ ਕੌਮ ਨੂੰ ਇੱਕਜੁਟਤਾ ਵਿਖਾਉਣੀ ਚਾਹੀਦੀ ਹੈ ਨਾ ਕੇ ਇੱਕ-ਦੂਜੇ ਦੀਆਂ ਲੱਤਾਂ ਖਿਚਣੀਆਂ ਚਾਹੀਦੀਆਂ ਹਨ। ਸੁੱਖ ਗਿੱਲ ਨੇ ਕਿਹਾ ਕਿ ਪੰਜਾਬ ਤੇ ਦੇਸ਼ ਦੇ ਸੁਹਿਰਦ ਲੋਕਾਂ ਵੱਲੋਂ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਪਿਛਲੇ ਸਮੇਂ ਤੋਂ ਮੋਰਚਾ ਲਗਾਇਆ ਗਿਆ ਹੈ, ਜਿਸ ਦੀਆਂ ਮੇਨ ਮੰਗਾਂ ਉਮਰ ਕੈਦ ਤੋਂ ਵੱਧ ਸਜ਼ਾਵਾਂ ਕੱਟ ਚੁੱਕੇ 9 ਬੰਦੀ ਸਿੱਖਾਂ ਨੂੰ ਰਿਹਾਅ ਕਰਵਾਉਣਾ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ 'ਤੇ ਸਖਤ ਕਾਨੂੰਨ ਬਣਾਉਣਾ ਤੇ ਕਸੂਰਵਾਰ ਲੋਕਾਂ ਨੂੰ ਸਜ਼ਾ ਦਿਵਾਉਣਾ, ਸਾਲ 2015 'ਚ ਵਾਪਰੇ ਕੋਟਕਪੂਰਾ-ਬਹਿਬਲ ਕਲਾਂ ਗੋਲੀ ਕਾਂਡ ਦੇ ਜ਼ਿੰਮੇਵਾਰ ਵਿਆਕਤੀਆਂ ਖਿਲਾਫ ਕਾਰਵਾਈ ਕਰਵਾਉਣੀ ਆਦਿ ਇਨ੍ਹਾਂ ਸਾਰੇ ਸੰਵੇਦਨਸ਼ੀਲ ਮੁੱਦਿਆਂ ਦੀ ਮੰਗ ਨੂੰ ਲੈ ਕੇ ਕੌਮੀ ਇਨਸਾਫ ਮੋਰਚੇ ਵੱਲੋਂ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਸਾਥ ਦੇਣ ਤੇ ਹਲਕਾ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦੀ ਅਪੀਲ ਕੀਤੀ ਗਈ ਸੀ, ਜਿਸ ਨੂੰ ਮੁੱਖ ਰੱਖਦਿਆਂ ਬੀ.ਕੇ.ਯੂ. ਪੰਜਾਬ ਦੇ ਆਗੂਆਂ ਨੇ ਅੱਜ ਹਲਕਾ ਵਿਧਾਇਕ ਦੀ ਹਾਜ਼ਰੀ ਵਿੱਚ ਧਰਮਕੋਟ (ਮੋਗਾ) ਵਿਖੇ ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਉਨ੍ਹਾਂ ਦੇ ਦਫਤਰ ਵਿੱਚ ਮੰਗ ਪੱਤਰ ਸੌਂਪਿਆ ਗਿਆ ਅਤੇ ਲਾਡੀ ਢੋਸ ਨੇ ਜਥੇਬੰਦੀ ਦੇ ਆਗੂਆਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਹਮੇਸ਼ਾ ਕਿਸਾਨਾਂ ਤੇ ਸਿੱਖ ਕੌਮ ਦੇ ਨਾਲ ਹੈ, ਉਹ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਇਹ ਮੰਗ ਪੱਤਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੱਕ ਜਲਦ ਪਹੁੰਚਦਾ ਕਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤਲਵਿੰਦਰ ਸਿੰਘ ਗਿੱਲ ਤੋਤਾ ਸਿੰਘ ਵਾਲਾ, ਸਵਰਨ ਸਿੰਘ ਝੰਡੇ ਵਾਲਾ, ਕੁਲਵੰਤ ਸਿੰਘ ਚੀਮਾਂ, ਸੁਰਜੀਤ ਸਿੰਘ ਗਿੱਲ, ਜਗੀਰ ਸਿੰਘ ਰੋਸਾ, ਡਾ. ਸਰਤਾਜ ਧਰਮਕੋਟ, ਗੁਰਸਾਹਿਬ ਸਿੰਘ ਢਿੱਲੋਂ ਤੋਤਾ ਸਿੰਘ ਵਾਲਾ, ਬਲਜੀਤ ਸਿੰਘ ਜੁਲਕਾ, ਗੁਰਚਰਨ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਗਿੱਲ, ਲਖਵਿੰਦਰ ਸਿੰਘ ਜੁਲਕਾ ਢੋਲੇਵਾਲਾ, ਮਨਦੀਪ ਸਿੰਘ ਮੰਨਾਂ ਬੱਡੂਵਾਲਾ, ਫਤਿਹ ਸਿੰਘ ਭਿੰਡਰ ਆਦਿ ਕਿਸਾਨ ਹਾਜ਼ਰ ਸਨ।

# ਰਿਟਾਇਰਡ ਕਾਨੂੰਨਗੋ-ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮੁਹਾਲੀ ਮੋਰਚੇ ਦੀ ਹਮਾਇਤ ਦਾ ਐਲਾਨ




**ਮੋਗਾ (ਅਮਰਜੀਤ ਬੱਬਰੀ)**-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਮੋਗਾ ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਵਿਖੇ ਹੋਈ। ਮੀਟਿੰਗ ਦੌਰਾਨ ਸ੍ਰੀ ਰਵੀ ਕਮਾਰ ਕਾਨੂੰਨਗੋ ਨੇ 28 ਫਰਵਰੀ ਨੂੰ ਰਿਟਾਇਰ ਹੋਣ ਤੋ ਬਾਅਦ ਐਸੋਸੀਏਸ਼ਨ ਦੀ ਮੈਂਬਰਸ਼ਿਪ ਹਾਸਲ ਕਰਕੇ ਐਸੋਸੀਏਸ਼ਨ ਵਿੱਚ ਸ਼ਮੂਲੀਅਤ ਕੀਤੀ, ਜਿਸ ਦਾ ਰਿਟਾਇਰਡ ਸਾਥੀਆਂ ਵੱਲੋਂ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਸ੍ਰ. ਗੁਰਦੇਵ ਸਿੰਘ ਸੀਨੀਅਰ ਰਿਟਾਇਰਡ ਕਾਨੂੰਨਗੋ ਦੀਆਂ ਐਸੋਸੀਏਸ਼ਨ ਮੀਟਿੰਗਾਂ ਦੌਰਾਨ ਹਾਜ਼ਰੀਆਂ ਤੇ ਸੇਵਾਵਾਂ ਨੂੰ ਮੁੱਖ ਰਖਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ ਤੇ ਐਸੋਸੀਏਸ਼ਨ ਵੱਲੋਂ ਯਾਦਗਾਰੀ ਮੋਮੈਂਟੋ ਦਿੱਤਾ ਗਿਆ। ਮੀਟਿੰਗ ਦੌਰਾਨ ਰਿਟਾਇਰਡ ਸਾਥੀਆਂ ਦੇ ਮਸਲੇ ਵਿਚਾਰਣ ਉਪਰੰਤ ਐਸੋਸੀਏਸ਼ਨ ਵੱਲੋਂ ਮੋਹਾਲੀ ਵਿੱਚ ਲੱਗੇ ਸਿੱਖ ਜਥੇਬੰਦੀਆਂ ਦੇ ਬੰਦੀ ਸਿੰਘ ਇਨਸਾਫ ਮੋਰਚੇ ਦੀ ਮਤਾ ਪਾਸ ਕਰਕੇ ਹਮਾਇਤ ਕੀਤੀ ਗਈ। ਪੰਜਾਬ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਨਸਾਫ ਮੋਰਚੇ ਦੀਆਂ ਮੰਗਾਂ ਤਰੁੰਤ ਮੰਨ ਕੇ ਲਾਗੂ ਕੀਤੀਆਂ ਜਾਣ। ਇਸ ਮੀਟਿੰਗ ਵਿੱਚ ਗੁਰਮੇਲ ਸਿੰਘ ਗੋਂਦਾਰਾ ਜਨਰਲ ਸਕੱਤਰ, ਕੁਲਵੰਤ ਸਿੰਘ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਪੁਰਬਾ ਸੀਨੀਅਰ ਮੀਤ ਪ੍ਰਧਾਨ, ਸੀਤਲ ਕੁਮਾਰ ਸਹਾਇਕ ਕੈਸ਼ੀਅਰ, ਹਰੀਕ੍ਰਿਸ਼ਨ ਸਿੰਘ ਮੀਤ ਪ੍ਰਧਾਨ, ਮੋਹਣ ਸਿੰਘ ਮੀਤ ਪ੍ਰਧਾਨ, ਮੱਖਣ ਜੀਤ ਮੀਤ ਪ੍ਰਧਾਨ, ਗੁਰਚਰਨ ਸਿੰਘ ਛਾਬੜਾ ਆਡੀਟਰ, ਗੁਰਦੋਰ ਸਿੰਘ ਦਫਤਰ ਸਕੱਤਰ, ਜਗਰਾਜ ਸਿੰਘ ਪ੍ਰਚਾਰ ਸਕੱਤਰ, ਸੁਖਦੇਵ ਸਿੰਘ ਖੋਸਾ, ਕਮਲੇਸ਼ ਕੁਮਾਰ, ਬਲਦੇਵ ਕੁਮਾਰ ਸੇਖਾ, ਨਾਇਬ ਸਿੰਘ ਦੌਲਤਪੁਰਾ, ਰਤਨ ਸਿੰਘ ਗਿੱਲ, ਗੁਰਮੇਲ ਸਿੰਘ ਬੁੱਘੀਪੁਰਾ ਆਦਿ ਸ਼ਾਮਲ ਹੋਏ।

# ਸਰਪੰਚਾਂ-ਪੰਚਾਂ 'ਤੇ ਲਾਠੀਚਾਰਜ ਹਰਿਆਣਾ ਸਰਕਾਰ ਨੂੰ ਮਹਿੰਗਾ ਪਵੇਗਾ : ਸਰਪੰਚ ਜਗਤਾਰ, ਮਾਲਵਿੰਦਰ ਧਾਲੀਵਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਹਰਿਆਣਾ ਸਰਕਾਰ ਵੱਲੋਂ ਈ ਟੈਂਡਰਿੰਗ ਤੇ ਰਿਕਾਰਡ ਟੂ ਰਿਕਾਲ ਨੂੰ ਲੈ ਕੇ ਸਰਪੰਚਾਂ ਦੇ ਵਿੱਚ ਕਾਫੀ ਚਿਰ ਤੋਂ ਰੋਸ ਚੱਲ ਰਿਹਾ ਸੀ, ਜਿਸ ਨੂੰ ਲੈ ਕੇ ਸਰਪੰਚਾਂ ਵੱਲੋਂ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕੀਤਾ ਜਾਣਾ ਸੀ। ਪੰਚਕੂਲਾ ਦੀ ਸ਼ਾਲੀਮਾਰ ਪਾਰਕ ਵਿੱਚ ਸਰਪੰਚ ਤੇ ਪੰਚ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ। ਉਸ ਤੋਂ ਬਾਅਦ ਪੈਦਲ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੇ ਨਿਵਾਸ 'ਤੇ ਜਾਣ ਲੱਗੇ ਤਾਂ ਚੰਡੀਗੜ੍ਹ ਬਾਰਡਰ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਰੋਕ ਕੇ ਲਾਠੀਚਾਰਜ ਤੇ ਪਾਣੀ ਦੀਆਂ ਬੋਛਾਰਾਂ ਕਰਕੇ ਸੈਂਕੜੇ ਸਰਪੰਚਾਂ ਨੂੰ ਜ਼ਖਮੀ ਕੀਤਾ ਤੇ ਪੀ.ਜੀ.ਆਈ. ਰੈਫਰ ਕੀਤੇ ਗਏ। ਇਸ ਨੂੰ ਦੇਖਦਿਆਂ ਹਰਿਆਣਾ ਦੀਆਂ ਪੰਚਾਇਤਾਂ ਵਿੱਚ ਕਾਫੀ ਰੋਸ ਹੈ। ਪੰਚਾਇਤਾਂ ਨੇ ਫੈਸਲਾ ਲਿਆ ਕਿ ਪਿੰਡਾਂ ਵਿੱਚ ਬੀ.ਜੇ.ਪੀ. ਤੇ ਜੇ.ਜੇ.ਪੀ ਦੇ ਕਿਸੇ ਨੁਮਾਇੰਦਿਆਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਲਾਠੀਚਾਰਜ ਦਾ ਜੁਆਬ ਲਾਠੀਚਾਰਜ ਨਾਲ ਹੀ ਦਿੱਤਾ ਜਾਵੇਗਾ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਲਵਿੰਦਰ ਧਾਲੀਵਾਲ ਤੇ ਸਰਪੰਚ ਗਿੱਲ ਜਗਤਾਰ ਨੇ ਈ ਟੈਂਡਰਿੰਗ ਦੇ ਵਿਰੋਧ ਵਿੱਚ ਬੋਲੇ ਕਿ ਸਰਕਾਰ ਈ ਟੈਂਡਰਿੰਗ ਲਾਗੂ ਕਰਕੇ ਆਪਣੇ ਹੀ ਨੁਮਾਇੰਦਿਆਂ ਦਾ ਹੀ ਘਰ ਭਰਨਾ ਚਾਹੁੰਦੀ ਹੈ ਤੇ ਪੰਚਾਇਤਾਂ ਨੂੰ ਚੋਰ ਕਹਿਣ ਵਾਲੀ ਸਰਕਾਰ ਖੁਦ ਚੋਰ ਹੈ। ਦੋ ਸਾਲਾਂ ਵਿੱਚ ਪੰਚਾਇਤੀ ਫੰਡ ਦਾ ਕਰੋੜਾਂ ਰੁਪਏ ਖੁਰਦ ਬੁਰਦ ਕਰ ਚੁੱਕੀ ਹੈ, ਜਿਸ ਦਾ ਹਿਸਾਬ ਦੇਣ ਦੀ ਬਜਾਏ ਪੰਚਾਇਤਾਂ ਨੂੰ ਈ ਟੈਂਡਰਿੰਗ ਤੇ ਰਿਕਾਰਡ ਟੂ ਰਿਕਾਲ ਦੇ ਚੱਕਰਾਂ ਵਿੱਚ ਪਾ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਕਰਕੇ ਪੰਚਾਇਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਪੰਚਾਇਤਾਂ ਨੇ ਇਸ ਦਾ ਬਦਲਾ ਆਉਣ ਵਾਲੀਆਂ 2024 ਦੀਆਂ ਚੋਣਾਂ ਵਿੱਚ ਲੈਣ ਦਾ ਫੈਸਲਾ ਕੀਤਾ ਹੈ।

# ਬਰਨਾਲਾ ਜਰਨਲਿਸਟ ਐਸੋਸੀਏਸ਼ਨ ਦੀ ਮੀਟਿੰਗ 'ਚ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਵਿਚਾਰ-ਚਰਚਾ



**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਬਰਨਾਲਾ ਜਰਨਲਿਸਟ ਐਸੋਸੀਏਸ਼ਨ ਬਰਨਾਲਾ ਦੀ ਇੱਕ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਲਾਡੀ, ਪ੍ਰਧਾਨ ਰਾਜਿੰਦਰ ਸਿੰਘ ਬਰਾੜ ਤੇ ਜਨਰਲ ਸੈਕਟਰੀ ਹਰਿੰਦਰ ਨਿੱਕਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਰਾਜਿੰਦਰ ਸਿੰਘ ਬਰਾੜ ਨੇ ਕਿਹਾ ਕਿ ਅਜੋਕੇ ਸਮੇਂ ਦੌਰਾਨ ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਨੂੰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਹੈ। ਪੂਰੇ ਦੇਸ਼ ਤੇ ਪੰਜਾਬ ਅੰਦਰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨੇ ਜਾਂਦੇ ਮੀਡੀਏ 'ਤੇ ਲੁੱਕਵੇਂ ਏਜੰਡੇ ਤਹਿਤ ਹਮਲੇ ਕੀਤੇ ਜਾ ਰਹੇ ਹਨ, ਜਿਸ ਨੂੰ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਚੇਅਰਮੈਨ ਗੁਰਪ੍ਰੀਤ ਸਿੰਘ ਲਾਡੀ ਨੇ ਆਖਿਆ ਕਿ ਅੱਜ ਵੀ ਸਮੂਹ ਐਸੋਸੀਏਸ਼ਨ ਇੱਕਜੁੱਟ ਹੈ ਤੇ ਨਿਰਪੱਖ ਪੱਤਰਕਾਰਿਤਾ ਦੀ ਹਾਮੀ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਪੱਤਰਕਾਰਾਂ ਨੂੰ ਬਿਨਾਂ ਕਿਸੇ ਡਰ ਦੇ ਪਾਰਦਰਸ਼ਤਾ ਨਾਲ ਪੱਤਰਕਾਰੀ ਕਰਨ ਲਈ ਕਿਹਾ। ਜਨਰਲ ਸੈਕਟਰੀ ਹਰਿੰਦਰ ਨਿੱਕਾ ਨੇ ਮੀਟਿੰਗ ਵਿੱਚ ਹਾਜ਼ਰ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਅਨੁਸ਼ਾਸਨ ਕਾਇਮ ਰੱਖਦਿਆਂ ਲੋਕ-ਪੱਖੀ ਮੁੱਦਿਆਂ 'ਤੇ ਕੇਂਦਰਿਤ ਪੱਤਰਕਾਰੀ ਨੂੰ ਤਰਜੀਹ ਦੇਣੀ ਚਾਹੀਦੀ ਹੈ ਤੇ ਬਿਨਾਂ ਕਿਸੇ ਦਬਾਓ ਦੇ ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਰਹਿਣਾ ਚਾਹੀਦਾ ਹੈ। ਮੀਟਿੰਗ ਵਿੱਚ ਹਾਜ਼ਰ ਸੀਨੀਅਰ ਪੱਤਰਕਾਰ ਵਿਜੈ ਭੰਡਾਰੀ, ਮਨੋਜ ਸ਼ਰਮਾ, ਵਿਪਨ ਗੁਪਤਾ, ਬੇਅੰਤ ਸਿੰਘ ਬਾਜਵਾ, ਮੰਗਤ ਜਿੰਦਲ ਤੇ ਪਰਮਜੀਤ ਸਿੰਘ ਕੈਰੇ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਪਿਛਲੇ ਸਮੇਂ ਪੱਤਰਕਾਰਾਂ ਨੂੰ ਜ਼ਿਲ੍ਹੇ ਅੰਦਰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਸਮੂਹ ਪੱਤਰਕਾਰਾਂ ਨੇ ਇੱਕ ਐਕਸ਼ਨ ਕਮੇਟੀ ਵੀ ਬਣਾਈ ਗਈ ਹੈ, ਜਿਸ ਵਿੱਚ ਪ੍ਰਧਾਨ ਰਾਜਿੰਦਰ ਸਿੰਘ ਬਰਾੜ, ਜਨਰਲ ਸੈਕਟਰੀ ਹਰਿੰਦਰ ਨਿੱਕਾ, ਗੁਰਪ੍ਰੀਤ ਸਿੰਘ ਲਾਡੀ, ਬੇਅੰਤ ਬਾਜਵਾ, ਨਰਿੰਦਰ ਅਰੋੜਾ, ਪਰਮਜੀਤ ਸਿੰਘ ਕੈਰੇ ਤੇ ਗੁਰਪ੍ਰੀਤ ਸਿੰਘ ਸੋਨੀ ਸ਼ਾਮਲ ਹਨ। ਗਠਿਤ ਕਮੇਟੀ ਪੱਤਰਕਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਦੀ ਜਾਂਚ ਕਰੇਗੀ। ਮੀਟਿੰਗ ਵਿੱਚ ਰਾਜਿੰਦਰ ਪ੍ਰਸਾਦ, ਕ੍ਰਿਸਨ ਸੰਘੇੜਾ, ਟੋਨੀ ਚੀਮਾ, ਮੱਘਰ ਪੁਰੀ, ਜਗਸੀਰ ਸਿੰਘ ਚਹਿਲ, ਕੁਲਵਿੰਦਰ ਸਿੰਘ, ਮੰਗਾ ਸਿੰਘ ਠੀਕਰੀਵਾਲ, ਯੋਗਰਾਜ ਜੋਗੀ, ਰਾਜਿੰਦਰ ਰਾਜਿੰਦਰ ਸ਼ਰਮਾ, ਅਮਨਦੀਪ ਸਿੰਘ ਭੋਤਨਾ, ਕਰਮਜੀਤ ਸਿੰਘ ਗਾਦੜਾ, ਰਮਨ ਧਾਲੀਵਾਲ, ਕੁਲਦੀਪ ਜੰਡੂ, ਅਮਨਦੀਪ ਭੋਤਨਾ, ਕਰਨਜੀਤ ਸਿੰਘ, ਰਘਬੀਰ ਹੈਪੀ ਹਾਜ਼ਰ ਸਨ।

# ਮਹਾਰਾਜਾ ਰਿਪੁਦਮਨ ਸਿੰਘ ਦਾ 140ਵਾਂ ਜਨਮ ਦਿਹਾੜਾ ਮਨਾਇਆ

## ਜੋ ਕੌਮਾਂ ਆਪਣੇ ਇਤਿਹਾਸ ਨੂੰ ਯਾਦ ਰੱਖਦੀਆਂ, ਉਹ ਹਮੇਸ਼ਾ ਜਿਉਂਦੀਆ ਰਹਿੰਦੀਆਂ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਕ੍ਰਾਂਤੀਕਾਰੀ ਮਹਾਰਾਜਾ ਰਿਪੁਦਮਨ ਸਿੰਘ ਜੀ ਦਾ 140ਵਾਂ ਜਨਮ ਦਿਹਾੜਾ ਸਰਕਾਰੀ ਰਿਪੁਦਮਨ ਕਾਲਜ ਵਿਖੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਮੌਕੇ ਮਹਾਰਾਣੀ ਉਮਾ ਸਿੰਘ, ਮਹਾਰਾਜਾ ਭਾਨੂੰ ਪ੍ਰਤਾਪ ਸਿੰਘ, ਕਾਲਜ ਪ੍ਰਿੰਸੀਪਲ ਰੇਨੂੰ ਜੈਨ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਧਾਰਮਿਕ ਸਮਾਗਮ ਦੌਰਾਨ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਦੇ ਰਾਗੀ ਜੱਥੇ ਨੇ ਜਿਥੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਹੀ ਪ੍ਰਸਿੱਧ ਕਥਾਵਾਚਕ ਗਿਆਨੀ ਰਜਿੰਦਰਪਾਲ ਸਿੰਘ ਨੇ ਮਹਾਰਾਜਾ ਰਿਪੁਦਮਨ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਬਾਰੇ ਵਿਸ਼ੇਸ਼ ਚਾਨਣਾ ਪਾਇਆ। ਵਿਧਾਇਕ ਦੇਵ ਮਾਨ ਨੇ ਭਾਵੁਕ ਹੁੰਦਿਆਂ ਕਿਹਾ ਕਿ ਜੋ ਕੌਮਾਂ ਆਪਣੇ ਇਤਿਹਾਸ ਨੂੰ ਯਾਦ ਰੱਖਦੀਆਂ ਹਨ, ਉਹ ਹਮੇਸ਼ਾ ਜਿਉਂਦੀਆਂ ਰਹਿੰਦੀਆਂ ਹਨ। ਵਿਧਾਇਕ ਦੇਵ ਮਾਨ ਨੇ ਜਿੱਥੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਹੀ ਉਨ੍ਹਾਂ ਕਿਹਾ ਕਿ ਮਹਾਰਾਜਾ ਰਿਪੁਦਮਨ ਸਿੰਘ ਇੱਕ ਕ੍ਰਾਂਤੀਕਾਰੀ ਰਾਜਾ ਹੋਏ ਹਨ। ਇਸ ਲਈ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬਜ਼ੁਰਗਾਂ ਨੂੰ ਯਾਦ ਰੱਖੀਏ ਤੇ ਉਨ੍ਹਾਂ ਦੀਆਂ ਯਾਦਾਂ ਮਨਾ ਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰੀਏ। ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੇ ਐਲਾਨ ਕੀਤਾ ਰਿਆਸਤੀ ਨਗਰੀ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਜੀ ਤੇ ਮਹਾਰਾਜਾ ਰਿਪੁਦਮਨ ਸਿੰਘ ਜੀ ਦਾ ਜਨਮ ਦਿਹਾੜਾ ਅੱਗੇ ਤੋਂ ਹਰ ਸਾਲ ਵੱਡੇ ਪੱਧਰ 'ਤੇ ਨਾਭਾ ਵਿਖੇ ਮਨਾਇਆ ਜਾਵੇਗਾ। ਦੇਵਮਾਨ ਨੇ ਆਈਆਂ ਸੰਗਤਾ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸੀਨੀਅਰ ਪੱਤਰਕਾਰ ਅਮਰਿੰਦਰ ਸਿੰਘ ਪੁਰੀ ਨੇ ਬਾਖੂਬੀ ਕੀਤਾ। ਇਸ ਸਮਾਗਮ ਵਿੱਚ ਮਹਾਰਾਣੀ ਉਮਾ ਸਿੰਘ, ਪ੍ਰਿੰਸੀਪਲ ਰੇਨੂੰ ਜੈਨ, ਡੀ.ਐੱਸ.ਪੀ. ਦਵਿੰਦਰ ਅੱਤਰੀ, ਪੰਕਜ ਪੱਪੂ, ਕੋਤਵਾਲੀ ਇੰਚਾਰਜ ਹੈਰੀ ਬੋਪਾਰਾਏ, ਆਮ ਆਦਮੀ ਪਾਰਟੀ ਸਹਿਰੀ ਬਲਾਕ ਪ੍ਰਧਾਨ ਅਸ਼ੋਕ ਅਰੋੜਾ, ਗਿਆਨੀ ਰਜਿੰਦਰਪਾਲ ਸਿੰਘ, ਜਸਵੰਤ ਸਿੰਘ ਕਪੂਰ ਤੇ ਹੋਰਾਂ ਦਾ ਵਿਧਾਇਕ ਦੇਵ ਮਾਨ ਨੇ ਸਿਰੋਪਾਓ ਪਾ ਕੇ ਸਨਮਾਨ ਕੀਤਾ। ਇਸ ਮੌਕੇ ਧਾਰਮਿਕ ਸਮਾਗਮ 'ਚ ਮਹਾਰਾਣੀ ਉਮਾ ਸਿੰਘ, ਰਾਜਾ ਭਾਨੂੰ ਪ੍ਰਤਾਪ ਸਿੰਘ, ਤੇਜਿੰਦਰ ਸਿੰਘ ਖਹਿਰਾ, ਕੌਂਸਲਰ ਕ੍ਰਿਸ਼ਨ ਕੁਮਾਰ, ਕਪਿਲ ਮਾਨ, ਗੁਲਾਬ ਮਾਨ, ਅਮਰਦੀਪ ਸਿੰਘ ਖੰਨਾ ਸਾਬਕਾ ਚੇਅਰਮੈਨ, ਕੌਂਸਲਰ ਸੋਨੀਆ ਪਰੂਜਾ, ਹਰਸਿਮਰਨ ਸਿੰਘ ਸਾਹਨੀ ਸਾਬਕਾ ਪ੍ਰਧਾਨ ਨਗਰ ਕੌਂਸਲ, ਵਾਈਸ ਪ੍ਰਿੰਸੀਪਲ ਹਰਵਿੰਦਰ ਸਿੰਘ, ਪ੍ਰੋਫੈਸਰ ਕੁਲਦੀਪ ਸਿੰਘ, ਪ੍ਰੋਫੈਸਰ ਹਰਮਿੰਦਰ ਸਿੰਘ ਡਿੰਪਲ, ਡਾਕਟਰ ਦੀਪਕ ਕੌਸ਼ਲ ਤੋਂ ਇਲਾਵਾ ਕਾਲਜ ਸਟਾਫ ਤੇ ਕਾਲਜ ਦੇ ਵਿਦਿਆਰਥੀ ਮੌਜੂਦ ਸਨ।

# ਗਰੀਬਾਂ ਦੀ ਕਣਕ ਕੱਟ ਕੇ ਮਾਨ ਸਰਕਾਰ ਕਿਹੜੇ ਵਿਕਾਸ ਦੀ ਗੱਲ ਕਰ ਰਹੀ : ਗੋਲਡੀ

**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਿਤਾਅ ਰਹੇ ਲੋਕਾਂ ਦੇ ਰਾਸ਼ਨ ਕਾਰਡ ਵਿੱਚ ਕਟੌਤੀ ਕਰਨ ਨੂੰ ਲੈ ਕੇ ਸਰਕਾਰ ਨੂੰ ਗਰੀਬਾਂ ਤੇ ਰਹਿਮ ਕਰਨ ਦੀ ਅਪੀਲ ਕੀਤੀ ਹੈ। ਅਕਾਲੀ ਦਲ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਪ੍ਰਕਾਸ ਸਿੰਘ ਬਾਦਲ ਦੀ ਹਕੂਮਤ ਸਮੇਂ ਨੀਲੇ ਕਾਰਡ ਦੇ ਨਾਂ 'ਤੇ ਗਰੀਬਾਂ ਨੂੰ ਆਟਾ ਦਾਲ ਦਿੱਤੀ ਗਈ, ਜਿਸ ਵਿੱਚ ਸਰਕਾਰ ਨੇ ਨਾ ਕਦੇ ਕੋਈ ਕਟੌਤੀ ਕੀਤੀ ਅਤੇ ਨਾ ਹੀ ਇਸ ਵਿੱਚ ਕਦੇ ਰੁਕਾਵਟ ਪਾਈ। ਅਕਾਲੀ ਦਲ ਸੰਗਰੂਰ ਦੇ ਹਲਕਾ ਇੰਚਾਰਜ ਇੰਜ. ਵਿਨਰਜੀਤ ਸਿੰਘ (ਗੋਲਡੀ) ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਗਰੀਬਾਂ ਦੇ ਰਾਸ਼ਨ ਕਾਰਡ ਕੱਟੇ ਹਨ ਤੇ ਕੇਂਦਰ ਵੱਲੋਂ ਦਿੱਤੇ ਜਾ ਰਹੇ ਰਾਸ਼ਨ ਵਿੱਚ ਕਟੌਤੀ ਕਰਨ ਨੂੰ ਲੈ ਕੇ ਸਰਕਾਰ ਦੀ ਨਿੰਦਿਆ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਤੰਬਰ 2022 ਮਹੀਨੇ ਤੋਂ ਲੈ ਕੇ ਮਾਰਚ 2023 ਤੱਕ ਮਿਲਣ ਵਾਲੀ ਕਣਕ ਵਿੱਚ ਸਰਕਾਰ ਨੇ 35.20% ਦਾ ਕੱਟ ਲਗਾਇਆ ਹੈ ਤੇ ਇਸ ਤਰ੍ਹਾਂ ਫੂਡ ਸਪਲਾਈ ਮਹਿਕਮੇ ਨੇ ਕਟੌਤੀ ਕਰਕੇ 100 ਫੀਸਦੀ ਦੀ ਥਾਂ 64.80 % ਕਣਕ ਹੀ ਪੰਜਾਬ ਦੇ ਗਰੀਬ ਲੋਕਾਂ ਨੂੰ ਦਿੱਤੀ ਹੈ। ਇਸੇ ਤਰ੍ਹਾਂ ਇਸ ਵਿੱਚ 35.20% ਫੀਸਦੀ ਕੱਟ ਲਗਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੱਖਾਂ ਗਰੀਬਾਂ ਲੋਕਾਂ ਨੂੰ ਇਸ ਸਕੀਮ ਤਹਿਤ ਕਣਕ ਮਿਲਦੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਬੇਲੋੜੀ ਤੇ ਸ਼ੋਹਰਤ ਭਰੀ ਇਸ਼ਤਿਹਾਰਬਾਜ਼ੀ 'ਤੇ ਪੰਜਾਬ ਦਾ ਪੈਸਾ ਖਰਚ ਕਰਕੇ ਆਪਣੀ ਵਡਿਆਈ ਕਰ ਰਹੀ ਹੈ, ਜਦਕਿ ਦੂਜੇ ਪਾਸੇ ਪੰਜਾਬ ਦੇ ਗਰੀਬ ਲੋਕ ਕਣਕ ਤੇ ਹੋਰ ਸਹੂਲਤਾਂ ਤੋਂ ਵਾਂਝੇ ਹੋ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਬੇਰੁਜ਼ਗਾਰੀ, ਗੁੰਡਾਗਰਦੀ, ਲੁੱਟ-ਖਸੁੱਟ ਵਧੀ ਹੈ ਤੇ ਗਰੀਬਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਇੰਜ. ਵਿਨਰਜੀਤ ਸਿੰਘ (ਗੋਲਡੀ) ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਸਰਕਾਰ ਵੱਲੋਂ ਗਰੀਬਾਂ ਨੂੰ ਮਿਲਣ ਵਾਲੀ ਮੁਫਤ ਕਣਕ ਦੀ ਘੱਟ ਸਪਲਾਈ ਦੇ ਵਿਰੁੱਧ ਡੱਟ ਕੇ ਗਰੀਬ ਪਰਿਵਾਰਾਂ ਨਾਲ ਖੜਾ ਹੈ ਅਤੇ ਇਸ ਲਈ ਸੰਘਰਸ਼ ਕਰਨ ਨੂੰ ਵੀ ਤਿਆਰ ਹੈ। ਉਨ੍ਹਾਂ ਕਿਹਾ ਕਿ ਫੂਡ ਸਪਲਾਈ ਵਿਭਾਗ ਵੱਲੋਂ ਜਿਹੜੇ ਗਰੀਬ ਵਿਅਕਤੀਆਂ ਦੇ ਕਾਰਡ ਕੱਟੇ ਗਏ ਹਨ, ਉਨ੍ਹਾਂ ਪਰਿਵਾਰਾਂ ਨੂੰ ਸੈਂਟਰ ਸਰਕਾਰ ਦੇ ਪੋਰਟਲ ਮੁਤਾਬਿਕ ਕਣਕ ਮਿਲ ਰਹੀ ਹੈ ਅਤੇ ਉਹ ਕੇਂਦਰ ਸਰਕਾਰ ਦੀ ਮੁਫਤ ਅਨਾਜ ਵੰਡ ਸੂਚੀ ਵਿੱਚ ਸ਼ਾਮਲ ਹਨ, ਪਰ ਪੰਜਾਬ ਸਰਕਾਰ ਇਸ ਉੱਤੇ ਚੁੱਪ ਚਾਪ ਕਟੌਤੀ ਲਾ ਕੇ ਗਰੀਬਾਂ ਨਾਲ ਮਜ਼ਾਕ ਕਰ ਰਹੀ ਹੈ, ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਬੀ ਕੇ ਯੂ ਲੱਖੋਵਾਲ ਵੱਲੋਂ 20 ਦੇ ਦਿੱਲੀ ਧਰਨੇ ਸੰਬੰਧੀ ਪਿੰਡਾਂ 'ਚ ਸੰਪਰਕ ਮੁਹਿੰਮ ਸ਼ੁਰੂ


ਬੀ. ਕੇ. ਯੂ. (ਲੱਖੋਵਾਲ) ਦੇ ਅਹੁਦੇਦਾਰ ਪਿੰਡ ਮਹਿਦੂਦਾਂ ਵਿਖੇ ਇਕਾਈ ਸਥਾਪਤ ਕੀਤੇ ਜਾਣ ਮੌਕੇ ਬੈਜ਼ ਲਗਾਉਂਦੇ ਹੋਏ।

**ਸਮਰਾਲਾ (ਸੁਰਜੀਤ ਸਿੰਘ)**-ਅੱਜਕੱਲ੍ਹ ਦੇ ਹਾਲਾਤ ਦੇਖ ਕੇ ਇਸ ਤਰ੍ਹਾਂ ਲੱਗ ਰਿਹਾ ਹੈ, ਜਿਵੇਂ ਕੇਂਦਰ ਸਰਕਾਰ ਪੰਜਾਬ ਦੇ ਕਿਸਾਨ ਦੇ ਹੱਥੋਂ ਪੰਜਾਲੀ ਛੁਡਾਉਣ ਲਈ ਪੂਰੀ ਵਾਹ ਲਾ ਰਹੀ ਹੈ, ਪ੍ਰੰਤੂ ਮੋਦੀ ਨੂੰ ਨਹੀਂ ਪਤਾ ਕਿ ਜੇਕਰ ਪੰਜਾਬ ਦੇ ਕਿਸਾਨ ਦੇ ਕਿਸਾਨ ਨੇ ਮੁੜ ਪੰਜਾਲੀ ਛੱਡ ਝੰਡਾ ਫੜ ਲਿਆ, ਫਿਰ ਉਸ ਨੇ ਦਿੱਲੀ ਨੂੰ ਸਰ ਕੀਤੇ ਬਿਨਾਂ ਵਾਪਸ ਨਹੀਂ ਜਾਣਾ। ਇਸ ਲਈ 20 ਮਾਰਚ ਨੂੰ ਦਿੱਲੀ ਦੇ ਯੰਤਰ ਮੰਤਰ ਵਿਖੇ ਕਿਸਾਨ ਸਿਰਫ ਇੱਕ ਟਰੇਲਰ ਦਿਖਾਉਣ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਪਿੰਡ ਮਹਿਦੂਦਾਂ ਵਿਖੇ ਦਿੱਲੀ ਜਾਣ ਲਈ ਕਿਸਾਨਾਂ ਲਾਮਬੰਦ ਕਰਨ ਕੀਤੇ ਇਕੱਠ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਬੀ. ਕੇ. ਯੂ. (ਲੱਖੋਵਾਲ) ਦੇ ਅਹੁਦੇਦਾਰ ਵੱਖੋ ਵੱਖਰੀਆਂ ਟੀਮਾਂ ਨਾਲ ਪੰਜਾਬ ਭਰ ਦੇ ਪਿੰਡ ਪਿੰਡ ਜਾ ਕੇ 20 ਮਾਰਚ ਨੂੰ ਦਿੱਲੀ ਵਿਖੇ ਕੀਤੇ ਜਾ ਰਹੇ ਰੋਸ ਧਰਨੇ ਲਈ ਲਾਮਬੰਦ ਕਰ ਰਹੇ ਹਨ। ਇਸ ਮੌਕੇ ਪਰਮਿੰਦਰ ਸਿੰਘ ਪਾਲ ਮਾਜਰਾ ਜਨਰਲ ਸਕੱਤਰ ਪੰਜਾਬ ਨੇ ਸਰਕਾਰ ਉਤੇ ਵਰ੍ਹਦੇ ਕਿਹਾ ਕਿਹਾ ਕਿ ਸਰਕਾਰ ਜਾਣਬੁੱਝ ਕੇ ਕਿਸਾਨ ਆਗੂਆਂ ਦੇ ਘਰਾਂ ਉੱਤੇ ਸੀ. ਬੀ. ਆਈ. ਦੀ ਛਾਪੇਮਾਰੀ ਕਰਵਾ ਰਹੀ ਹੈ, ਜਿਸ ਦੇ ਵਿਰੋਧ ਵਿੱਚ ਪੰਜਾਬ ਭਰ ਦੇ ਡੀ. ਸੀ. ਦਫਤਰਾਂ ਅੱਗੇ 13 ਮਾਰਚ ਨੂੰ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

ਇਸ ਇਕੱਠ ਨੂੰ ਇਕੱਤਰ ਕਰਨ ਲਈ ਸਾਬਕਾ ਸਰਪੰਚ ਟਹਿਲ ਸਿੰਘ ਮਹਿਦੂਦਾਂ ਨੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਤੇ ਦਿੱਲੀ ਧਰਨੇ ਲਈ ਵੀ ਪ੍ਰੇਰਿਤ ਕੀਤਾ।

ਇਸ ਮੌਕੇ ਮਹਿਦੂਦਾਂ ਪਿੰਡ ਵਿੱਚ ਬੀ. ਕੇ. ਯੂ. (ਲੱਖੋਵਾਲ) ਦੀ ਇਕਾਈ ਦਾ ਗਠਨ ਕੀਤਾ ਗਿਆ, ਇਕਾਈ ਦੁਆਰਾ ਵਿਸ਼ਵਾਸ ਦਿਵਾਇਆ ਗਿਆ 13 ਮਾਰਚ ਤੇ 20 ਮਾਰਚ ਦੇ ਰੋਸ ਧਰਨਿਆਂ ਲਈ ਮਹਿਦੂਦਾਂ ਵਿੱਚੋਂ ਕਿਸਾਨ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨਗੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਸੇਵਕ ਸਿੰਘ ਮੰਜਾਲੀ ਕਲਾਂ ਪ੍ਰਧਾਨ ਬਲਾਕ ਸਮਰਾਲਾ, ਸਾਬਕਾ ਸਰਪੰਚ ਸੁਰਿੰਦਰ ਸਿੰਘ ਖੱਟਰਾਂ, ਨੰਬਰਦਾਰ ਗੁਰਮੀਤ ਸਿੰਘ ਇਕਾਈ ਪ੍ਰਧਾਨ, ਗੁਰਪ੍ਰੀਤ ਸਿੰਘ, ਅਮੋਲਕ ਸਿੰਘ, ਮਲਕੀਤ ਸਿੰਘ, ਸੁਖਵਿੰਦਰ ਸਿੰਘ, ਹਰਪਾਲ ਸਿੰਘ, ਗੁਰਮੀਤ ਸਿੰਘ ਆਦਿ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਪੰਜਾਬ ਸਰਕਾਰ ਖੇਤੀਬਾੜੀ ਵਿਭਿੰਨਤਾ 'ਚ ਯੋਗਦਾਨ ਪਾਉਣ ਵਾਲੇ ਉੱਦਮੀ ਕਿਸਾਨਾਂ ਦੀ ਭਲਾਈ ਲਈ ਵਚਨਬੱਧ-ਸੰਧਵਾਂ

## ਸਪੀਕਰ ਸੰਧਵਾਂ ਨੇ ਕਿਸਾਨ ਜਸਪ੍ਰੀਤ ਸਿੰਘ ਚੀਮਾ ਦੇ ਸਟ੍ਰਾਅਬੇਰੀ ਫਾਰਮ ਦਾ ਕੀਤਾ ਦੌਰਾ


ਤਲਵੰਡੀ ਭੰਗੇਰੀਆਂ ਦੇ ਕਿਸਾਨ ਜ਼ਸਪ੍ਰੀਤ ਸਿੰਘ ਦੇ ਚੀਮਾ ਸਟ੍ਰਾਅਬੇਰੀ ਫਾਰਮ ਦਾ ਦੌਰਾ ਕਰਨ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ।

**ਮੋਗਾ (ਅਮਰਜੀਤ ਬੱਬਰੀ)**-ਕੁਦਰਤੀ ਸਰੋਤਾਂ ਹਵਾ, ਮਿੱਟੀ, ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸੂਬੇ ਵਿੱਚ ਖੇਤੀਬਾੜੀ ਵਿਭਿੰਨਤਾ ਲਿਆਉਣ ਦੀ ਸਖਤ ਜ਼ਰੂਰਤ ਹੈ। ਪੰਜਾਬ ਵਿੱਚ ਬਹੁਤ ਸਾਰੇ ਖੇਤੀਬਾੜੀ ਉੱਦਮੀ ਹਨ, ਜਿਹੜੇ ਖੇਤੀਬਾੜੀ ਵਿਭਿੰਨਤਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਸਰਕਾਰ ਅਜਿਹੇ ਉਦਮੀਆਂ ਦੀ ਸ਼ਲਾਘਾ ਕਰਦੀ ਹੈ, ਉਨ੍ਹਾਂ ਨਾਲ ਖੜ੍ਹੀ ਹੈ ਤੇ ਉਨ੍ਹਾਂ ਦੀ ਭਲਾਈ ਲਈ ਵਚਨਬੱਧ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੋਗਾ ਵਿਖੇ ਕੀਤਾ। ਉਹ ਇੱਥੇ ਤਲਵੰਡੀ ਭੰਗੇਰੀਆਂ ਦੇ ਕਿਸਾਨ ਜ਼ਸਪ੍ਰੀਤ ਸਿੰਘ ਦੇ ਚੀਮਾ ਸਟ੍ਰਾਅਬੇਰੀ ਫਾਰਮ ਦਾ ਦੌਰਾ ਕਰਨ ਪਹੁੰਚੇ ਸਨ। ਜਸਪ੍ਰੀਤ ਸਿੰਘ ਆਪਣੀ ਸਵਾ ਏਕੜ ਜ਼ਮੀਨ ਉੱਪਰ ਕਣਕ ਝੋਨੇ ਦੇ ਰਿਵਾਇਤੀ ਖੇਤੀਬਾੜੀ ਚੱਕਰ ਵਿੱਚੋਂ ਨਿੱਕਲ ਕੇ ਸਟ੍ਰਾਅਬੇਰੀ ਦੀ ਸਫਲ ਤੇ ਮੁਨਾਫੇ ਵਾਲੀ ਕਾਸ਼ਤ ਕਰ ਰਿਹਾ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਉਨ੍ਹਾਂ ਦੇ ਖੇਤ ਵਿੱਚ ਉਸ ਨੂੰ ਹੱਲਸ਼ਸ਼ੇਰੀ ਦੇਣ ਲਈ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਤੇ ਖਤੀਬਾੜੀ ਵਿਭਾਗ ਦੇ ਨੁਮਾਇੰਦੇ ਵੀ ਮੌਜੂਦ ਸਨ।

ਉਨ੍ਹਾਂ ਕਿਸਾਨ ਜਸਪ੍ਰੀਤ ਸਿੰਘ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਜਿਹੇ ਕਿਸਾਨ, ਜਿਹੜੇ ਕਿ ਕੁਦਰਤੀ ਸਰੋਤਾਂ ਦੀ ਸੰਭਾਲ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ ਤੇ ਹੋਰਨਾਂ ਕਿਸਾਨਾਂ ਲਈ ਮਿਸਾਲ ਬਣ ਰਹੇ ਹਨ, ਉਨ੍ਹਾਂ ਨਾਲ ਪੰਜਾਬ ਸਰਕਾਰ ਹਮੇਸ਼ਾ ਖੜ੍ਹੀ ਹੈ। ਕਿਸਾਨ ਜਸਪ੍ਰੀਤ ਸਿੰਘ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਸਪੀਕਰ ਨੇ ਉਸ ਨੂੰ ਭਰੋਸਾ ਦਿਵਾਇਆ ਕਿ ਉਹ ਇਨ੍ਹਾਂ ਮੁਸ਼ਕਲਾਂ ਦੇ ਹੱਲ ਤੇ ਹੋਰ ਸਹਾਇਤਾ ਲਈ ਬਾਗਬਾਨੀ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਗੱਲ ਕਰਨਗੇ ਤੇ ਜਿੰਨੀ ਹੋ ਸਕੇ ਉਨ੍ਹਾਂ ਦੀ ਆਰਥਿਕ ਮੱਦਦ ਵੀ ਸਬੰਧਤ ਵਿਭਾਗਾਂ ਵੱਲੋਂ ਕਰਵਾਉਣਗੇ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਸਾਨ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਫਸਲ ਲਈ ਕਿਸਾਨਾਂ ਨੂੰ ਸਬਸਿਡੀ, ਪ੍ਰੋਸੈਸਿੰਗ ਪਲਾਂਟ ਲਗਾਉਣ ਬਾਰੇ ਤੇ ਹੋਰ ਮੱਦਦ ਲਈ ਬਾਗਬਾਨੀ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਛੇਤੀ ਰਾਬਤਾ ਕਰਨਗੇ।

# ਪਾਥਵੇਜ਼ ਗਲੋਬਲ ਸਕੂਲ ਦਾ ਸਾਲਾਨਾ ਨਤੀਜਾ ਸ਼ਾਨਦਾਰ




**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਜੋ ਇਲਾਕੇ ਦਾ ਨਾਮਵਾਰ ਆਈ ਸੀ ਐੱਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ। ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ। ਪਾਥਵੇਜ਼ ਨੇ ਮਾਪਿਆਂ ਦਾ ਵਿਸ਼ਵਾਸ ਜਿੱਤ ਕੇ ਇਸ ਨੂੰ ਮਾਪਿਆਂ ਦੀ ਪਹਿਲੀ ਪਸੰਦ ਬਣਾ ਦਿੱਤਾ ਹੈ। ਅੱਜ ਸਾਲਾਨਾ ਨਤੀਜਾ ਸਮਾਰੋਹ 'ਤੇ ਪਾਥਵੇਜ਼ ਦੇ ਵਿਹੜੇ 'ਚ ਰੌਣਕਾਂ ਲੱਗੀਆਂ ਕਿੰਡਰਗਾਰਟਨ ਦੇ ਬੱਚਿਆਂ ਨੇ ਖੂਬ ਰੰਗ ਬੰਨ੍ਹਿਆ। ਨੰਨ੍ਹੇ-ਮੁੰਨੇ ਬੱਚਿਆਂ ਦੀ ਪ੍ਰਫਾਰਮੈਂਸ ਦੇਖਣ ਵਾਲੀ ਸੀ। ਪਾਥਵੇਜ਼ ਦੇ ਸਾਲਾਨਾ ਨਤੀਜੇ 'ਚ ਵਿਦਿਆਰਥੀਆ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਪਾਥਵੇਜ਼ ਫ੍ਰੀ ਐਜੂਕੇਸ਼ਨ ਦਿੰਦਾ ਹੈ। ਸਕਾਲਰਸ਼ਿਪ ਲੈਣ ਵਾਲੇ ਬੱਚਿਆਂ 'ਚ ਸਖਤ ਮੁਕਾਬਲਾ ਦੇਖਣ ਨੂੰ ਮਿਲਿਆ ਤੇ ਅੱਧੇ ਪ੍ਰਤੀਸ਼ਤ 'ਤੇ ਬੱਚਿਆਂ ਨੇ ਕੰਪੀਟੀਸ਼ਨ ਕੀਤਾ। ਅੱਜ ਦੇ ਇਸ ਸਮਾਗਮ ਦੇ ਮੁੱਖ ਮਹਿਮਾਨ ਪਾਥਵੇਜ਼ ਦੇ ਫਾਊਂਡਰ ਪ੍ਰਿੰਸੀਪਲ ਮਿਸਟਰ ਬੀ ਐੱਲ ਵਰਮਾ ਸਪੈਸ਼ਲ ਤੌਰ 'ਤੇ ਕੈਨੇਡਾ ਤੋਂ ਆਏ, ਜਿਨ੍ਹਾਂ ਦਾ ਪਾਥਵੇਜ਼ ਨੂੰ ਖੜ੍ਹਾ ਕਰਨ 'ਚ ਬਹੁਤ ਵੱਡਾ ਯੋਗਦਾਨ ਹੈ। ਪ੍ਰਿੰਸੀਪਲ ਪਵਨ ਕੁਮਾਰ ਠਾਕੁਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ, ਡੀਨ ਮੈਡਮ ਪਰਮਿੰਦਰ ਕੌਰ ਤੂਰ ਨੇ ਸਮਾਗਮ ਦੀ ਸ਼ਾਨਦਾਰ ਤਿਆਰੀ ਕਰਵਾਈ ਤੇ ਮਾਪਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਾਥਵੇਜ਼ ਨੂੰ ਅਕੈਡਮਿਕ ਤੌਰ 'ਤੇ ਐਨਾ ਮਜ਼ਬੂਤ ਕਰਨਗੇ ਕਿ ਮਾਪੇ ਪਾਥਵੇਜ਼ 'ਤੇ ਹਮੇਸ਼ਾ ਮਾਣ ਮਹਿਸੂਸ ਕਰਨਗੇ।

ਪਾਥਵੇਜ਼ ਦੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ ਤੇ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ ਨੇ ਬੱਚਿਆਂ ਨੂੰ ਸਨਮਾਨਤ ਕੀਤਾ। ਸਕੂਲ ਦੇ ਵਿਜਨਰੀ ਜਸਵਿੰਦਰ ਸਿੰਘ ਸਿੱਧੂ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਪੱਛੜੇ ਏਰੀਏ 'ਚ ਵਰਲਡ ਕਲਾਸ ਦੀ ਐਜੂਕੇਸ਼ਨ ਦੇਣ ਦਾ, ਜੋ ਸੁਪਨਾ ਸੀ, ਉਹ ਸਾਕਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਥਵੇਜ਼ ਬਹੁਤ ਜਲਦ ਕੰਪੀਟੀਸ਼ਨ ਸੈੱਲ ਸਥਾਪਤ ਕਰਨ ਜਾ ਰਿਹਾ, ਜਿਸ ਨਾਲ ਬੱਚਿਆਂ ਨੂੰ ਨੀਟ, ਆਈ ਏ ਐੱਸ, ਆਈ ਪੀ ਐੱਸ, ਪੀ ਸੀ ਐੱਸ ਵਰਗੇ ਟੈਸਟਾਂ ਦੀ ਤਿਆਰੀ ਪਾਥਵੇਜ਼ ਦੇ ਕੈਂਪਸ 'ਚ ਹੀ ਕਰਵਾਈ ਜਾਵੇਗੀ। ਇਸ ਮੌਕੇ ਚਾਹਤ ਕੰਬੋਜ, ਜੋਗਿੰਦਰ ਸਿੰਘ ਸਰਪੰਚ, ਸਤਨਾਮ ਸਿੰਘ ਤੇ ਗੁਰਪ੍ਰੀਤ ਸਿੰਘ ਸਿੱਧੂ ਕਮੇਟੀ ਮੈਂਬਰ ਹਾਜ਼ਰ ਸਨ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਰਾਸ਼ਟਰੀ ਸੈਮੀਨਾਰ


ਸ੍ਰੋਤ ਵਿਅਕਤੀਆਂ ਨੂੰ ਸਨਮਾਨਤ ਕਰਦੇ ਹੋਏ ਕਾਲਜ ਸਟਾਫ ਤੇ ਪ੍ਰਬੰਧਕ।

**ਦੋਰਾਹਾ, (ਹਰਮਿੰਦਰ ਸਿੰਘ ਸੇਠ)** : ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵੱਲੋਂ 'ਮੂਕਜ਼ ਐਂਡ ਇੰਟਲੈਕਚੂਅਲ ਪ੍ਰੌਪਰਟੀ ਰਾਈਟ' ਵਿਸ਼ੇ 'ਤੇ ਨੈਸ਼ਨਲ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਯੂਨੀਵਰਸਿਟੀ ਬਿਜ਼ਨੈੱਸ ਸਕੂਲ ਤੋਂ ਐਸੋਸੀਏਟ ਪ੍ਰੋਫ਼ੈਸਰ ਡਾ. ਤੇਜਿੰਦਰਪਾਲ ਸਿੰਘ ਤੇ ਡਾ. ਨੀਰਜ ਕੁਮਾਰ, ਡਿਪਟੀ ਲਾਈਬ੍ਰੇਰੀਅਨ, ਏ. ਸੀ. ਜੋਸ਼ੀ ਲਾਇਬ੍ਰੇਰੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਸ੍ਰੋਤ ਵਿਅਕਤੀਆਂ ਵਜੋਂ ਸ਼ਿਰਕਤ ਕੀਤੀ ਤੇ ਡਾ. ਇੰਦਰਪਾਲ ਸਿੰਘ ਸਿੱਧੂ, ਐਸੋਸੀਏਟ ਪ੍ਰੋਫ਼ੈਸਰ, ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-26, ਚੰਡੀਗੜ੍ਹ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸੈਮੀਨਾਰ ਦਾ ਆਰੰਭ ਸ਼ਬਦ ਗਾਇਨ ਨਾਲ ਹੋਇਆ। ਇਸ ਉਪਰੰਤ ਸ੍ਰੋਤ ਵਿਅਕਤੀਆਂ, ਪ੍ਰਬੰਧਕੀ ਕਮੇਟੀ ਦੇ ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਨੇ ਸਾਂਝੇ ਤੌਰ 'ਤੇ ਸ਼ਮ੍ਹਾ ਰੌਸ਼ਨ ਕੀਤੀ। ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸ੍ਰੋਤ ਵਿਅਕਤੀਆਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

ਸੈਮੀਨਾਰ ਦੇ ਆਰੰਭ ਵਿੱਚ ਸੈਮੀਨਾਰ ਦੇ ਪ੍ਰਬੰਧਕੀ ਸਕੱਤਰ ਡਾ. ਨਿਧੀ ਸਰੂਪ ਨੇ ਸੈਮੀਨਾਰ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰੋ. ਕਸ਼ਮੀਰ ਸਿੰਘ ਆਈ ਪੀ ਆਰ ਚੇਅਰ ਦੇ ਕੋਆਰਡੀਨੇਟਰ ਤੇ ਪ੍ਰੋਫ਼ੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕੁੰਜੀਵਤ ਭਾਸ਼ਣ ਦਿੱਤਾ। ਇਸ ਮੌਕੇ ਡਾ. ਤੇਜਿੰਦਰਪਾਲ ਸਿੰਘ ਤੇ ਡਾ. ਨੀਰਜ ਕੁਮਾਰ ਨੇ ਸ੍ਰੋਤ ਵਿਅਕਤੀਆਂ ਵਜੋਂ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਵਿਸ਼ੇਸ਼ ਮਹਿਮਾਨ ਡਾ. ਇੰਦਰਪਾਲ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਨੌਜਵਾਨਾਂ ਨੂੰ ਆਪਣੇ ਦੇਸ਼ ਵਿੱਚ ਰਹਿ ਕੇ ਹੀ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਵੱਖ-ਵੱਖ ਕਾਲਜਾਂ ਤੋਂ ਆਏ 26 ਡੈਲੀਗੇਟਾਂ ਨੇ ਵਿਸ਼ੇ ਸੰਬੰਧੀ ਗੰਭੀਰ ਵਿਚਾਰ ਚਰਚਾ ਕਰਦੇ ਹੋਏ ਪਰਚੇ ਪੜ੍ਹੇ। ਸੈਮੀਨਾਰ ਦੇ ਸਮਾਪਤੀ ਸੈਸ਼ਨ ਦੌਰਾਨ ਰਿਟਾਇਰਡ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਨੇ ਸਰੋਤਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਤੇ ਸ੍ਰੋਤ ਵਿਅਕਤੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਸੰਚਾਲਕ ਦੀ ਭੂਮਿਕਾ ਪ੍ਰੋ. ਦੀਪਾਲੀ ਤੇ ਪ੍ਰੋ. ਦੀਪਿਕਾ ਨੇ ਨਿਭਾਈ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਵੱਲੋਂ ਸ਼੍ਰੀ ਆਦਰਸ਼ ਪਾਲ ਬੈਕਟਰ ਤੇ ਰਵਿੰਦਰ ਸਿੰਘ ਮਲਹਾਂਸ ਉਚੇਚੇ ਤੌਰ 'ਤੇ ਇਸ ਸੈਮੀਨਾਰ ਵਿੱਚ ਹਾਜ਼ਰ ਸਨ।

ਇਸ ਮੌਕੇ ਡੈਲੀਗੇਟਾਂ ਤੇ ਵਿਦਿਆਰਥੀਆਂ ਨੂੰ ਸਰਟਫ਼ੀਕੇਟ ਵੰਡੇ ਗਏ। ਸੈਮੀਨਾਰ ਦੇ ਅੰਤ ਵਿੱਚ ਆਈ. ਕਿਯੂ. ਏ. ਸੀ. ਦੇ ਸਹਾਇਕ ਕੋਆਰਡੀਨੇਟਰ ਪ੍ਰੋ. ਦੀਪਿਕਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਰਾਸ਼ਟਰੀ ਸੈਮੀਨਾਰ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸੰਬੰਧਤ ਪ੍ਰਾਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

# ਹਰਸਿਮਰਨ ਨੇ ਜੂਡੋ ਪ੍ਰਤੀਯੋਗਤਾ 'ਚ ਚਾਂਦੀ ਦਾ ਤਮਗਾ ਜਿੱਤਿਆ

**ਬਠਿੰਡਾ, (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਤੋਂ ਇਲਾਵਾ ਖੇਡਾਂ ਨੂੰ ਪ੍ਰਫੁਲਤ ਕਰਨ ਤੇ ਖੇਡਾਂ 'ਚ ਬਾਜ਼ੀਆਂ ਮਾਰਨ ਵਾਲੇ ਖਿਡਾਰੀਆਂ ਨੂੰ ਹੋਰ ਅੱਗੇ ਲਿਜਾਣ ਲਈ ਵਿਸ਼ੇਸ਼ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ। ਉਪਰੋਕਤ ਜਾਣਕਾਰੀ ਦਿੰਦਿਆਂ ਪੁਲਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਿਕਾ ਨੇ ਦੱਸਿਆ ਕਿ ਇਸੇ ਤਹਿਤ ਪੁਲਸ ਪਬਲਿਕ ਸਕੂਲ 'ਚ ਨਾਨ- ਮੈਡੀਕਲ ਦੀ ਪੜ੍ਹਾਈ ਕਰ ਰਹੇ 11ਵੀਂ ਜਮਾਤ ਦੇ ਵਿਦਿਆਰਥੀ ਹਰਸਿਮਰਨ ਸਿੰਘ ਬਰਾੜ ਨੇ 43ਵੀਂ ਜ਼ਿਲ੍ਹਾ ਪੱਧਰ ਜੂਡੋ ਪ੍ਰਤੀਯੋਗਤਾ 'ਚ ਚਾਂਦੀ ਦਾ ਤਮਗਾ ਹਾਸਲ ਕੀਤਾ ਹੈ। ਉਨ੍ਹਾ ਕਿਹਾ ਕਿ ਹਰਸਿਮਰਨ ਸਿੰਘ 90 ਕਿੱਲੋਗ੍ਰਾਮ ਦੀ ਸ਼੍ਰੇਣੀ ਦਾ ਖਿਡਾਰੀ ਹੈ। ਇਸ ਮੌਕੇ ਹੋਰ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮੈਡਮ ਮੋਨਿਕਾ ਨੇ ਦੱਸਿਆ ਕਿ ਖਿਡਾਰੀ ਹਰਸਿਮਰਨ ਸਿੰਘ ਬਰਾੜ ਦੇ ਕੋਚ ਤਰਸੇਮ ਲਾਲ ਬਾਵਾ ਇੱਕ ਪੁਲਸ ਮੁਲਾਜ਼ਮ ਹਨ। ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ ਨੇ ਜੇਤੂ ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੱਤੀ ਤੇ ਖਿਡਾਰੀਆਂ ਨੂੰ ਭਵਿੱਖ 'ਚ ਹੋਰ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਵੀ ਕੀਤਾ।

## ਵਰ੍ਹੇਗੰਢ ਮਨਾਈ


ਬਲਦੀਪ ਕੌਰ ਪਤਨੀ ਬਿਹਾਰੀ ਲਾਲ ਮੁਹੱਲਾ ਰਵਿਦਾਸਪੁਰਾ-ਨੂਰਮਹਿਲ (ਜਲੰਧਰ) ਨੇ ਆਪਣੇ ਵਿਆਹ ਦੀ 35ਵੀਂ ਵਰ੍ਹੇਗੰਢ ਮਨਾਈ

# ਟੀ ਐੱਲ ਐੱਫ ਸਕੂਲ ਦੇ ਵਿਦਿਆਰਥੀਆਂ ਆਰੀਆ ਭੱਟ ਗਣਿਤ ਚੈਲੇਂਜ 'ਚ ਮਾਰੀਆਂ ਮੱਲਾਂ


ਟੀ.ਐੱਲ.ਐੱਫ. ਸਕੂਲ ਦੀ ਵਿਦਿਆਰਥਣ ਜੀਆ ਤੇ ਵਿਦਿਆਰਥੀ ਕਬੀਰ ਨੂੰ ਸਨਮਾਨਤ ਕਰਦੇ ਚੇਅਰਮੈਨ ਇੰਜੀ. ਜਨੇਸ਼ ਗਰਗ, ਪ੍ਰਿੰਸੀਪਲ ਵਿੰਨੀ ਕੌਰ ਆਹਲੂਵਾਲੀਆ ਤੇ ਫੈਕਿਲਟੀ ਸਟਾਫ।

**ਮੋਗਾ (ਅਮਰਜੀਤ ਬੱਬਰੀ)**-ਬੀਤੇ ਦਿਨ ਸੀ.ਬੀ.ਐੱਸ.ਈ. ਵੱਲੋਂ ਕਰਵਾਏ ਗਏ ਆਰੀਆ ਭੱਟ ਗਣਿਤ ਚੈਲੇਂਜ-2022 ਵਿੱਚ ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਦਿ ਲਰਨਿੰਗ ਫੀਲਡ ਏ ਗਲੋਬਲ ਸਕੂਲ (ਟੀ.ਐਲ.ਐਫ) ਦੇ ਦੋ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ, ਆਪਣੇ ਸ਼ਹਿਰ ਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਸਕੂਲ ਪ੍ਰਿੰਸੀਪਲ ਵਿੰਨੀ ਕੌਰ ਆਹਲੂਵਾਲੀਆ ਨੇ ਦੱਸਿਆ ਕਿ ਸੀ.ਬੀ.ਐੱਸ.ਈ. ਵੱਲੋਂ ਗਣਿਤ ਦਿਵਸ 'ਤੇ ਕੀਤੇ ਗਏ ਆਰੀਆ ਭੱਟ ਗਣਿਤ ਚੈਲੇਂਜ-2022 ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿਚ ਲੇਵਲ-2 ਰਾਊਂਡ ਵਿੱਚ ਗ੍ਰੇਡ-8 ਦੀ ਵਿਦਿਆਰਥਣ ਜੀਆ ਤੇ ਗ੍ਰੇਡ-10 ਦੇ ਵਿਦਿਆਰਥੀ ਕਬੀਰ ਨੇ ਆਪਣੀ ਪ੍ਰਤਿਭਾ ਦਾ ਵਧੀਆ ਪ੍ਰਦਰਸ਼ਨ ਕੀਤਾ, ਜਿਸ ਨੂੰ ਸੀ.ਬੀ.ਐੱਸ.ਈ. ਵੱਲੋਂ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਸਕੂਲ ਦੇ ਵਿਦਿਆਰਥੀ ਪੰਜਾਬ ਦੇ ਇਲਾਵਾ ਕਈ ਸਥਾਨਾਂ 'ਤੇ ਸਿੱਖਿਆ ਤੇ ਖੇਡਾਂ ਦੇ ਨਾਲ-ਨਾਲ ਹੋਰਨਾਂ ਐਕਟੀਵਿਟੀਆਂ ਵਿੱਚ ਹਿੱਸਾ ਲੈ ਕੇ ਮੈਡਲ ਹਾਸਲ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਟੀ.ਐੱਲ.ਐੱਫ. ਸਕੂਲ ਦੀ ਮੈਨੇਜਮੇਂਟ ਕਮੇਟੀ ਦੇ ਚੇਅਰਮੈਨ ਪ੍ਰਵੀਨ ਗਰਗ, ਚੇਅਰਮੈਨ ਇੰਜੀ. ਜਨੇਸ਼ ਗਰਗ ਤੇ ਚੇਅਰਪਰਸਨ ਡਾ. ਮੁਸਕਾਨ ਗਰਗ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੇ ਟੈਲੇਂਟ ਨੂੰ ਵਧੀਆ ਢੰਗ ਨਾਲ ਤਰਾਸ਼ਨ ਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਇਲਾਵਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਲੈ ਕੇ ਉਨ੍ਹਾਂ ਸਮੇਂ-ਸਮੇਂ 'ਤੇ ਗਤੀਵਿਧੀਆਂ ਤੇ ਹੋਰਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਦੇ ਚੱਲਦੇ ਅੱਜ ਸਕੂਲ ਦੇ ਵਿਦਿਆਰਥੀ ਗਣਿਤ ਮੁਕਾਬਲੇ ਵਿਚ ਮੱਲਾਂ ਮਾਰਦੇ ਮੋਗਾ ਸ਼ਹਿਰ ਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕਰ ਚੁੱਕੇ ਹਨ। ਸਕੂਲ ਵਿੱਚ ਪੁੱਜਣ ਤੇ ਵਿਦਿਆਰਥੀਆਂ ਦਾ ਸੁਆਗਤ ਚੇਅਰਮੈਨ ਇੰਜੀ. ਜਨੇਸ਼ ਗਰਗ, ਚੇਅਰਪਰਸਨ ਡਾ. ਮੁਸਕਾਨ ਗਰਗ, ਪ੍ਰਿੰਸੀਪਲ ਵਿੰਨੀ ਕੌਰ ਆਹਲੂਵਾਲੀਆ ਤੇ ਸਮੂਹ ਸਟਾਫ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਚੇਅਰਮੈਨ ਇੰਜੀ. ਜਨੇਸ਼ ਗਰਗ ਨੇ ਕਿਹਾ ਕਿ ਸਕੂਲ ਵੱਲੋਂ ਵਿਦਿਆਰਥੀਆਂਦੇ ਉੱਜਵਲ ਭਵਿੱਖ ਨੂੰ ਲੈ ਕੇ ਉਨ੍ਹਾਂ ਨੂੰ ਤਰਾਸ਼ਿਆ ਜਾ ਰਿਹਾ ਹੈ, ਜਿਸ ਕਾਰਨ ਵਿਦਿਆਰਥੀ ਉੱਚ ਮੁਕਾਮ ਹਾਸਲ ਕਰਨ ਵਿਚ ਕਾਮਯਾਬ ਹੋ ਕੇ ਮੈਡਲ ਹਾਸਲ ਕਰਕੇ ਆਪਣਾ, ਮਾਪਿਆ ਤੇ ਮੋਗਾ ਸ਼ਹਿਰ ਦਾ ਨਾਂਅ ਰੋਸ਼ਨ ਕਰ ਰਹੇ ਹਨ। ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।

# ਅਕਾਲੀ ਦਲ ਸੁਤੰਤਰ ਨੇ ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

## ਨਗਰ ਕੌਂਸਲ ਨੇ ਸੀਵਰੇਜ ਦੀ ਸਮੱਸਿਆ ਦਾ ਹੱਲ ਨਾ ਕੱਢਿਆ ਗਿਆ ਤਾਂ 10 ਮਾਰਚ ਤੋਂ ਰੋਜ਼ਾਨਾ ਰੋਸ ਧਰਨਾ ਲਗਾਇਆ ਜਾਵੇਗਾ : ਸਹੋਲੀ



**ਨਾਭਾ (ਵਰਿੰਦਰ ਵਰਮਾ)**-ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਵਿਚ ਮਾਨਯੋਗ ਐੱਸ.ਡੀ.ਐੱਮ. ਦਮਨਦੀਪ ਕੌਰ ਨੂੰ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਸਾਹਿਬ ਦੇ ਸੀਵਰੇਜ ਦੇ ਪਾਣੀ ਦੀ ਸਮੱਸਿਆ ਸਬੰਧੀ ਮੰਗ ਪੱਤਰ ਦਿੱਤਾ ਗਿਆ। ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰਚੀ ਸਿੰਘ ਬਾਬਾ ਅਜਾਪਾਲ ਸਿੰਘ ਜੀ ਦੀ ਯਾਦ ਵਿੱਚ ਬਣਿਆ ਹੋਇਆ ਹੈ ਰੋਜ਼ਾਨਾ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਗੁ: ਸਾਹਿਬ ਵਿਖੇ ਨਤਮਸਤਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਗੁ: ਸਾਹਿਬ ਦੀ ਸੀਵਰੇਜ ਦੇ ਪਾਣੀ ਦੀ ਨਿਕਾਸੀ ਦਾ ਬਹੁਤ ਮਾੜਾ ਹਾਲ ਹੈ ਜੋ ਕਿ ਗੁ: ਸਾਹਿਬ ਦੇ ਕੰਪਲੈਕਸ ਵਿਚ ਸੀਵਰੇਜ ਦਾ ਗੰਦਾ ਪਾਣੀ ਇਕੱਠਾ ਹੋ ਜਾਂਦਾ ਹੈ। ਨਗਰ ਕੌਂਸਲ ਨਾਭਾ ਵੱਲੋਂ ਸੀਵਰੇਜ ਸਹੀ ਤਰੀਕੇ ਨਾ ਪਾਉਣ ਕਰਕੇ ਗੁ: ਸਾਹਿਬ ਦੇ ਸੀਵਰੇਜ ਦਾ ਪਾਣੀ ਕਿਸੇ ਪਾਸੇ ਸਹੀ ਤਰੀਕੇ ਨਾਲ ਨਹੀਂ ਨਿਕਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਸੰਗਤਾਂ ਦੂਰੋਂ ਦੂਰੋਂ ਨਤਮਸਤਕ ਹੋਣ ਲਈ ਆਉਂਦੀਆਂ ਹਨ, ਪ੍ਰੰਤੂ ਸ਼ਰਧਾਲੂਆਂ ਨੂੰ ਸੀਵਰੇਜ ਦੇ ਗੰਦੇ ਪਾਣੀ ਵਿਚੋਂ ਨਿਕਲਣਾ ਪੈਂਦਾ ਹੈ, ਜਿਸ ਕਾਰਨ ਸੰਗਤਾਂ ਵਿਚ ਇਸ ਦਾ ਭਾਰੀ ਰੋਸ ਹੈ।

ਉਨ੍ਹਾ ਕਿਹਾ ਕਿ ਉੱਚ ਅਧਿਕਾਰੀਆਂ ਨੇ ਲਾਰਿਆਂ ਤੋਂ ਕਿਸੇ ਨੇ ਕੁਝ ਨਹੀਂ ਕੀਤਾ, ਪਰ ਅਕਾਲੀ ਦਲ ਸੁਤੰਤਰ ਲਿਖਤੀ ਤੌਰ 'ਤੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੇਕਰ ਹੱਲ ਨਹੀ ਕੀਤਾ ਗਿਆ, ਤਾਂ 10 ਮਾਰਚ ਤੋਂ ਮਿਉਂਸਪਲ ਕਮੇਟੀ ਦਫਤਰ ਅੱਗੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦਾ ਹਰ ਰੋਜ਼ ਪਿੱਟ ਸਿਆਪਾ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਇਹ ਮੰਗ ਬਾਬਾ ਅਜਾਪਾਲ ਸਿੰਘ ਗੁਰੂਦੁਆਰਾ ਘੋੜਿਆਂ ਵਾਲਿਆਂ ਦੇ ਮੈਨੇਜਰ ਸਾਹਿਬ ਨੇ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੀ ਹੈ, ਪਰ ਹੱਲ ਨਹੀਂ ਨਿੱਕਲਿਆ। ਇਸ ਮੌਕੇ ਹਰਬੰਸ ਸਿੰਘ ਖਟੜਾ, ਜਗਰੂਪ ਸਿੰਘ, ਸੁਰਜੀਤ ਸਿੰਘ ਬਾਬਰਪੁਰ, ਪੂਰਨ ਸਿੰਘ ਅਲਹੌਰਾਂ, ਬਿੱਲੂ ਸਹੋਲੀ, ਗੁਰਤੇਜ ਸਿੰਘ ਕਵੇਲੀ, ਹੈਪੀ ਸੁੱਖੋਬਾਲ, ਸਿਤਾਰ ਮੁਹੰਮਦ, ਜੋਰਾ ਸਿੰਘ ਰਿਆਣਾ, ਲਾਲ ਚੰਦ ਅਜਨੌਦਾ, ਭਿੰਦਰ ਸਿੰਘ ਗਲਵੱਟੀ, ਅਮਰ ਸਿੰਘ ਅਮਰ ਆਦਿ ਹਾਜ਼ਰ ਸਨ।

# ਸ਼ੌਪਸੀ ਬਾਏ ਫਲਿੱਪਕਾਰਟ ਨੇ ਸਾਰਾ ਅਲੀ ਖਾਨ ਨਾਲ ਸ਼ੁਰੂ ਕੀਤੀ ਨਵੀਂ ਮੁਹਿੰਮ

ਲੁਧਿਆਣਾ : ਹਾਈਪਰ-ਵੈਲਿਊ ਈ-ਕਾਮਰਸ ਪਲੇਟਫਾਰਮ ਸ਼ੌਪਸੀ ਬਾਏ ਫਲਿੱਪਕਾਰਟ ਨੇ ਬ੍ਰਾਂਡ ਅੰਬੈਸਡਰ ਸਾਰਾ ਅਲੀ ਖਾਨ ਦੇ ਨਾਲ ਆਪਣੀ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ। ਇਹ ਮੁਹਿੰਮ ਦੇ ਜ਼ਰੀਏ ਕਿਫਾਇਤੀ ਕੀਮਤਾਂ ਅਤੇ ਖਾਸ ਤੌਰ ਉੱਤੇ ਕਿਫਾਇਤੀ ਪੇਸ਼ਕਸ਼ ਪੰਸਦ ਕਰਨ ਵਾਲੇ ਲੋਕਾਂ ਲਈ ਵਿਆਪਕ ਉਤਪਾਦ ਰੇਂਜ 'ਤੇ ਜ਼ੋਰ ਦਿੱਤਾ ਗਿਆ ਹੈ। ਸ਼ੌਪਸੀ 'ਤੇ ਆਨਲਾਈਨ ਖਰੀਦਦਾਰੀ ਕਾਫ਼ੀ ਕਿਫਾਇਤੀ ਹੁੰਦੀ ਹੈ। ਮੁਹਿੰਮ ਵਿੱਚ ਸਾਰਾ ਅਲੀ ਖਾਨ ਸ਼ੌਪਸੀ ਨੂੰ ਭਾਰਤ ਦੇ ਖਰੀਦਦਾਰਾਂ ਦੇ ਕਿਫਾਇਤੀ ਖਰੀਦਦਾਰੀ ਸਥਾਨ ਵਜੋਂ ਪ੍ਰਚਾਰਿਤ ਕਰ ਰਹੀ ਹੈ। ਮੁਹਿੰਮ ਦੇ ਬਾਰੇ ਵਿੱਚ ਆਦਰਸ਼ ਮੈਨਨ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਅਤੇ ਹੈੱਡ-ਨਿਊ ਬਿਜ਼ਨਸ ਫਲਿੱਪਕਾਰਟ ਨੇ ਕਿਹਾ ਕਿ ਸ਼ੌਪਸੀ ਵਿੱਚ ਸਾਡੀ ਨਿਰੰਤਰ ਕੋਸ਼ਿਸ਼ ਅਜਿਹਾ ਖਰੀਦਦਾਰੀ ਅਨੁਭਵ ਪ੍ਰਦਾਨ ਕਰਨ ਦੀ ਰਹਿੰਦੀ ਹੈ ਜਿਸ ਵਿੱਚ ਕਿਫਾਇਤੀ ਕੀਮਤਾਂ, ਵਿਸਤ੍ਰਿਤ ਸਲੈਕਸ਼ਨ ਅਤੇ ਦੇਸ਼ ਵਿਆਪੀ ਉਪਲਬਧਤਾ ਦੇ ਨਾਲ-ਨਾਲ ਨਵੀਨਤਮ ਰੁਝਾਨਾਂ ਅਤੇ ਖਪਤਕਾਰਾਂ ਦੀ ਬਦਲਦੀ ਪਸੰਦ ਦਾ ਖਾਸ ਧਿਆਨ ਰੱਖਿਆ ਗਿਆ ਹੈ।

## ਸੇਖੋਂ ਦੇ ਪ੍ਰਸੰਗ ਵਿਚ ਜਮਹੂਰੀ ਸਮਾਜ 'ਚ ਅਦਾਲਤੀ... (ਸਫ਼ਾ 4 ਦੀ ਬਾਕੀ)

ਜਦੋਂ ਵਾਰ-ਵਾਰ ਇਹ ਨਿਰਣਾ ਆ ਚੁੱਕਾ ਹੈ ਕਿ ਕਿਸੇ ਵਿਸ਼ੇਸ਼ ਜੱਜ ਦੀ ਅਲੋਚਨਾ ਦਾ ਕੋਈ ਅਰਥ ਨਹੀਂ ਹੈ, ਕਿਉਂਕਿ ਇਸ ਨਾਲ ਸਮੁੱਚੀ ਨਿਆਂਇਕ ਵਿਵਸਥਾ ਨੂੰ ਕੋਈ ਫਰਕ ਨਹੀਂ ਪੈਂਦਾ ।

ਬਲਵਿੰਦਰ ਸਿੰਘ ਸੇਖੋਂ ਦੇ ਮਾਮਲੇ ਵਿੱਚ ਤਾਂ ਮਾਨਹਾਨੀ ਵਰਗੇ ਕਾਨੂੰਨਾਂ ਨੂੰ ਅਮਲ ਵਿੱਚ ਹੀ ਨਹੀਂ ਲਿਆਉਣਾ ਚਾਹੀਦਾ। ਉਸ ਨੂੰ ਆਪਣੀ ਸੇਵਾ-ਮੁਕਤੀ ਦੇ ਐਨ ਆਖਰੀ ਦਿਨ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ । ਸੇਵਾ-ਮੁਕਤੀ ਦੇ ਸਾਰੇ ਵਿੱਤੀ ਲਾਭ ਖੋਹ ਲਏ ਗਏ ਹਨ । ਉਸ ਨੂੰ ਬਿਲਕੁਲ ਹੀ ਸਾਧਨਹੀਣ ਬਣਾ ਕੇ ਪਰਵਾਰ ਸਮੇਤ ਭੁੱਖੇ ਮਰਨ ਲਈ ਛੱਡ ਦਿੱਤਾ ਗਿਆ ਹੈ । ਉਸ ਵੱਲੋਂ ਨਿਆਂ ਵਾਸਤੇ ਅਪੀਲ ਕਰਨ ਦੇ ਦੋ ਸਾਲਾਂ ਬਾਅਦ ਵੀ ਕੇਸ ਦੀ ਸੁਣਵਾਈ ਨਹੀਂ ਹੋ ਰਹੀ । ਕੀ ਅਜਿਹੀ ਹਾਲਤ ਵਿੱਚ ਉਸ ਕੋਲੋਂ ਪਿਆਰ-ਸਤਿਕਾਰ ਭਰੀ ਬੋਲੀ ਦੀ ਉਮੀਦ ਕਰਨੀ ਵਾਜਬ ਹੈ ? ਬੇਸ਼ੱਕ ਸੇਖੋਂ ਕੋਲ ਆਪਣੀ ਗੱਲ ਰੱਖਣ ਲਈ ਅਖੌਤੀ ਸੱਭਿਅਕ ਸ਼ਬਦ ਵੀ ਹੋਣਗੇ, ਪਰ ਜੇ ਉਸ ਕੋਲ ਆਪਣੀ ਗੱਲ ਨੂੰ ਵਜ਼ਨਦਾਰ ਬਨਾਉਣ ਲਈ ਉਹੀ ਸ਼ਬਦ ਬਚੇ ਸਨ, ਜੋ ਉਸ ਨੇ ਬੋਲੇ, ਤਾਂ ਇਹਦੇ ਵਿੱਚ ਇਤਰਾਜ਼ ਕਰਨ ਵਾਲੀ ਵੀ ਕੋਈ ਗੱਲ ਨਹੀਂ ਹੈ । ਅਸਲ ਵਿੱਚ ਜਦੋਂ ਅਸੀਂ ਸ਼ਬਦਾਂ ਦੀ ਆੜ ਲੈਣ ਲੱਗ ਜਾਂਦੇ ਹਾਂ, ਤਾਂ ਮਸਲੇ ਦੀ ਗੰਭੀਰਤਾ ਉਪਰ ਮਿੱਟੀ ਪਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ । ਹਰੇਕ ਬੰਦੇ ਦੇ ਬੋਲਣ ਦੀ ਅਤੇ ਸ਼ਬਦਾਂ ਦੀ ਚੋਣ ਕਰਨ ਦੀ ਸੀਮਤਾਈ ਹੁੰਦੀ ਹੈ, ਪਰ ਉਸ ਵੱਲੋਂ ਰੱਖੀ ਜਾ ਰਹੀ ਗੱਲ ਨੂੰ ਹੀ ਨਕਾਰ ਦੇਣਾ ਸਰਾਸਰ ਧੱਕਾ ਕਰਨਾ ਹੈ ।

ਇਸ ਵੇਲੇ ਮਸਲਾ ਕੇਵਲ ਬਲਵਿੰਦਰ ਸਿੰਘ ਸੇਖੋਂ ਦਾ ਨਹੀਂ ਰਹਿ ਗਿਆ, ਸਾਰੇ ਲੋਕਾਂ ਲਈ ਇਕ-ਸਮਾਨ ਇਨਸਾਫ ਨੂੰ ਯਕੀਨੀ ਬਨਾਉਣਾ ਵੀ ਜ਼ਰੂਰੀ ਹੋ ਗਿਆ ਹੈ । ਕਿਸੇ ਜੱਜ ਦੇ ਕਥਿਤ ਸਨਮਾਨ ਤੋਂ ਵੱਧ ਖੁਦ ਨਿਆਂਇਕ ਪ੍ਰਣਾਲੀ ਨੂੰ ਬਚਾਉਣ ਦੀ ਲੋੜ ਹੈ । ਸੇਖੋਂ ਵੱਲੋਂ ਵਰਤੇ ਗਏ ਸ਼ਬਦਾਂ ਨੂੰ ਮਾਨਹਾਨੀ ਦੀ ਢਾਲ ਬਨਾਉਣ ਜਾਂ ਮਸਲੇ ਨੂੰ ਧੁੰਦਲਾ ਕਰਨ ਦੀ ਬਜਾਏ ਉਸ ਦੀ ਪੀੜ ਨੂੰ ਸਮਝਣ ਦੀ ਲੋੜ ਹੈ । ਇਹ ਦੇਖਣਾ ਜ਼ਰੂਰੀ ਹੈ ਕਿ ਅਮਨ ਕਾਨੂੰਨ ਦੀ ਰਖਵਾਲੀ ਕਰਨ ਵਾਲੇ ਇਕ ਅਨੁਸ਼ਾਸਤ ਅਧਿਕਾਰੀ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਵਾਲੇ ਕਿਹੜੇ ਲੋਕ ਹਨ ਅਤੇ ਉਹਨਾਂ ਦੀ ਜਵਾਬਦੇਹੀ ਕਿਵੇਂ ਯਕੀਨੀ ਬਣਾਈ ਜਾਵੇ?

# ਸੰਪਰਕ : 94170-73831


### ਹਾਈ ਕੋਰਟ, ਓ ਓ ਸੀ ਜੇ ਆਈ ਏ (ਸਟੈਂਪ) ਨੰ: 38761 ਆਫ 2022 ਇਨ ਕਾਮਨ. ਆਰਬੀਟ੍ਰੇਸ਼ਨ ਪਟੀਸ਼ਨ ਨੰ: 138 ਆਫ 2016 ਅਤੇ ਆਈ ਏ (ਸਟੈਂਪ) ਨੰ: 38791 ਆਫ 2022 ਇਨ ਕਾਮਨ. ਆਰਬੀਟ੍ਰੇਸ਼ਨ ਪਟੀਸ਼ਨ ਨੰ: 145 ਆਫ 2016

ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮ: ...ਬਿਨੈਕਾਰ
ਮਾਮਲੇ 'ਚ
ਰਿਲਾਇੰਸ ਕੈਪੀਟਲ ਲਿਮ: ਬਨਾਮ ... ਜੱਜਮੈਂਟ ਕ੍ਰੈਡੀਟਰ
ਅਸ਼ਵਨੀ ਗੋਇਲ ....ਜੱਜਮੈਂਟ ਡੈਬਟਰ
ਅਤੇ
ਕੋਰਟ ਰਸੀਵਰ, ਹਾਈ ਕੋਰਟ ਬੰਬੇ

ਧਿਆਨ ਦਿੱਤਾ ਜਾਵੇ ਕਿ ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮ: ਨੇ ਆਪਣੇ ਸਕਿਉਰਡ ਐਸੇਟਸ, ਜੋ ਕਿ ਵਪਾਰਕ ਜਾਇਦਾਦ ਪਲਾਟ, ਪਿੰਡ ਝਿਲ, ਤਹਿ:, ਜ਼ਿਲ੍ਹਾ ਪਟਿਆਲਾ ਖੇਵਟ ਖੱਤਾ ਨੰ: 1531/4075, ਖਸਰਾ ਨੰ: 60/17/2 (0-2), 18/1 (0-1), 24/1 (3-2) ਕੁੱਲ 3 ਕਨਾਲ 5 ਮਰਲੇ ਜ਼ਮੀਨ 32 1/3/65 ਹਿੱਸਾ ਮਤਲਬ 0-32 1/3 ਮਰਲੇ, ਰਕਬਾ ਕਰੀਬ 970 ਵਰਗ ਗਜ਼ ਨਾਲ ਗੀਤਾ ਪੈਟਰੋਲ ਪੰਪ ਸਰਹਿੰਦ ਰੋਡ, ਪਟਿਆਲਾ 147001 ਸੰਬੰਧੀ ਸਰਫੇਸੀ ਐਕਟ, 2002 ਦੀਆਂ ਵਿਵਸਥਾਵਾਂ ਤਹਿਤ ਸੌਦੇਬਾਜ਼ੀ ਲਈ ਯੋਗ ਬਣਾਉਣ ਵਾਸਤੇ ਕੋਰਟ ਰਸੀਵਰ ਬੰਬੇ ਹਾਈ ਕੋਰਟ ਵਿਰੁੱਧ ਕਬਜ਼ੇ ਦੀ ਸਪੁਰਦਗੀ ਲਈ ਹੁਕਮ ਅਤੇ ਨਿਰਦੇਸ਼ ਪ੍ਰਾਪਤ ਕਰਨ ਲਈ ਕਮਰਸ਼ੀਅਲ ਆਰਬੀਟ੍ਰੇਸ਼ਨ 'ਚ ਅੰਤਰਮ ਅਰਜ਼ੀਆਂ ਦਾਇਰ ਕੀਤੀਆਂ ਹਨ।

ਅੱਗੇ ਧਿਆਨ ਦਿੱਤਾ ਜਾਵੇ ਕਿ ਉਕਤ ਅੰਤਰਮ ਅਰਜ਼ੀਆਂ 20.3.2023 ਨੂੰ ਸਵੇਰੇ 10.30 ਵਜੇ, ਸੁਣਵਾਈ ਕਰਨ ਵਾਲੇ ਜੱਜ ਦੇ ਸਨਮੁੱਖ ਬੋਰਡ 'ਤੇ ਸੂਚੀਬੱਧ ਕਰ ਦਿੱਤੀਆਂ ਜਾਣਗੀਆਂ, ਜਦੋਂ ਤੁਸੀਂ ਉਥੇ ਜੇਕਰ ਚਾਹੋ ਤਾਂ ਹਾਜ਼ਰ ਰਹਿ ਸਕਦੇ ਹੋ।

ਤੁਹਾਡਾ ਸ਼ੁਭਚਿੰਤਕ
ਮੈਸ: ਵੀ. ਦੇਸ਼ਪਾਂਡੇ ਐਂਡ ਕੰਪਨੀ ਐਡਵੋਕੇਟ ਵਾਸਤੇ ਬਿਨੈਕਾਰ
111, 112 ਬੀ, ਪਹਿਲੀ ਮੰਜ਼ਲ, 140 ਨਗੀਨਦਾਸ ਮਾਸਟਰ ਰੋਡ, ਫੋਰਟ, ਮੁੰਬਈ-400023

ਸੇਵਾ ਵਿਖੇ,
1. ਅਸ਼ਵਨੀ ਗੋਇਲ, ਮਕਾਨ ਨੰ: 5 ਏ, ਨਿਹਾਲ ਬਾਗ, ਪਾਰਾਦਰੀ, ਪਟਿਆਲਾ, ਪੰਜਾਬ-147001 ਨਾਲ ਹੀ : ਅਸ਼ਵਨੀ ਗੋਇਲ ਐਂਡ ਕੰਪਨੀ ਨਾਲ ਗੀਤਾ ਪੈਟਰੋਲ ਪੰਪ, ਸਰਹਿੰਦ ਰੋਡ, ਪਟਿਆਲਾ, ਪੰਜਾਬ-147001 (2) ਮਧੂ ਗੋਇਲ, ਮਕਾਨ ਨੰ: 5 ਏ, ਨਿਹਾਲ ਬਾਗ, ਪਾਰਾਦਰੀ ਪਟਿਆਲਾ, ਪੰਜਾਬ-147001



SOUTH INDIAN Bank
Regional Office : Delhi Plot No 20 & 21/1, Near Karol Bagh Metro Station, Opposite to Metro Pillar no 98, Pusa Road, Karol Bagh, New Delhi – 110 005 Ph-011- 45128661
Email: ro1008@sib.co.in CIN: L65191KL1929PLC001017

ਅੰਤਿਕਾ-IV-ਏ
ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਟੈਂਡਰ ਕਮ ਨਿਲਾਮੀ ਨੋਟਿਸ
[ਵੇਖੋ ਰੂਲ 8 (6) ਦੀਆਂ ਵਿਵਸਥਾਵਾਂ]

ਸਕਿਉਰਿਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਟੈਂਡਰ ਅਤੇ ਨਿਲਾਮੀ ਨੋਟਿਸ

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਦਾ ਸਾਊਥ ਇੰਡੀਅਨ ਬੈਂਕ ਲਿਮ:, ਫਗਵਾੜਾ ਬਰਾਂਚ ਕੋਲ ਗਹਿਣੇ ਰੱਖੀਆਂ ਹੇਠ ਲਿਖੀਆਂ ਅਚੱਲ ਜਾਇਦਾਦਾਂ ਦਾ ਸਾਊਥ ਇੰਡੀਅਨ ਬੈਂਕ ਲਿਮ: ਖੇਤਰੀ ਦਫਤਰ ਦਿੱਲੀ (ਸਕਿਉਰਡ ਕ੍ਰੈਡਿਟਰ) ਦੇ ਅਧਿਕਾਰਤ ਅਫਸਰ ਨੇ 4.2.2022 ਨੂੰ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ, ਦਾ ਸਾਊਥ ਇੰਡੀਅਨ ਬੈਂਕ ਲਿਮ:, ਫਗਵਾੜਾ ਬ੍ਰਾਂਚ ਵੱਲ 1.3.2023 ਨੂੰ ਬਕਾਇਆ ਖੜ੍ਹੀ ਰਕਮ ਰੁ: 16,75,380.46 (ਸੋਲਾਂ ਲੱਖ ਪੱਚੱਤਰ ਹਜ਼ਾਰ ਤਿੰਨ ਸੌ ਅੱਸੀ ਰੁਪਏ ਅਤੇ ਛਿਆਲੀ ਪੈਸੇ ਕੇਵਲ) ਕਰਜ਼ਦਾਰਾਂ/ਗਰੰਟਰਾਂ (1) ਸ੍ਰੀ ਬਲਵਿੰਦਰ ਸਿੰਘ ਬਰਨਾਰਡ, ਪਿੰਡ ਸ਼ਾਹਪੁਰ ਉਧੋਪੁਰ, ਪੀ ਓ ਉਧੋਪੁਰ, ਜਲੰਧਰ, ਪੰਜਾਬ-144020 ਨਾਲ ਹੀ : ਐੱਮ 37, ਨਿਊ ਪਾਲਮ ਵਿਹਾਰ, ਫੇਸ 1, ਗੁੜਗਾਉਂ, ਹਰਿਆਣਾ-122017 ਨਾਲ ਹੀ : ਪਿੰਡ ਸੇਹਮ, ਨਕੋਦਰ, ਤਹਿ: ਜਲੰਧਰ, ਪੰਜਾਬ-144040 (2) ਕੁਮਾਰੀ ਪ੍ਰੋਮਿਲਾ ਬ੍ਰਾਊਨੇ, ਪਿੰਡ ਸ਼ਾਹਪੁਰ ਉਧੋਪੁਰ, ਪੀ ਓ ਉਧੋਪੁਰ, ਜਲੰਧਰ, ਪੰਜਾਬ-144020, ਨਾਲ ਹੀ : ਪਿੰਡ ਸੇਹਮ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਪੰਜਾਬ-144040 ਕੋਲੋਂ ਵਸੂਲ ਕਰਨ ਲਈ "ਜਿਵੇਂ ਹੈ ਜਿੱਥੇ ਹੈ", "ਜੋ ਵੀ ਉੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ 28.4.2023 ਨੂੰ ਦੁਪਹਿਰ 12.00 ਵਜੇ (ਸਕਿਉਰਡ ਐਸੇਟਸ ਦੀ ਮੌਜੂਦਾ, ਸੂਰਤ ਅਤੇ ਭੌਤਿਕ ਸਥਿਤੀ ਨਾਲ) ਦਾ ਸਾਊਥ ਇੰਡੀਅਨ ਬੈਂਕ ਲਿਮ: ਫਗਵਾੜਾ ਬਰਾਂਚ ਵੱਲੋਂ ਸਮੇਤ ਭਵਿੱਖੀ ਵਿਆਜ, ਲਾਗਤਾਂ ਅਤੇ ਖਰਚੇ (ਸਕਿਉਰਡ ਕ੍ਰੈਡਿਟਰ) ਦੀ ਵਿਕਰੀ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਰੁ: 28,02,400/- (ਅਠਾਈ ਲੱਖ ਦੋ ਹਜ਼ਾਰ ਚਾਰ ਸੌ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਡਿਪਾਜ਼ਟ ਰੁ: 2,80,240 (ਦੋ ਲੱਖ ਅੱਸੀ ਹਜ਼ਾਰ ਦੋ ਸੌ ਚਾਲੀ ਰੁਪਏ ਕੇਵਲ) ਹੋਵੇਗੀ।

| ਜਾਇਦਾਦ ਮਾਲਕ ਦਾ ਨਾਂਅ | ਸ੍ਰੀ ਬਲਵਿੰਦਰ ਸਿੰਘ ਬਰਨਾਰਡ |
|---|---|
| ਜਾਇਦਾਦ ਦਾ ਵੇਰਵਾ | ਫ੍ਰੀਹੋਲਡ ਰਿਹਾਇਸ਼ੀ ਜਾਇਦਾਦ ਰਕਬਾ 07 ਮਰਲੇ 166 ਵਰਗ ਫੁੱਟ ਬਰਾਬਰ 2070 ਵਰਗ ਫੁੱਟ, ਪਲਾਟ ਨੰ: 10 ਅਤੇ 11 ਦਾ ਹਿੱਸਾ, ਖੇਵਟ ਨੰ: 15, ਖਤੌਨੀ ਨੰ: 17, ਖਸਰਾ ਨੰ: 13//3, 13//7, 13//8, 13//13/2, 13//14, 13//16, 13//17, 13//18, 13//26, ਕਿੱਤਾ-9 ਜਮ੍ਹਾਂਬੰਦੀ ਸਾਲ 2013-14, ਹਦਬਸਤ ਨੰ: 258 ਨਾਲ ਸੰਬੰਧਤ ਸਭ ਕੁਝ, ਪਿੰਡ ਸ਼ਾਹਪੁਰ, ਜਲੰਧਰ-1, ਤਹਿ: ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਸਮੇਤ ਇਸ ਉੱਪਰ ਨਿਰਮਤ ਰਿਹਾਇਸ਼ੀ ਇਮਾਰਤ, ਸਮੇਤ ਸਾਰੀਆਂ ਸੋਧਾਂ ਅਤੇ ਇਸ ਉੱਪਰ ਮੌਜੂਦਾ ਅਤੇ ਭਵਿੱਖੀ ਈਜ਼ਮੈਂਟਰੀ ਅਧਿਕਾਰ, ਬੈਨਾਮਾ ਨੰ: 3870 ਮਿਤੀ 12.7.2017 ਸਬ-ਰਜਿਸਟਰਾਰ ਜਲੰਧਰ ਅਨੁਸਾਰ ਸ੍ਰੀ ਬਲਵਿੰਦਰ ਸਿੰਘ ਬਰਨਾਰਡ ਪੁੱਤਰ ਸ੍ਰੀ ਮੰਗਾ ਸਿੰਘ ਦੀ ਮਲਕੀਅਤ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪਲਾਟ ਨੰ: 11 ਦਾ ਬਾਕੀ ਹਿੱਸਾ, ਪੱਛਮ : ਰਸਤਾ, ਉੱਤਰ : ਪਲਾਟ ਨੰ: 10 ਦਾ ਬਾਕੀ ਹਿੱਸਾ, ਦੱਖਣ : ਪਲਾਟ ਨੰ: 10 ਅਤੇ 11 ਦਾ ਬਾਕੀ ਹਿੱਸਾ। |
| ਬੈਂਕ ਦੀ ਜਾਣਕਾਰੀ 'ਚ ਜੋਖਮ | ਕੋਈ ਨਹੀਂ |

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਾਊਥ ਇੰਡੀਅਨ ਬੈਂਕ ਲਿਮਟਿਡ (ਸਕਿਉਰਡ ਕ੍ਰੈਡਿਟਰ) ਦੀ ਵੈੱਬਸਾਈਟ, ਜੋ ਕਿ www.southindianbank.com 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

ਮਿਤੀ : 2.3.2023
ਸਥਾਨ : ਨਵੀਂ ਦਿੱਲੀ
ਅਧਿਕਾਰਤ ਅਫਸਰ
ਦਾ ਸਾਊਥ ਇੰਡੀਅਨ ਬੈਂਕ ਲਿਮਟਿਡ



## ਕਲਾਸੀਫਾਈਡ ਇਸ਼ਤਿਹਾਰ

### Public Notice

I, Om Parkash S/o Sohan Lal R/o H.No. ES-526/67, Abadpura, Near New Model Town, Jalandhar, Punjab declare that my son Sahil is out of my control. I disinherit him from my moveable and immovable properties. I and my family shall not be held responsible for any of his acts, deeds and things. All please note.

### ਨਾਂਅ ਦੀ ਬਦਲੀ

ਮੈਂ, ਸੀਮਾ ਦੇਵੀ ਸਪੁੱਤਰੀ ਜੋਗਿੰਦਰ ਸਿੰਘ (ਵਿਆਹ ਤੋਂ ਪਹਿਲਾਂ ਨਾਂਅ) ਨੇ ਆਪਣਾ ਨਾਂਅ ਬਦਲ ਕੇ ਸੀਮਾ ਰਾਣੀ ਪਤਨੀ ਜੀਵਨ ਲਾਲ ਪਿੰਡ ਤੇ ਡਾਕ: ਬਹਿਰਾਮ ਸਰਿਸ਼ਤਾ, ਜ਼ਿਲ੍ਹਾ ਜਲੰਧਰ ਰੱਖ ਲਿਆ ਹੈ।

ਮੈਂ ਜਗਦੀਸ਼ ਲਾਲ ਪੁੱਤਰ ਪ੍ਰਭੂ ਰਾਮ, ਵਾਸੀ ਰੈਗਰ ਕਾਲੋਨੀ, ਰਈਆ (ਅੰਮ੍ਰਿਤਸਰ) ਆਪਣੇ ਲੜਕੇ ਕ੍ਰਿਸ਼ਨ ਕੁਮਾਰ ਅਤੇ ਨੂੰਹ ਸੁਮਨ ਬਾਲਾ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹਨਾਂ ਨਾਲ ਲੈਣ-ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### Change of Name

I, Rohini Salaria D/o Om Parkash W/o Late Sh. Ajit Singh R/o Vill. Kothe Jattan De, P.O. Dinanagar, Distt. Gurdaspur, have changed my name Rohini Salaria to Rohini Chauhan. Please note.

I, Sonal Mahajan W/o Manik Kanwal R/o # 1/19, Library Road, Bank of India, Gurdaspur-143521, Tehsil & Distt. Gurdaspur, have changed my name to Sonal Kanwal after marriage. please note.

I, Navdeep Kaur W/o. Kanwar Mukhpal Singh Bhullar, Address Dhyanpur Road, Baba Bakala, Amritsar-143202 (Punjab) have changed my name From Navdeep Kaur to Navdeep Kaur Bhullar. Concerned Note.

I, Kulwinder Kaur Minhas W/o Jaspal Singh Minhas R/o VPO. Daroli Khurd, Tehsil and Distt. Jalandhar-144104, Punjab have changed my name from Kulwinder Kaur Minhas to Kulwinder Kaur. All Please Note. (CRA)

I, Amandeep Kaur W/o Maninder Singh R/o H.No. 45, Ranjit Avenue, Kapurthala-144601, Punjab have changed my name from Amandeep Kaur to Kaur Amandeep (Surname as Kaur) All Please Note. (CRA)

I, Abhishek S/o Bikramjit R/o H.No.196, St.No. 8, Lidhran, Jalandhar, Punjab have changed my name from Abhishek to Abhishek Sidhu. (Surname as Sidhu). All Please Note.

I, Karandeep S/o Bikramjit R/o H.No.196, St.No. 8, Lidhran, Jalandhar, Punjab have changed my name from Karandeep to Karandeep Sidhu. (Surname as Sidhu). All Please Note.

### Change of Name

I Jagir Singh S/O Arjan Singh R/O Village Jandiali, P O Jamsher Distt Jalandhar Have Changed My Name From Jagir Singh To Singh Jagir. (Arpit)

I Veena W/O Ravinder Kumar R/O B1/1628 Nandanpur Road Maqsudan Jalandhar Have Change My Name To Veena Rani. (Arpit)

I Aashish S/O Ravinder Kumar R/O B1/1628 Nandanpur Road Maqsudan Jalandhr Have Change My Name To Aashish Kumar. (Arpit)

I Harjinder Kaur W/O Kuldip Singh Dosanjh R/O Village Sargundi, Tehsil Phillaur District Jalandhar-144409 Have Changed My Name To Harjinder Kaur Dosanjh. (Arpit)

I, Hitherto Known As: Divya Mohindru S/O: Dalip Mohindru, R/O: H.no:11, Mithapur Road, Baba Makhan Shah Lubana Nagar Extension, Jalandhar-144003 (Punjab) Have Changed My Name And Shall Hereafter Be Known As: Divay Mohindru. (Arpit)

I Baljinder Singh S/O Ajit Singh R/O Vpo Ahmadpur, Kapurthala, Punjab, India(144601). I Have Changed My Name From Baljinder Singh To Baljinder Singh Gill. (Arpit)

I, Sanjeev Kuamr Mehra S/O Ramesh Kumar R/O H.No.54-A, Gali No.3, Gopal Nagar, Majitha Road, Amritsar have changed my name to Sanjeev Kumar Mehra. Concerned note. (Soni)

I, Namaa Ram s/o Ram Krishan r/o VPO. Boparai Kalan, Teh.Nakodar, Jalandhar-144630, Punjab have changed my name to Namaa Ram alias Harnam Dass. All Please Note.

I, Dunisha Thakur w/o Amanjit Singh r/o 91, Randhawa Colony, University Road Ladhewali, Jalandhar have changed my name to Dunisha Mankotia. All Please Note.

I, Inderjit S/o Bhushan Dass R/o VPO. Kukar Pind, Distt.Jalandhar-144024, Punjab Wants to mention that I have added surname in name my name Inderjit to Inderjit Chahal. (Chahal as Surname) All Please Note.

I, Sunny S/o Rattan Lal R/o Anoop Nagar, Basti Danishmandan, Jalandhar-144002, Punjab have changed my name from Sunny to Sunny Loach (Surname as Loach) All Please Note.

I, Sahil S/o Rajinder Singh Mehra R/o H.No. 913, Basti Danishmandan, Jalandhar-144002, Punjab have changed my name from Sahil to Sahil Singh Mehra. All Please Note.

### Court Notice

In the Court of Ms. Sumukhi Civil Judge Junior Division, Amritsar.

CNR No. PBAS02-001017-2019
Next Date : 21.3.2023

Navtej Singh S/o Mohinder Singh R/o H.No. 6/29, Opp. Gurudwara Nanaksar Verka, Tehsil and Distt. ASR

Versus

Ranjit Kaur W/o Late Gurpartap Singh S/o Dalwinder Singh R/o 16 & others

Notice to : 5. Kuldip Singh S/o Harbans Singh R/o V.P.O. Ramdass, Tehsil Ajnala, Distt. ASR.

In the above noted petition the respondent could not be served. It ir order that the respondent should appear in person or through counsel on 21.3.2023 at 10.00 a.m.

For details logon to : https://highcourtchd.gov.in/?trs=district notice&district=amritsar

Given under my hand and the seal of the court, this 3.3.2023

Civil Judge Junior Division, Amritsar.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

6-MAR-PAGE-7.qxd 3/5/2023 8:29 PM Page 1



# ਪੁਲਸ 'ਚ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਸਾਢੇ ਤਿੰਨ ਲੱਖ ਰੁਪਏ ਠੱਗੇ

## ਪੀੜਤ ਮੋਹਨ ਸਿੰਘ ਵੱਲੋਂ ਮੁਲਜ਼ਮ ਖਿਲਾਫ ਕਾਰਵਾਈ ਦੀ ਮੰਗ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਵਿੱਚ ਕਾਂਗਰਸ ਦੇ ਕਾਰਜਕਾਲ ਦੌਰਾਨ ਉਸ ਸਮੇਂ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਨਜ਼ਦੀਕੀ ਦੱਸ ਕੇ ਇੱਕ ਵਿਅਕਤੀ ਵੱਲੋਂ ਕਸਬਾ ਮਮਦੋਟ ਦੇ ਇੱਕ ਵਿਅਕਤੀ ਪਾਸੋਂ ਸਾਢੇ ਤਿੰਨ ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦੇ ਦੋਸ਼ ਪੀੜਤ ਵਿਅਕਤੀ ਵੱਲੋਂ ਲਗਾਏ ਗਏ ਹਨ। ਪ੍ਰੈੱਸ ਕਲੱਬ ਮਮਦੋਟ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਉੱਚ ਅਫਸਰਾਂ ਨੂੰ ਭੇਜੀਆਂ ਦਰਖਾਸਤਾਂ ਤੇ ਲੋੜੀਂਦੇ ਸਬੂਤ ਦਿਖਾਉਂਦੇ ਹੋਏ ਮੋਹਨ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਮਮਦੋਟ ਉਤਾੜ ਨੇ ਦੱਸਿਆ ਕਿ ਉਕਤ ਜਸਵਿੰਦਰ ਸਿੰਘ ਕਿੱਲੀ ਨਾਮ ਦੇ ਵਿਅਕਤੀ ਨਾਲ ਉਸ ਦੀ ਮੁਲਾਕਾਤ ਹਰਪ੍ਰੀਤ ਸਿੰਘ ਲਾਡੀ ਪੁੱਤਰ ਮਹਿਲ ਸਿੰਘ ਵਾਸੀ ਚੱਕ ਭੰਗੇ ਵਾਲਾ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਕਰਵਾਈ ਸੀ, ਜੋ ਕਿ ਉਕਤ ਜਸਵਿੰਦਰ ਸਿੰਘ ਕਿੱਲੀ ਆਪਣੇ ਆਪ ਨੂੰ ਉਸ ਸਮੇਂ ਦੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਨਜ਼ਦੀਕੀ ਦੱਸਦਾ ਸੀ ਤੇ ਇਸ ਨੇ ਮੈਨੂੰ ਮੇਰੇ ਲੜਕੇ ਨੂੰ ਸਰਕਾਰੀ ਨੌਕਰੀ 'ਤੇ ਲਗਵਾਉਣ ਦੇ ਸੁਫਨੇ ਦਿਖਾ ਕੇ ਮੇਰੇ ਨਾਲ ਅੱਠ ਲੱਖ ਰੁਪਏ ਦੀ ਗੱਲ ਕੀਤੀ ਸੀ ਤੇ ਮੈਂ ਇਸ ਨੂੰ ਆਪਣੇ ਲੜਕੇ ਨੂੰ ਨੌਕਰੀ ਦਿਵਾਉਣ ਦੇ ਬਦਲੇ ਹਰਪ੍ਰੀਤ ਸਿੰਘ ਲਾਡੀ ਰਾਹੀਂ 4 ਅਕਤੂਬਰ 2021 ਨੂੰ ਢਾਈ ਲੱਖ ਰੁਪਏ ਤੇ 3 ਦਸੰਬਰ 2021 ਨੂੰ ਇੱਕ ਲੱਖ ਰੁਪਏ ਕੁੱਲ ਰਕਮ ਸਾਢੇ ਤਿੰਨ ਲੱਖ ਰੁਪਏ ਦੇ ਦਿੱਤੇ ਸਨ ਅਤੇ ਬਾਕੀ ਦੀ ਰਕਮ ਨੌਕਰੀ ਲਗਵਾਉਣ ਤੋਂ ਬਾਅਦ ਦੇਣ ਦਾ ਤਹਿ ਹੋਇਆ ਸੀ। ਉਸ ਨੇ ਦੱਸਿਆ ਕਿ ਉਕਤ ਵਿਅਕਤੀ ਨੇ ਮੇਰੇ ਲੜਕੇ ਨੂੰ ਕੋਈ ਨੌਕਰੀ ਵਗੈਰਾ ਨਹੀਂ ਦਿਵਾਈ ਤੇ ਹੁਣ ਜਦ ਮੈਂ ਹਰਪ੍ਰੀਤ ਸਿੰਘ ਲਾਡੀ ਰਾਹੀਂ ਇਸ ਤੋਂ ਪੈਸਿਆਂ ਦੀ ਮੰਗ ਕੀਤੀ ਤਾਂ ਪਹਿਲਾਂ ਤਾਂ ਮੈਨੂੰ ਲਾਰੇ ਲੱਪੇ ਲਗਾਉਂਦਾ ਰਿਹਾ ਹੈ ਤੇ ਹੁਣ ਇਸ ਨੇ ਪੈਸੇ ਦੇਣ ਤੋਂ ਸਾਫ ਇਨਕਾਰੀ ਕਰ ਦਿੱਤੀ ਅਤੇ ਧਮਕੀਆਂ ਦਿੰਦਾ ਹੈ। ਉਸ ਨੇ ਦੱਸਿਆ ਕਿ ਉਕਤ ਜਸਵਿੰਦਰ ਸਿੰਘ ਕਿੱਲੀ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਚੋਣ ਵੀ ਲੜ ਚੁੱਕਾ ਹੈ ਤੇ ਹੁਣ ਭਾਰਤੀ ਜਨਤਾ ਪਾਰਟੀ ਦੇ ਉੱਘੇ ਆਗੂ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਦੱਸਿਆ ਕਿ ਮੈਂ ਇਸ ਸਬੰਧੀ ਪੁਲਸ ਥਾਣਾ ਮਮਦੋਟ ਵਿਖੇ 02 ਜਨਵਰੀ 2023 ਨੂੰ ਇੱਕ ਦਰਖਾਸਤ ਦਿੱਤੀ ਸੀ, ਪਰ ਮੇਰੀ ਅਜੇ ਤੱਕ ਕੋਈ ਵੀ ਸੁਣਵਾਈ ਨਹੀਂ ਹੋਈ ਹੈ। ਉਸ ਨੇ ਦੱਸਿਆ ਕਿ ਉਸ ਵੱਲੋਂ ਇਨਸਾਫ ਦੀ ਮੰਗ ਕਰਦਿਆਂ ਸੀਨੀਅਰ ਪੁਲਸ ਕਪਤਾਨ ਫਿਰੋਜ਼ਪੁਰ ਤੇ ਹੋਰ ਸਬੰਧਤ ਅਫਸਰਾਂ ਨੂੰ ਦਰਖਾਸਤਾਂ ਦੇ ਕੇ ਕਾਰਵਾਈ ਦੀ ਮੰਗ ਕੀਤੀ ਹੈ, ਪਰ ਅਜੇ ਤੱਕ ਕਿਤੇ ਵੀ ਸੁਣਵਾਈ ਨਹੀਂ ਹੋਈ। ਇਸ ਸਬੰਧੀ ਜਦ ਜਸਵਿੰਦਰ ਸਿੰਘ ਕਿੱਲੀ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਨੇ ਉਸ ਦੇ ਖਿਲਾਫ ਲਗਾਏ ਗਏ ਸਾਰੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਉਕਤ ਵਿਅਕਤੀ ਮੇਰੇ ਦਫਤਰ ਇੰਚਾਰਜ ਵਜੋਂ ਵੀ ਸੇਵਾ ਨਿਭਾਅ ਚੁੱਕਾ ਹੈ ਤੇ ਮੇਰੇ ਵੱਲ ਹੁਣ ਇਸ ਦਾ ਕੋਈ ਬਕਾਇਆ ਨਹੀਂ ਹੈ।

# ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਕਿਸਾਨ ਦੇਣਗੇ ਹਲਕਾ ਵਿਧਾਇਕਾਂ ਨੂੰ ਮੰਗ ਪੱਤਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਉਮਰਕੈਦ ਤੋਂ ਵੱਧ ਦੀ ਸਜ਼ਾ ਭੁਗਤ ਚੁੱਕੇ 9 ਸਿੱਖ ਕੈਦੀਆਂ ਦੀ ਰਿਹਾਈ ਲਈ ਚੰਡੀਗੜ੍ਹ ਦੀ ਹੱਦ 'ਤੇ ਕੌਮੀ ਇਨਸਾਫ ਮੋਰਚਾ ਚੱਲ ਰਿਹਾ ਹੈ, ਜਿਸ ਨੂੰ ਦੇਸ਼ ਵਿਦੇਸ਼ ਵਿੱਚੋਂ ਵੱਡਾ ਸਮਰਥਨ ਮਿਲ ਰਿਹਾ ਹੈ।ਮੋਰਚੇ ਵੱਲੋਂ 5 ਮਾਰਚ ਨੂੰ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦਾ ਸੱਦਾ ਦਿੱਤਾ ਗਿਆ ਹੈ, ਜਿਸ ਸਬੰਧੀ ਜ਼ਿਲ੍ਹੇ ਦੀਆਂ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਹੋਈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੌਮੀ ਇਨਸਾਫ ਮੋਰਚੇ ਦੀ ਤਾਲਮੇਲ ਕਮੇਟੀ ਦੇ ਆਗੂ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ ਮੰਗ ਪੱਤਰ ਦੇ ਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਵੱਧ ਸਜ਼ਾ ਕੱਟ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਜਾਵੇ ਤੇ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰਕੇ ਪੰਜਾਬ ਤੋਂ ਬਾਹਰ ਦੇ ਕੇਸਾਂ ਵਿੱਚ ਜੇਲ੍ਹਾਂ ਵਿੱਚ ਬੰਦ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ।

ਇਸ ਦੇ ਨਾਲ ਹੀ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇ।ਸ੍ਰੀ ਗੁਰੂ ਗਰੰਥ ਸਾਹਿਬ ਤੇ ਹੋਰ ਧਾਰਮਿਕ ਗਰੰਥਾਂ ਦੀ ਬੇਅਦਬੀ ਸਬੰਧੀ ਸ਼ਖਤ ਕਾਨੂੰਨ ਬਣਾਇਆ ਜਾਵੇ।

ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਜਰਨਲ ਸਕੱਤਰ ਗੁਰਮੀਤ ਸਿੰਘ ਮਹਿਮਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ, ਬੀਕੇਯੂ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਫਰੀਦੇਵਾਲਾ, ਜ਼ਿਲ੍ਹਾ ਮੀਤ ਪ੍ਰਧਾਨ ਅਵਤਾਰ ਸਿੰਘ ਫੇਰੋਕੇ, ਬੀਕੇਯੂ ਡਕੌਂਦਾ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ, ਕੁੱਲ ਹਿੰਦ ਕਿਸਾਨ ਸਭਾ ਦੇ ਭਗਵਾਨ ਦਾਸ ਬਹਾਦਰਕੇ, ਬੀਕੇਯੂ ਮਾਨਸਾ ਦੇ ਜਰਨਲ ਸਕੱਤਰ ਨਿਰਮਲ ਸਿੰਘ ਔਲਖ, ਕਿਸਾਨ ਮਜ਼ਦੂਰ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਸਿੰਘ ਗੁਰਦਿੱਤੀ ਵਾਲਾ, ਬੀਕੇਯੂ ਕਾਦੀਆਂ ਦੇ ਜਰਨਲ ਸਕੱਤਰ ਗੁਰਬਖਸ਼ ਸਿੰਘ ਜੰਗ ਆਦਿ ਹਾਜ਼ਰ ਸਨ।ਇਸ ਤੋਂ ਇਲਾਵਾ ਬੀਕੇਯੂ ਲੱਖੋਵਾਲ ਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ (ਹਰਜੀਤ ਰਵੀ) ਨੇ ਫੋਨ 'ਤੇ ਸਹਿਮਤੀ ਪ੍ਰਗਟ ਕੀਤੀ।

# ਕਮਰਸ਼ੀਅਲ ਖੱਡਾਂ 'ਚੋਂ ਵੀ ਮਿਲੇਗਾ 5.50 ਰੁਪਏ ਪ੍ਰਤੀ ਘਣ ਫੁੱਟ ਰੇਤਾ : ਮੀਤ ਹੇਅਰ

## ☛ ਜੁਲਾਈ ਮਹੀਨੇ ਤੱਕ 250 ਖੱਡਾਂ ਚਾਲੂ ਕਰਨਾ ਪੰਜਾਬ ਸਰਕਾਰ ਦਾ ਟੀਚਾ ☛ ਬਾਘਾ ਪੁਰਾਣਾ 'ਚ ਨਵਾਂ ਸੁਵਿਧਾ ਕੇਂਦਰ ਖੋਲ੍ਹਣ ਦਾ ਐਲਾਨ



**ਬਾਘਾ ਪੁਰਾਣਾ (ਮਨੀ ਸਿਗਲਾ)**-ਸ੍. ਗੁਰਮੀਤ ਸਿੰਘ ਮੀਤ ਹੇਅਰ ਕੈਬਨਿਟ ਮੰਤਰੀ ਪ੍ਰਸ਼ਾਸਕੀ ਸੁਧਾਰ, ਜਲ ਸਰੋਤ, ਖਣਨ ਤੇ ਭੂ-ਵਿਗਿਆਨ, ਸਾਇੰਸ ਤਕਨਾਲੋਜੀ ਤੇ ਵਾਤਾਵਰਨ, ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਜਲਦ ਹੀ ਸੂਬੇ ਦੀਆਂ 100 ਕਮਰਸ਼ੀਅਲ ਖੱਡਾਂ ਵਿੱਚੋਂ ਵੀ 5.50 ਰੁਪਏ ਪ੍ਰਤੀ ਘਣ ਫੁੱਟ ਰੇਤਾ ਮਿਲਣ ਲੱਗੇਗਾ। ਮਾਰਚ ਦੌਰਾਨ ਸਾਰੀਆਂ ਖੱਡਾਂ ਦੇ ਟੈਂਡਰ ਨਵੇਂ ਸਿਰੇ ਤੋਂ ਕੀਤੇ ਜਾ ਰਹੇ ਹਨ। ਉਹ ਬੀਤੇ ਦਿਨ ਪਿੰਡ ਸੇਖਾ ਕਲਾਂ ਵਿਖੇ 13.50 ਕਰੋੜ ਰੁਪਏ ਦੀ ਲਾਗਤ ਨਾਲ ਸਿਵੀਆਂ ਰਜਬਾਹਾ ਪੱਕਾ ਕਰਨ ਦਾ ਨੀਂਹ ਪੱਥਰ ਰੱਖਣ ਤੋਂ ਪਹਿਲਾਂ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਇਸੇ ਸਾਲ ਜੁਲਾਈ ਮਹੀਨੇ ਤੱਕ 250 ਖੱਡਾਂ ਚਾਲੂ ਕਰ ਦਿੱਤੀਆਂ ਜਾਣ, ਜਿਨ੍ਹਾਂ ਵਿੱਚ 100 ਖੱਡਾਂ ਕਮਰਸ਼ੀਅਲ ਤੇ 150 ਖੱਡਾਂ ਜਨਤਕ ਵਰਗ ਨਾਲ ਸਬੰਧਤ ਹੋਣਗੀਆਂ। ਉਨ੍ਹਾਂ ਕਿਹਾ ਕਿ ਫਿਲਹਾਲ ਸੂਬੇ ਭਰ ਵਿੱਚ 16 ਸਰਕਾਰੀ ਖੱਡਾਂ ਚਾਲੂ ਕਰ ਦਿੱਤੀਆਂ ਹਨ। ਮਾਰਚ ਮਹੀਨੇ ਤੱਕ 32 ਹੋਰ ਖੱਡਾਂ ਚਾਲੂ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਰੇਤੇ ਦੀ ਚੋਰ ਬਾਜ਼ਾਰੀ ਤੇ ਕਾਲਾ ਬਾਜ਼ਾਰੀ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਸੂਬੇ ਨੂੰ 7 ਬਲਾਕਾਂ ਵਿੱਚੋਂ ਤੋੜ ਕੇ 100 ਬਲਾਕਾਂ ਵਿੱਚ ਵੰਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਖੇਤੀਬਾੜੀ ਨੂੰ ਪ੍ਰਫੁਲਤ ਕਰਨਾ ਤੇ ਹਰੇਕ ਖੇਤ ਤੱਕ ਪਾਣੀ ਪਹੁੰਚਾਉਣਾ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ 500 ਕਰੋੜ ਰੁਪਏ ਨਾਲ ਲਾਈਨਿੰਗ ਦਾ ਕੰਮ ਕੀਤਾ ਜਾ ਰਿਹਾ ਹੈ। ਪਹਿਲਾਂ ਇਸ ਕੰਮ ਲਈ 10 ਫੀਸਦੀ ਕਿਸਾਨ ਨੂੰ ਪਾਉਣਾ ਪੈਂਦਾ ਸੀ, ਪਰ ਹੁਣ ਇਹ ਸਾਰਾ 100 ਫੀਸਦੀ ਖਰਚਾ ਸਰਕਾਰ ਦੇਵੇਗੀ। ਉਨ੍ਹਾਂ ਐਲਾਨ ਕੀਤਾ ਕਿ ਬਾਘਾ ਰਜਬਾਹਾ ਦਾ ਕੰਮ ਵੀ ਅਗਲੇ ਸਾਲ ਚੱਲ ਪਵੇਗਾ। ਇਸ ਤੋਂ ਇਲਾਵਾ ਉਨ੍ਹਾਂ ਬਾਘਾ ਪੁਰਾਣਾ ਵਿੱਚ ਨਵਾਂ ਸੁਵਿਧਾ ਕੇਂਦਰ ਖੋਲ੍ਹਣ ਦਾ ਵੀ ਐਲਾਨ ਕੀਤਾ। ਇਸ ਤੋਂ ਪਹਿਲਾਂ ਸੰਬੋਧਨ ਕਰਦਿਆਂ ਵਿਧਾਇਕ ਸ੍. ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਪੰਜਾਬ ਸਰਕਾਰ ਤੇ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾ ਦੱਸਿਆ ਕਿ ਇਹ ਲੋਕਾਂ ਦੀ ਚਿਰਕਣੀ ਮੰਗ ਸੀ, ਜੋ ਕਿ ਅੱਜ ਪੂਰੀ ਹੋ ਗਈ ਹੈ। ਇਸ ਮੌਕੇ ਡਾਕਟਰ ਅਮਨਦੀਪ ਕੌਰ ਅਰੋੜਾ ਵਿਧਾਇਕਾ ਮੋਗਾ, ਦੀਪਕ ਅਰੋੜਾ ਚੇਅਰਮੈਨ ਨਗਰ ਸੁਧਾਰ ਟਰੱਸਟ ਮੋਗਾ, ਹਰਮਨਦੀਪ ਸਿੰਘ ਬਰਾੜ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਤੇ ਹੋਰਾਂ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### 16 ਦੀ ਮੀਟਿੰਗ 'ਚ ਸਾਰਥਕ ਹੱਲ ਨਾ ਹੋਣ 'ਤੇ ਸੰਘਰਸ਼ ਤੇਜ਼ ਕੀਤਾ ਜਾਵੇਗਾ : ਅਲੀਸ਼ੇਰ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਵੱਲੋਂ 16 ਮਾਰਚ ਦੀ ਯੂਨੀਅਨ ਨਾਲ ਹੋਣ ਵਾਲੀ ਮੀਟਿੰਗ ਵਿੱਚ ਪੁਰਾਣੀ ਪੈਨਸ਼ਨ ਨੂੰ ਪਹਿਲਾਂ ਦੀ ਹੂ ਬ ਹੂ ਲਾਗੂ ਨਾ ਕੀਤਾ ਤਾਂ ਪੰਜਾਬ ਸਰਕਾਰ ਵਿਰੁੱਧ ਵਿਸ਼ਾਲ ਜਨ ਚੇਤਨਾ ਦੀ ਲਾਮਬੰਦੀ ਕਰਕੇ ਇਤਿਹਾਸਕ ਸੰਘਰਸ਼ ਵਿੱਢਿਆ ਜਾਵੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਦੇ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਤੇ ਹਰਪਾਲ ਕੌਰ ਮਾਨਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਕਰੀਬ ਦੋ ਲੱਖ ਤੋਂ ਵੱਧ ਕਰਮਚਾਰੀ ਸਰਕਾਰ ਦੇ ਲਾਰੇ ਰੂਪੀ ਐਲਾਨਾਂ ਤੋਂ ਅੱਕ ਚੁੱਕੇ ਹਨ ਅਤੇ ਹੁਣ ਉਹ ਸੜਕਾਂ 'ਤੇ ਆਉਣ ਲਈ ਕਾਹਲੇ ਹੋਏ ਪਏ ਹਨ। ਜੇਕਰ ਹੁਣ ਵੀ ਸਰਕਾਰ ਨੇ ਟਾਲ ਮਟੋਲ ਦੀ ਨੀਤੀ ਅਪਣਾਈ ਤਾਂ ਪੰਜਾਬ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਵਾਰ ਮਹਿਲਾ ਵਰਗ ਵੀ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਤਿਆਰ ਬਰ ਤਿਆਰ ਹੈ। ਇਸ ਸਬੰਧੀ ਮੀਟਿੰਗਾਂ ਦਾ ਡੋਰ ਟੂ ਡੋਰ ਸਿਲਸਿਲਾ ਬਾਦਸਤੂਰ ਜਾਰੀ ਹੈ।

### ਪ੍ਰਵਾਸੀ ਮਜ਼ਦੂਰ ਦਾ ਕਤਲ, ਮੁਲਜ਼ਮ ਕਾਬੂ

**ਜਗਰਾਉਂ, (ਸੰਜੀਵ ਅਰੋੜਾ)**-ਬੀਤੀ ਰਾਤ ਪਿੰਡ ਗੋਰਸੀਆਂ ਮੱਖਣ ਵਿਖੇ ਪ੍ਰਵਾਸੀ ਮਜ਼ਦੂਰ ਦੇ ਕਤਲ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਤੇ ਰਾਜੂ ਰਾਏ ਨੇ ਦੱਸਿਆ ਕਿ ਮੇਰਾ ਛੋਟਾ ਭਰਾ ਰਾਮ ਲਖਨ, ਜੋ ਕਿ ਮਿਸਤਰੀ ਦਾ ਕੰਮ ਕਰਦਾ ਹੈ ਤੇ ਬੀਤੀ ਰਾਤ ਉਹ ਘਰੋਂ ਗਿਆ ਤਾਂ ਦੇਰ ਰਾਤ ਤੱਕ ਘਰ ਨਾ ਆਇਆ ਤਾਂ ਅਸੀਂ ਭਾਲ ਸ਼ੁਰੂ ਕੀਤੀ, ਜਦੋਂ ਗੋਰਸੀਆਂ ਮੱਖਣ ਠਾਠ ਨਾਨਕਸਰ ਵਾਲੇ ਰਸਤੇ 'ਤੇ ਦੇਖਿਆ ਤਾਂ ਕੁਝ ਲੋਕ ਮੇਰੇ ਭਰਾ ਰਾਮ ਲਖਨ ਦਾ ਗਲਾ ਘੁੱਟਿਆ ਹੋਇਆ ਸੀ ਤੇ ਕੁਝ ਵਿਅਕਤੀ ਮੇਰੇ ਭਰਾ ਰਾਮ ਲਖਨ ਦੇ ਸਿਰ 'ਤੇ ਵਾਰ ਕਰ ਰਹੇ ਸਨ, ਜਿਸ ਕਰਕੇ ਉਸ ਦੀ ਮੌਤ ਹੋ ਗਈ, ਜਦੋਂ ਮੈਂ ਰੌਲਾ ਪਾਇਆ ਤਾਂ ਮੁਲਜ਼ਮ ਉਥੋਂ ਭੱਜ ਗਏ। ਉਸ ਨੇ ਦੱਸਿਆ ਕਿ ਮੇਰੇ ਭਰਾ ਦਾ ਕਤਲ ਹਰਵਿੰਦਰ ਸਿੰਘ ਤੇ ਸੰਦੀਪ ਸਿੰਘ ਨੇ ਪੁਰਾਣੀ ਰੰਜਿਸ਼ ਕਰਕੇ ਕੀਤਾ ਹੈ, ਕਿਉਂਕਿ ਇਨ੍ਹਾਂ ਦੀ ਆਪਸ 'ਚ ਪਹਿਲਾਂ ਤੋਂ ਹੀ ਮਾੜੀ ਮੋਟੀ ਰਜਿੰਸ਼ ਚਲਦੀ ਸੀ। ਉਸ ਨੇ ਦੱਸਿਆ ਕਿ ਮੈਂ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ, ਜਿਸ 'ਤੇ ਮੌਕੇ 'ਤੇ ਡੀ. ਐੱਸ. ਪੀ. ਸਤਵਿੰਦਰ ਸਿੰਘ ਵਿਰਕ ਤੇ ਐੱਸ. ਐੱਚ. ਓ. ਸਿੱਧਵਾਂ ਬੇਟ ਸੁਨੀਲ ਕੁਮਾਰ ਪਹੁੰਚੇ ਤੇ ਜਾਂਚ ਆਰੰਭੀ। ਐੱਸ. ਐੱਚ. ਓ. ਨੇ ਦੱਸਿਆ ਕਿ ਮ੍ਰਿਤਕ ਰਾਮ ਲਖਨ ਦੇ ਭਰੇ ਦੇ ਬਿਆਨਾਂ 'ਤੇ ਹਰਵਿੰਦਰ ਸਿੰਘ ਤੇ ਸੰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਥਾਣਾ ਸਿੱਧਵਾਂ ਬੇਟ ਵਿਖੇ ਮੁਕੱਦਮਾ ਦਰਜ ਕੀਤਾ ਗਿਆ।

### ਸਰਕਾਰੀ ਸੀਨੀ. ਸੈਕੰ. ਸਕੂਲ ਮੂਲੋਵਾਲ ਵਿਖੇ ਵਿਦਿਆਰਥਣਾਂ ਨੂੰ ਟੂਲ ਕਿੱਟਾਂ ਵੰਡੀਆਂ



ਧੂਰੀ (ਸੁਖਦੇਵ ਧੂਰੀ)-ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਵਾਲ ਵਿਖੇ ਕਿੱਤਾ ਮੁਖੀ ਕੋਰਸ 'ਬਿਊਟੀ ਐਂਡ ਵੈੱਲਨੈੱਸ' ਵਿਸ਼ੇ ਅਧੀਨ ਬਾਰਵੀਂ ਤੱਕ ਸਿੱਖਿਆ ਹਾਸਲ ਕਰ ਚੁੱਕੀਆਂ ਵਿਦਿਆਰਥਣਾਂ ਨੂੰ ਆਪਣੇ ਕਿੱਤੇ ਵਿੱਚ ਨਿੰਪੁਨ ਬਣਨ ਲਈ ਬਿਊਟੀ ਵਿਸ਼ੇ ਨਾਲ ਸੰਬੰਧਤ ਟੂਲ ਕਿੱਟਾਂ ਸਕੂਲ ਪ੍ਰਿੰਸੀਪਲ ਸੁਭਾਸ਼ ਚੰਦ ਦੀ ਅਗਵਾਈ ਵਿੱਚ ਵੰਡੀਆਂ। ਬਿਊਟੀ ਐਂਡ ਵੈੱਲਨੈੱਸ ਦੀ ਅਧਿਆਪਕਾਂ ਮਨਪ੍ਰੀਤ ਕੌਰ ਨੇ ਦੱਸਿਆ ਕਿ ਵਿਦਿਆਰਥਣ ਨੂੰ ਇਹ ਕਿੱਟਾਂ ਵੰਡਣ ਦਾ ਮੁੱਖ ਮੰਤਵ ਇਹ ਹੈ ਕਿ ਇਹ ਵਿਦਿਆਰਥਣਾਂ ਹੁਣ ਖੁਦ ਦਾ ਕਿੱਤਾ ਕਰ ਸਕਦੀਆਂ ਹਨ ਜਾਂ ਆਪਣੀ ਅਗਲੇਰੀ ਪੜ੍ਹਾਈ ਦੇ ਨਾਲ-ਨਾਲ ਪਾਰਟ ਟਾਈਮ ਕਾਰਜ ਕਰਕੇ ਆਪਣੇ ਮਾਪਿਆਂ ਨੂੰ ਆਰਥਿਕ ਸਹਾਇਤਾ ਕਰ ਸਕਦੀਆਂ ਹਨ। ਕਿੱਟਾਂ ਵੰਡਦੇ ਸਮੇਂ ਮੈਡਮ ਰੰਜੂ ਬਾਲਾ, ਟੀਨਾ ਰਾਣੀ, ਇਮਰੋਜ ਆਰਸੀ, ਸ਼ਵੇਤਾ, ਕਰਮਜੀਤ ਕੌਰ, ਰਘਵੀਰ ਕੌਰ, ਰਾਜਿੰਦਰ ਕੌਰ, ਹਰਪ੍ਰੀਤ ਕੌਰ, ਜਸਵੀਰ ਕੌਰ, ਜਸ਼ਨ ਸਹਿਗਲ, ਸ਼ੀਤਲ ਗੋਇਲ, ਰਜਨੀ ਸਿੰਗਲਾ ਹਾਜ਼ਰ ਰਹੇ।

# ਸਰਕਾਰੀ ਸਕੂਲ ਸੈਦਖੇੜੀ ਵਿਖੇ ਬਾਬਾ ਸੁਰਜੀਤ ਸਿੰਘ ਵੱਲੋਂ ਲਾਇਬ੍ਰੇਰੀ ਦਾ ਉਦਘਾਟਨ



**ਰਾਜਪੁਰਾ, (ਰਮੇਸ਼ ਕਟਾਰੀਆ)** : ਸਰਕਾਰੀ ਹਾਈ ਸਕੂਲ ਸੈਦਖੇੜੀ ਵਿਖੇ ਨਵੀਂ ਬਣੀ ਲਾਇਬ੍ਰੇਰੀ ਦਾ ਉਦਘਾਟਨ ਸੰਤ ਬਾਬਾ ਸੁਰਜੀਤ ਸਿੰਘ ਜੀ ਸੈਦਖੇੜੀ ਅਮਰੀਕਾ ਵਾਲਿਆਂ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਵਿਦਿਆਰਥੀਆਂ ਨੂੰ ਲਾਇਬ੍ਰੇਰੀ ਅਰਪਨ ਕਰਦੇ ਸਮੇਂ ਬਾਬਾ ਜੀ ਨੇ ਸਕੂਲ ਵਿੱਚ ਹੋਏ ਵਿਕਾਸ ਦੀ ਸ਼ਲਾਘਾ ਕਰਦੇ ਹੋਏ ਸਮੂਹ ਸਟਾਫ ਸਰਕਾਰੀ ਹਾਈ ਸਕੂਲ ਸੈਦਖੇੜੀ ਦੀ ਹੌਸਲਾ ਅਫਜ਼ਾਈ ਕੀਤੀ ਤੇ ਉਨ੍ਹਾਂ ਨੇ ਬੱਚਿਆਂ ਦੇ ਦੁਪਹਿਰ ਦਾ ਖਾਣਾ-ਖਾਣ ਲਈ ਮਿੱਡ ਡੇਅ ਮੀਲ ਸ਼ੈੱਡ ਦੀ ਉਸਾਰੀ ਲਈ ਸਕੂਲ ਨੂੰ 2.50 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ। ਬਾਬਾ ਸੁਰਜੀਤ ਸਿੰਘ ਜੀ ਵੱਲੋਂ ਸਕੂਲ ਦੀ ਨੁਹਾਰ ਬਦਲਣ ਵਿੱਚ ਯੋਗਦਾਨ ਲਈ ਸਰਪੰਚ ਸ੍. ਪਰਮਜੀਤ ਸਿੰਘ ਸੈਦਖੇੜੀ ਨੇ ਉਨ੍ਹਾਂ ਦਾ ਸੋਨੇ ਦੇ ਮੈਡਲ ਨਾਲ ਸਨਮਾਨ ਕੀਤਾ। ਇਸ ਮੌਕੇ ਬਾਬਾ ਪ੍ਰੀਤਮ ਸਿੰਘ, ਬਾਬਾ ਕਮਲਜੀਤ ਸਿੰਘ, ਜਥੇਦਾਰ ਧਿਆਨ ਸਿੰਘ, ਜਥੇਦਾਰ ਕੁਲਬੀਰ ਸਿੰਘ, ਭਾਈ ਅਮ੍ਰਿਤਜੋਤ ਸਿੰਘ ਯੂ ਐੱਸ ਏ, ਆਪ ਆਗੂ ਬਲਕਾਰ ਸਿੰਘ, ਯੂਥ ਆਗੂ ਸੁਰਿੰਦਰ ਸਿੰਘ, ਸਾਧੂ ਸਿੰਘ, ਗੁਲਜਾਰ ਸਿੰਘ ਪੰਚ, ਦਵਿੰਦਰ ਸਿੰਘ, ਸਵਰਨ ਸਿੰਘ, ਸੁੱਚਾ ਸਿੰਘ, ਜਸਵੰਤ ਸਿੰਘ, ਜੋਗਿੰਦਰ ਸਿੰਘ, ਜੋਗਾ ਸਿੰਘ, ਜਗਦੀਸ਼ ਸਿੰਘ, ਬੌਬੀ ਸੈਦਖੇੜੀ, ਜਥੇਦਾਰ ਨਿਸ਼ਾਨ ਸਿੰਘ ਚੌਹਾਨ, ਕਾਲਾ ਸਿੰਘ, ਸਮੂਹ ਨਗਰ ਪੰਚਾਇਤ ਪਿੰਡ ਸੈਦਖੇੜੀ ਤੇ ਸਮੂਹ ਸਟਾਫ ਸਰਕਾਰੀ ਹਾਈ ਸਕੂਲ ਸੈਦਖੇੜੀ ਹਾਜ਼ਰ ਸਨ। ਇਸ ਮੌਕੇ ਹੈੱਡ ਮਾਸਟਰ ਸ੍. ਹਰਪ੍ਰੀਤ ਸਿੰਘ ਨੇ ਆਏ ਹੋਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ ਤੇ ਸੰਤ ਬਾਬਾ ਸੁਰਜੀਤ ਸਿੰਘ, ਸਰਪੰਚ ਪਰਮਜੀਤ ਸਿੰਘ, ਬਾਬਾ ਪ੍ਰੀਤਮ ਸਿੰਘ ਨੂੰ ਸਮੂਹ ਸਟਾਫ ਵੱਲੋਂ ਸਨਮਾਨਤ ਕੀਤਾ ਗਿਆ।

# ਡੀ ਏ ਵੀ ਕਾਲਜ ਦਾ ਵਿਗਿਆਨ ਉਤਸਵ 'ਚ ਸ਼ਾਨਦਾਰ ਪ੍ਰਦਰਸ਼ਨ



**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਡੀ.ਏ.ਵੀ. ਕਾਲਜ ਦੇ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਵਿੱਚ ਸੁਦੇਸ਼ ਗਰੋਵਰ ਤੇ ਡਾ. ਮੁਕਤਾ ਮੁਟਨੇਜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਾਲਜ ਦੇ ਸਾਇੰਸ ਦੇ ਵਿਦਿਆਰਥੀਆਂ ਨੇ ਡੀ.ਏ.ਵੀ. ਕਾਲਜ ਅਬੋਹਰ ਵੱਲੋਂ ਆਯੋਜਿਤ ਵਿਗਿਆਨ ਉਤਸਵ ਵਿੱਚ ਹਿੱਸਾ ਲਿਆ।ਇਸ ਉਤਸਵ ਵਿੱਚ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਡੀ.ਏ.ਵੀ. ਕਾਲਜ ਮਲੋਟ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ।ਇਨ੍ਹਾਂ ਵਿੱਚੋਂ ਮਾਡਲ ਮੇਕਿੰਗ ਵਿੱਚ ਸਾਹਿਲ ਤੇ ਦੀਕਸ਼ਾ ਨੇ ਪਹਿਲਾ ਸਥਾਨ, ਕੁਇੱਜ਼ ਮੁਕਾਬਲੇ ਵਿੱਚ ਟੀਸ਼ਾ, ਮੁਸਕਾਨ, ਨੰਦਿਨੀ ਤੇ ਦੀਪਕ ਨੇ ਤੀਜਾ ਸਥਾਨ, ਪੋਸਟਰ ਮੇਕਿੰਗ ਵਿੱਚ ਪਾਇਲ ਨੇ ਤੀਜਾ ਸਥਾਨ ਅਤੇ ਭਾਸ਼ਣ ਪ੍ਰਤੀਯੋਗਤਾ ਵਿੱਚ ਸ਼ਾਲੂ ਨੇ ਤੀਜਾ ਸਥਾਨ ਹਾਸਲ ਕਰ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਸੁਭਾਸ਼ ਗੁਪਤਾ ਨੇ ਡਾ. ਮੁਕਤਾ ਮੁਟਨੇਜਾ, ਮੈਡਮ ਕੋਮਲ ਤੇ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਅਧੂਰੇ ਪਏ ਕਾਰਜਾਂ ਨੂੰ ਜਲਦ ਪੂਰਾ ਕੀਤਾ ਜਾਵੇਗਾ : ਸਿੰਧੀ



**ਮਮਦੋਟ (ਹਰਪਾਲ ਸਿੰਘ ਸੋਢੀ)**-ਸਥਾਨਕ ਲੋਕਾਂ ਨੂੰ ਸੀਵਰੇਜ ਦੇ ਦੂਸ਼ਿਤ ਪਾਣੀ ਦੇ ਨਿਕਾਸ ਨੂੰ ਲੈ ਕੇ ਆ ਰਹੀਆਂ ਮੁਸ਼ਕਲਾਂ ਦੇ ਸਬੰਧ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਡਾ: ਨਿਰਵੈਰ ਸਿੰਘ ਸਿੰਧੀ ਨੇ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਸੇਮ ਨਾਲੇ ਦਾ ਦੌਰਾ ਕੀਤਾ ਅਤੇ ਸੀਵਰੇਜ ਦੇ ਪਾਣੀ ਨੂੰ ਸਹੀ ਢੰਗ ਨਾਲ ਸੇਮਨਾਲੇ ਤੇ ਸੇਮਨਾਲੇ ਨਾਲ ਪਾਏ ਗਏ ਸੀਵਰੇਜ ਪਾਈਪ ਲਾਈਨ ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਆ ਰਹੀਆਂ ਮੁਸ਼ਕਲਾਂ ਤੇ ਨਿਕਾਸੀ ਲਈ ਵਿਉਂਤ ਬੰਦੀ 'ਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਫਿਰੋਜ਼ਪੁਰ ਦਿਹਾਤੀ ਦੇ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਗਰ ਪੰਚਾਇਤ ਮਮਦੋਟ ਦੇ ਅਧੂਰੇ ਪਏ ਕਾਰਜਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ ਤੇ ਸੀਵਰੇਜ ਦੀ ਨਿਕਾਸੀ ਅਤੇ ਸੇਮਨਾਲੇ ਦੀ ਸਫ਼ਾਈ ਸਬੰਧੀ ਹਲਕਾ ਵਿਧਾਇਕ ਨਾਲ ਮਿਲ ਕੇ ਕਸਬੇ ਦੇ ਲੋਕਾਂ ਦੀ ਇਸ ਮੁਸ਼ਕਲ ਦਾ ਹੱਲ ਵੀ ਜਲਦੀ ਕਰਵਾਇਆ ਜਾਵੇਗਾ। ਉਨ੍ਹਾਂ ਕਸਬੇ ਨੂੰ ਸਾਫ ਸੁਥਰਾ ਰੱਖਣ ਲਈ ਨਗਰ ਦੇ ਲੋਕਾਂ ਤੋਂ ਸਹਿਯੋਗ ਦੀ ਮੰਗ ਵੀ ਕੀਤੀ। ਇਸ ਮੌਕੇ ਉਨ੍ਹਾਂ ਨਾਲ ਈ ਓ ਨਰਿੰਦਰ ਕੁਮਾਰ, ਆਪ ਆਗੂ ਬਲਰਾਜ ਸਿੰਘ ਸੰਧੂ, ਸੰਜੀਵ ਧਵਨ ਚਿੰਟੂ, ਜੇ ਈ ਜਗਜੀਤ ਸਿੰਘ, ਸੈਨਟਰੀ ਇੰਸਪੈਕਟਰ ਜੰਗੀਰ ਸਿੰਘ, ਹਰਜਿੰਦਰ ਸਿੰਘ ਸਿੰਧੀ ਤੇ ਸਮੂਹ ਐੱਮ ਸੀ ਸਾਹਿਬਾਨ ਅਤੇ ਮਮਦੋਟ ਨਗਰ ਪੰਚਾਇਤ ਦੇ ਸੀਨੀਅਰ ਆਗੂ ਤੇ ਹੋਰ ਮੁਲਾਜ਼ਮ ਹਾਜ਼ਰ ਸਨ।

# ਐੱਸ ਡੀ ਕਾਲਜ ਦੀ ਵਿਦਿਆਰਥਣ ਸੁਖਬੀਰ ਕੌਰ ਦੀ ਪੀ ਐੱਚ ਡੀ ਲਈ ਚੋਣ



**ਮੋਗਾ (ਅਮਰਜੀਤ ਬੱਬਰੀ)**-ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਦੀ ਵਿਦਿਆਰਥਣ ਮਿਸ ਸੁਖਬੀਰ ਕੌਰ ਦੀ ਪ੍ਰੈਜ਼ੀਡੈਂਸੀ ਯੂਨੀਵਰਸਿਟੀ ਕਲਕੱਤਾ ਵਿੱਚ ਪੀ ਐੱਚ ਡੀ ਲਈ ਚੋਣੀ ਗਈ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਸਮੂਹ ਸਟਾਫ ਤੇ ਸਮੂਹ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਮਿਸ ਸੁਖਬੀਰ ਕੌਰ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਸਮੇਂ ਸਮੇਂ 'ਤੇ ਵਿਦਿਆਰਥਣਾਂ ਨੂੰ ਸਿੱਖਿਆ ਸੰਬੰਧੀ ਨਵੀਆਂ ਡਿਵੈਲਪਮੈਂਟ ਨੀਤੀਆਂ ਬਾਰੇ ਜਾਗਰੂਕ ਕਰਦਾ ਰਹਿੰਦਾ ਹੈ। ਮਿਸ ਸੁਖਬੀਰ ਕੌਰ ਨੇ ਐੱਮ. ਕਾਮ. ਦੀ ਡਿਗਰੀ ਹਾਸਲ ਕੀਤੀ ਤੇ ਜੂਨ 2022 ਵਿੱਚ ਨੈੱਟ, ਜੇ.ਆਰ.ਐੱਫ. ਦੀ ਪ੍ਰੀਖਿਆ ਪਾਸ ਕੀਤੀ ਅਤੇ ਡੇਢ ਸਾਲ ਸੰਸਥਾ ਵਿੱਚ ਬਤੌਰ ਸਹਾਇਕ ਪ੍ਰੋਫੈਸਰ ਕਾਮਰਸ ਦੀ ਸੇਵਾ ਨਿਭਾਈ। ਮਿਸ ਸੁਖਵੀਰ ਕੌਰ ਨੇ ਦੱਸਿਆ ਕਿ ਪ੍ਰੈਜ਼ੀਡੈਂਸੀ ਯੂਨੀਵਰਸਿਟੀ ਕਲਕੱਤਾ (ਵੈਸਟ ਬੰਗਾਲ) ਵਿੱਚ ਉਸ ਨੂੰ ਪੀ.ਐੱਚ.ਡੀ. ਕੋਰਸ ਵਿੱਚ ਸੀਟ ਪ੍ਰਾਪਤ ਕਰਨ ਲਈ ਇੰਟਰਵਿਊ ਦੀ ਪ੍ਰਕਿਰਿਆ ਵਿੱਚੋਂ ਲੰਘਣਾ ਪਿਆ ਤੇ ਇੰਟਰਵਿਊ ਦੀ ਪ੍ਰਕਿਰਿਆ ਤੋਂ ਬਾਅਦ ਇਕਨੌਮਿਕਸ ਵਿਸ਼ੇ ਵਿੱਚ ਸੀਟ ਮਿਲੀ। ਅੰਤ 'ਤੇ ਮਿਸ ਸੁਖਬੀਰ ਕੌਰ ਨੇ ਪ੍ਰਿੰਸੀਪਲ ਕਾਮਰਸ ਵਿਭਾਗ ਦੇ ਮੁਖੀ ਮਿਸਿਜ ਸੁਸ਼ਮਾ ਗੁਪਤਾ, ਮਿਸ ਰਜਨੀ ਤੇ ਮਿਸਿਜ਼ ਗਗਨਦੀਪ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਹਮੇਸ਼ਾ ਕਾਮਰਸ ਵਿਭਾਗ ਦੀ ਰਿਣੀ ਹਾਂ, ਜਿਨ੍ਹਾਂ ਦੇ ਮਾਰਗ ਦਰਸ਼ਨ ਕਾਰਨ ਮੈਂ ਉਚੇਰੀ ਸਿੱਖਿਆ ਲਈ ਦੇਸ ਦੀ ਨਾਮਵਰ ਯੂਨੀਵਰਸਿਟੀ ਦਾ ਹਿੱਸਾ ਬਣੀ ਹਾਂ।

# ਹਰਮਨਦੀਪ ਸਿੰਘ ਐੱਨ ਐੱਚ ਐੱਮ ਇੰਪ. ਯੂਨੀਅਨ ਦੇ ਪ੍ਰਧਾਨ ਨਿਯੁਕਤ

ਫਿਰੋਜ਼ਪੁਰ 4 ਮਾਰਚ (ਅਸ਼ੋਕ ਸ਼ਰਮਾ) : ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਦੀ ਇੱਕ ਅਹਿਮ ਮੀਟਿੰਗ ਦਫਤਰ ਸਿਵਲ ਸਰਜਨ ਫਿਰੋਜ਼ਪੁਰ ਵਿਖੇ ਹੋਈ, ਜਿਸ ਵਿੱਚ ਸਾਰੇ ਬਲਾਕਾਂ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ।ਇਸ ਮੌਕੇ ਜੋਗਿੰਦਰ ਸਿੰਘ ਜੋ ਕਿ ਜ਼ਿਲ੍ਹਾ ਪ੍ਰਧਾਨ ਵਜੋਂ ਨਿਯੁਕਤ ਸਨ, ਵੱਲੋਂ ਅਸਤੀਫਾ ਦੇ ਦੇਣ ਉਪਰੰਤ ਸਾਰੇ ਸਮੂਹ ਬਲਾਕਾਂ ਦੇ ਅਹੁਦੇਦਾਰਾਂ ਵੱਲੋਂ ਸਰਬਸੰਮਤੀ ਨਾਲ ਹਰਮਨਦੀਪ ਸਿੰਘ ਫਾਰਮਾਸਿਸਟ ਬਲਾਕ ਕੱਸੋਆਣਾ ਨੂੰ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ।ਇਸ ਦੌਰਾਨ ਡਾ. ਯੁਵਰਾਜ ਨਾਰੰਗ ਨੂੰ ਉਪ ਪ੍ਰਧਾਨ ਤੇ ਨਰਿੰਦਰ ਸਿੰਘ ਸੀ ਐੱਚ ਓ ਬਲਾਕ ਮਮਦੋਟ ਨੂੰ ਜਨਰਲ ਸਕੱਤਰ ਚੁਣਿਆ ਗਿਆ।ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਸਿੰਘ ਵੱਲੋਂ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਡਿਊਟੀ ਦੌਰਾਨ ਆ ਰਹੀਆਂ ਮੁਸ਼ਕਲਾਂ ਦਾ ਉੱਚ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਹੱਲ ਕਰਵਾਇਆ ਜਾਵੇਗਾ।ਇਸ ਦੇ ਨਾਲ ਹੀ ਉਨ੍ਹਾਂ ਨੇ ਸਮੂਹ ਐੱਨ ਐੱਚ ਐੱਮ ਸਾਥੀਆਂ ਨੂੰ ਅਪੀਲ ਕੀਤੀ ਕਿ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਸਾਰਿਆਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਜ਼ਰੂਰਤ ਹੈ ਅਤੇ ਉਹ ਸੰਘਰਸ਼ ਲਈ ਤਿਆਰ ਰਹਿਣ।ਇਸ ਮੌਕੇ ਦੀਪਕ, ਸੁਖਦੇਵ ਰਾਜ, ਹਰਮਿਨਰਪਾਲ ਸਿੰਘ, ਬਗੀਚ ਨਾਗਪਾਲ, ਰਵੀ ਚੋਪੜਾ, ਜੋਗਿੰਦਰ ਸਿੰਘ, ਹਰਬੰਸ ਲਾਲ, ਜਗਜੀਤ ਸਿੰਘ, ਹਰਜਿੰਦਰ ਸਿੰਘ, ਸੰਦੀਪ ਸਿੰਘ, ਕਰਨ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਆੜ੍ਹਤੀਆ ਐਸੋਸੀਏਸ਼ਨ ਦੇ ਨਵ-ਨਿਯੁਕਤ ਪ੍ਰਧਾਨ ਸੁਰਿੰਦਰ ਗੁਪਤਾ ਨੇ ਸੰਭਾਲਿਆ ਅਹੁਦਾ



**ਨਾਭਾ (ਵਰਿੰਦਰ ਵਰਮਾ)**-ਬੀਤੇ ਦਿਨੀਂ ਆੜ੍ਹਤੀਆ ਐਸੋਸੀਏਸ਼ਨ ਨਾਭਾ ਦੀ ਚੋਣ ਜਿੱਤਣ ਤੋਂ ਬਾਅਦ ਸ਼ੁੱਕਰਵਾਰ ਨਵ-ਨਿਯੁਕਤ ਪ੍ਰਧਾਨ ਸੁਰਿੰਦਰ ਗੁਪਤਾ ਨੇ ਅਹੁਦਾ ਸੰਭਾਲਿਆ। ਉਨ੍ਹਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਹਲਕਾ ਵਿਧਾਇਕ ਤੇ ਸਮੂਹ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਉਨ੍ਹਾ ਕਿਹਾ ਕਿ ਇਹ ਵੋਟਾਂ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਜੀ ਦੇ ਯਤਨ ਸਦਕਾ ਬਿਲਕੁਲ ਪਾਰਦਰਸ਼ੀ ਢੰਗ ਨਾਲ ਅਮਨ ਅਮਾਨ ਨਾਲ ਨੇਪਰੇ ਚੜ੍ਹੀਆਂ ਹਨ। ਨਵ-ਨਿਯੁਕਤ ਪ੍ਰਧਾਨ ਸੁਰਿੰਦਰ ਗੁਪਤਾ ਨੇ ਕਿਹਾ ਕਿ ਉਹ ਸਮੁੱਚੇ ਭਾਈਚਾਰੇ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨਗੇ। ਜੇਕਰ ਕਿਸੇ ਆੜ੍ਹਤੀ ਭਰਾ ਨੂੰ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਸ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਗੇ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਤੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਨਗੇ। ਉਨ੍ਹਾ ਕਿਹਾ ਕਿ ਸੀਜ਼ਨ ਦੇ ਦਿਨਾਂ ਵਿੱਚ ਕਿਸੇ ਪ੍ਰਕਾਰ ਆੜ੍ਹਤੀਆ ਭਾਈਚਾਰਾ ਤੇ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਹਰ ਤਰ੍ਹਾਂ ਦੇ ਪੂਰੇ ਇੰਤਜ਼ਾਮ ਕੀਤੇ ਜਾਣਗੇ। ਅਹੁਦਾ ਸੰਭਾਲਣ ਮੌਕੇ ਸਮੂਹ ਭਾਈਚਾਰੇ ਵੱਲੋਂ ਨਵ-ਨਿਯੁਕਤ ਪ੍ਰਧਾਨ ਸੁਰਿੰਦਰ ਗੁਪਤਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਜੀਵਨ ਲਾਲ ਗੁਪਤਾ, ਆਮ ਆਦਮੀ ਪਾਰਟੀ ਵਪਾਰ ਮੰਡਲ ਪ੍ਰਧਾਨ ਰਮਨ ਜਿੰਦਲ ਭੋਲਾ, ਵਿਨੇ ਗੁਪਤਾ, ਅਜੀਤ ਗੁਪਤਾ, ਸਿਕੰਦਰ ਸਿੰਘ ਦੰਦਰਾਲਾ ਢੀਂਡਸਾ, ਸੰਜੇ ਮੱਗੋ, ਸੰਜੀਵ ਜਿੰਦਲ, ਵੇਦ ਚੰਦ ਮੰਡੋਰ, ਦੀਪਕ ਗੁਪਤਾ, ਕਰਮਜੀਤ ਸਿੰਘ ਅਲਹੌਰਾਂ, ਬਬਿਤ ਗੁਪਤਾ, ਅਨੁਜ ਕੁਮਾਰ, ਸੰਦੀਪ ਗਰਗ ਮਾਲਵਾ ਰਾਈਸ ਮਿੱਲਜ, ਕ੍ਰਿਸ਼ਨ ਮੰਗਲਾ ਕੁੱਕੀ, ਨਿਸ਼ੂ ਗਰਗ, ਹਰਬੰਸ ਸਿੰਘ, ਕ੍ਰਿਸ਼ਨ ਬਾਂਸਲ, ਅਮਿਤ ਮਿੱਤਲ ਆਦਿ ਸਮੇਤ ਸਮੂਹ ਆੜ੍ਹਤੀ ਭਾਈਚਾਰਾ ਹਾਜ਼ਰ ਸੀ।

# ਸੂਬਾ ਸਰਕਾਰ 'ਚ ਰਾਜਪਾਲ ਦੇ ਦਖਲ 'ਤੇ ਚਿੰਤਾ ਦਾ ਪ੍ਰਗਟਾਵਾ

## ਕਾਲੀਆਂ ਤਾਕਤਾਂ ਨੂੰ ਪੰਜਾਬ ਦਾ ਮਾਹੌਲ ਹਰਗਿਜ਼ ਖਰਾਬ ਨਹੀਂ ਕਰਨ ਦਿੱਤਾ ਜਾਵੇਗਾ : ਲਿਬਰੇਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)** : ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਕੇਂਦਰ ਸਰਕਾਰ ਦੀ ਕਥਿਤ ਸ਼ਹਿ 'ਤੇ ਉਸ ਦੇ ਪ੍ਰਤੀਨਿਧ ਰਾਜਪਾਲ ਵੱਲੋਂ ਸੂਬਾ ਸਰਕਾਰ ਦੇ ਅਧਿਕਾਰ ਖੇਤਰ 'ਚ ਮਨਮਾਨੀ ਦਖਲ ਅੰਦਾਜ਼ੀ ਕਰਨ, ਨਸ਼ਿਆਂ ਤੇ ਗੁੰਡਾ ਗਰੋਹਾਂ ਦੇ ਜਾਰੀ ਕਹਿਰ ਤੇ ਜੱਜਾਂ ਦੀਆਂ ਮਨਮਾਨੀਆਂ ਉੱਤੇ ਗਹਿਰੀ ਫਿਕਰਮੰਦੀ ਦਾ ਪ੍ਰਗਟਾਵਾ ਕੀਤਾ। ਇਸ ਸਬੰਧੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਲਿਬਰੇਸ਼ਨ ਦੇ ਸੀ.ਸੀ. ਮੈਂਬਰ ਰਜਵਿੰਦਰ ਰਾਣਾ ਦੀ ਰੇਖ ਦੇਖ ਹੇਠ ਹੋਈ। ਪਾਰਟੀ ਦੇ ਸੂਬਾਈ ਆਗੂ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਮੀਤ ਨੰਦਗੜ੍ਹ ਨੇ ਦੱਸਿਆ ਕਿ ਮੀਟਿੰਗ ਨੇ ਜਿੱਥੇ 15 ਤੋਂ 20 ਤੱਕ ਪਟਨਾ ਸਾਹਿਬ ਵਿਖੇ ਸੰਪੰਨ ਹੋਏ ਪਾਰਟੀ ਦੇ 11ਵੇਂ ਮਹਾਂ ਸੰਮੇਲਨ ਦੀ ਸ਼ਾਨਦਾਰ ਸਫਲਤਾ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ, ਉਥੇ ਪੰਜਾਬ ਦੇ ਹਿੱਤਾਂ ਦੀ ਰਾਖੀ ਤੇ ਸੂਬੇ 'ਚ ਢਹਿ ਢੇਰੀ ਹੋ ਰਹੀ ਅਮਨ ਕਾਨੂੰਨ ਦੀ ਹਾਲਤ ਬਦਲੇ ਮਾਨ ਸਰਕਾਰ ਦੀ ਸਖਤ ਆਲੋਚਨਾ ਕੀਤੀ। ਮੀਟਿੰਗ ਵੱਲੋਂ ਕੁਝ ਸੰਗਠਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਬਣਾ ਕੇ ਵਰਤਣ ਦੇ ਸਾਹਮਣੇ ਆਏ ਰੁਝਾਨ ਉਤੇ ਵੀ ਡੂੰਘੀ ਚਿੰਤਾ ਜ਼ਾਹਰ ਕੀਤੀ ਗਈ। ਮੀਟਿੰਗ ਵੱਲੋਂ 8 ਮਾਰਚ ਨੂੰ ਔਰਤ ਦਿਵਸ ਅਤੇ ਫਾਸ਼ੀਵਾਦੀ ਹਮਲਿਆਂ ਖਿਲਾਫ ਫਰੰਟ ਵੱਲੋਂ 10 ਮਾਰਚ ਨੂੰ ਜਲੰਧਰ ਵਿਖੇ ਕੀਤੀ ਜਾਣ ਵਾਲੀ ਸੂਬਾ ਪਧਰੀ ਸਾਂਝੀ ਰੈਲੀ ਨੂੰ ਸਫਲ ਬਣਾਉਣ ਲਈ ਮਾਨਸਾ ਜ਼ਿਲ੍ਹੇ 'ਚ ਭਖਵੀਂ ਮੁਹਿੰਮ ਵਿੱਢੀ ਜਾਵੇਗੀ। ਮੀਟਿੰਗ ਵਿੱਚ ਤਹਿ ਕੀਤਾ ਗਿਆ ਕਿ 23 ਮਾਰਚ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਮੌਕੇ ਜ਼ਿਲ੍ਹਾ ਪੱਧਰੀ ਭਰਵੀਂ ਰੈਲੀ ਕੀਤੀ ਜਾਵੇਗੀ।

ਕਾ. ਰਾਜਵਿੰਦਰ ਰਾਣਾ ਨੇ ਕਿਹਾ ਕਿ ਸੌੜੇ ਸਿਆਸੀ ਮੰਤਵਾਂ ਲਈ ਸ੍ਰੀ ਗੁਰੂ ਗ੍ਰੰਥ ਜੀ ਨੂੰ ਢਾਲ ਬਣਾਉਣ, ਵਧ ਰਹੇ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਕਹਿਰ ਖਿਲਾਫ ਮੁਹਿੰਮ ਛੇੜਣ ਦਾ ਵੀ ਫੈਸਲਾ ਲਿਆ। ਇਸ ਮੀਟਿੰਗ 'ਚ ਕਾ. ਨਛੱਤਰ ਸਿੰਘ ਖੀਵਾ, ਕਾ. ਵਿੰਦਰ ਅਲਖ, ਜਸਵੀਰ ਕੌਰ, ਸੁਰਿੰਦਰਪਾਲ ਸ਼ਰਮਾ, ਨਿੱਕਾ ਸਿੰਘ ਬਹਾਦਰਪੁਰ, ਜੀਤ ਬੋਹਾ, ਸੁਖਵਿੰਦਰ ਬੋਹਾ, ਬਿੰਦਰ ਕੌਰ ਉਡਤ, ਕ੍ਰਿਸ਼ਨਾ ਕੌਰ, ਭੋਲਾ ਸਿੰਘ ਸਮਾਓਂ, ਗੁਰਸੇਵਕ ਸਿੰਘ ਮਾਨ, ਸੁਖਜੀਤ ਰਾਮਾਨੰਦੀ ਆਦਿ ਸ਼ਾਮਲ ਸਨ।

# ਬਾਬਾ ਬੰਦਾ ਬਹਾਦਰ ਸਪੋਰਟਸ ਕਲੱਬ ਨੇ ਸਕੂਲ 'ਚ ਪੌਦੇ ਲਗਾਏ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਮਿਡਲ ਸਕੂਲ ਉੱਡਤ ਸੈਦੇਵਾਲਾ ਵਿਖੇ ਸਕੂਲ ਮੁਖੀ ਧਰਮਿੰਦਰ ਸਿੰਘ ਹੀਰੇਵਾਲਾ ਦੇ ਯਤਨਾਂ ਸਦਕਾ ਬਾਬਾ ਬੰਦਾ ਬਹਾਦਰ ਸਪੋਰਟਸ ਕਲੱਬ ਉੱਡਤ ਸੈਦੇਵਾਲਾ ਦੇ ਪ੍ਰਧਾਨ ਮਨਵਿੰਦਰ ਸਿੰਘ ਗਿੱਲ ਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਸਕੂਲ ਵਿੱਚ ਸਜਾਵਟੀ ਪੌਦੇ ਲਗਵਾ ਕੇ ਸੇਵਾ ਨਿਭਾਈ ਗਈ ਤਾਂ ਕਿ ਸਕੂਲ ਦੀ ਦਿੱਖ ਨੂੰ ਹੋਰ ਸੁੰਦਰ ਬਣਾਇਆ ਜਾ ਸਕੇ ਤਾਂ ਜੋ ਆਉਣ ਵਾਲੇ ਸੈਸ਼ਨ 2023-24 ਵਿੱਚ ਬੱਚਿਆਂ ਦੇ ਦਾਖਲੇ ਵਿੱਚ ਵਾਧਾ ਕੀਤਾ ਜਾਵੇ। ਇਸ ਤੋਂ ਇਲਾਵਾ ਕਲੱਬ ਅਹੁਦੇਦਾਰਾਂ ਵਿੱਚੋਂ ਹਰਪ੍ਰੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਗਿੱਲ ਨੇ ਅੱਗੇ ਤੋਂ ਵੀ ਸਕੂਲ ਦੀ ਦਿੱਖ ਨੂੰ ਹੋਰ ਵਧੀਆ ਬਣਾਉਣ ਲਈ ਲਗਾਤਾਰ ਯੋਗਦਾਨ ਪਾਉਣ ਦਾ ਵਾਅਦਾ ਕੀਤਾ। ਇਸ ਮੌਕੇ ਸਕੂਲ ਮੁਖੀ ਧਰਮਿੰਦਰ ਸਿੰਘ ਹੀਰੇਵਾਲਾ ਤੇ ਸਮੂਹ ਸਟਾਫ ਵੱਲੋਂ ਸਮੁੱਚੀ ਕਲੱਬ ਟੀਮ ਦਾ ਧੰਨਵਾਦ ਕਰਦਿਆਂ ਕਲੱਬ ਮੈਂਬਰਾਂ ਤੇ ਪਿੰਡ ਵਾਸੀਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਪੁਰਜ਼ੋਰ ਅਪੀਲ ਵੀ ਕੀਤੀ ਗਈ। ਇਸ ਮੌਕੇ ਕਲੱਬ ਟੀਮ ਵੱਲੋਂ ਦੀਦਾਰ ਸਿੰਘ, ਜਸਕਰਨ ਸਿੰਘ, ਜਗਦੀਪ ਸਿੰਘ, ਬੂਟਾ ਸਿੰਘ ਤੇ ਸਤਨਾਮ ਸਿੰਘ ਹਾਜ਼ਰ ਸਨ।

# ਲਾਡੀ ਢੋਸ ਵੱਲੋਂ ਹਲਕੇ ਦੇ ਵਿਕਾਸ ਸੰਬੰਧੀ ਮੁੱਖ ਮੰਤਰੀ ਨਾਲ ਮੁਲਾਕਾਤ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)** : ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਧਰਮਕੋਟ ਹਲਕੇ ਦੀ ਤਰੱਕੀ ਤੇ ਉੱਨਤੀ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਨ। ਉਨ੍ਹਾ ਵੱਲੋਂ ਹਲਕੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਧਰਮਕੋਟ ਹਲਕਾ ਵਿਕਾਸ ਪੱਖੋਂ ਪੰਜਾਬ ਦੇ ਮੋਹਰੀ ਹਲਕਿਆਂ ਵਿੱਚ ਸ਼ਾਮਲ ਹੋ ਸਕੇ।

ਇਸ ਅਧੀਨ ਹੀ ਉਨ੍ਹਾਂ ਵੱਲੋਂ ਬੀਤੇ ਦਿਨੀਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਮੁੱਖ ਮੰਤਰੀ ਦੇ ਧਿਆਨ ਵਿੱਚ ਧਰਮਕੋਟ ਹਲਕੇ ਅੰਦਰ ਸਿਹਤ ਤੇ ਸਿੱਖਿਆ ਨੂੰ ਲੈ ਕੇ ਹਲਕੇ ਦੀਆਂ ਮੁੱਖ ਮੰਗਾਂ ਧਰਮਕੋਟ ਸਿਵਲ ਹਸਪਤਾਲ ਨੂੰ ਅੱਪਗ੍ਰੇਡ ਕਰਨਾ, ਧਰਮਕੋਟ ਬੱਸ ਅੱਡੇ ਧਰਮਕੋਟ ਤੇ ਕੋਟ ਈਸੇ ਖਾਂ, ਫਤਿਹਗੜ੍ਹ ਪੰਜਤੂਰ ਵਿਖੇ ਸੀਵਰੇਜ ਦੀ ਸਮੱਸਿਆ ਨੂੰ ਹੱਲ ਕਰਨ, ਨਵੀਆਂ ਪਾਈਪ ਲਾਈਨਾਂ ਪਾਉਣ, ਧਰਮਕੋਟ ਹਲਕੇ ਵਿੱਚ ਦੀ ਲੰਘਦੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਉਪਰ ਸੜਕ ਦਾ ਨਿਰਮਾਣ ਕਰਵਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦਾ।

ਵਿਧਾਇਕ ਲਾਡੀ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਧਰਮਕੋਟ ਹਲਕੇ ਦੇ ਵਿਕਾਸ ਸਬੰਧੀ ਤੇ ਉਨ੍ਹਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਮੰਗਾਂ ਸਬੰਧੀ ਭਰੋਸਾ ਦਿੱਤਾ ਗਿਆ ਕਿ ਇਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇਗਾ। ਉਨ੍ਹਾ ਮੁੱਖ ਮੰਤਰੀ ਭਗਤ ਸਿੰਘ ਮਾਨ ਵੱਲੋਂ ਹਲਕੇ ਦੀਆਂ ਸਮੱਸਿਆਵਾਂ ਸਬੰਧੀ ਦਿੱਤੇ ਹਾਂ-ਪੱਖੀ ਹੁੰਗਾਰੇ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

# ਮਾਤਾ ਗੁਜਰੀ ਕਾਲਜ ਦੇ 55ਵੇਂ ਸਾਲਾਨਾ ਖੇਡ ਮੁਕਾਬਲੇ ਸਫ਼ਲਤਾਪੂਰਵਕ ਸੰਪੰਨ

## ਅਦਿੱਤਿਆ ਸੂਦ ਤੇ ਰੂਪਿੰਦਰ ਕੌਰ ਨੇ ਜਿੱਤਿਆ ਬੈੱਸਟ ਐਥਲੀਟ ਦਾ ਖਿਤਾਬ



**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਫ਼ਤਿਹਗੜ੍ਹ ਸਾਹਿਬ ਵਿਖੇ ਕਾਲਜ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ ਜਗਦੀਪ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ 55ਵੇਂ ਸਾਲਾਨਾ ਖੇਡ ਮੁਕਾਬਲਿਆਂ ਦਾ ਸ਼ਾਨਦਾਰ ਸਮਾਪਨ ਹੋਇਆ, ਜਿਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜੂਨੀਅਰ ਮੀਤ ਪ੍ਰਧਾਨ ਤੇ ਕਾਲਜ ਗਵਰਨਿੰਗ ਬਾਡੀ ਦੇ ਮੈਂਬਰ ਅਵਤਾਰ ਸਿੰਘ ਰਿਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਕਾਲਜ ਦੇ ਸਾਬਕਾ ਵਿਦਿਆਰਥੀ ਰੁਸਤਮ-ਏ-ਹਿੰਦ ਪਹਿਲਵਾਨ ਪਰਮਿੰਦਰ ਸਿੰਘ ਡੂਮਛੇੜੀ ਤੇ ਜ਼ਿਲ੍ਹਾ ਖੇਡ ਅਫ਼ਸਰ ਰਾਹੁਲਦੀਪ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਕਾਲਜ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ ਜਗਦੀਪ ਸਿੰਘ ਚੀਮਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਯੋਗ ਅਗਵਾਈ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਸਿਰਮੌਰ ਸਿੱਖਿਆ ਸੰਸਥਾ ਹੈ, ਜਿਸ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਨਿਰੰਤਰ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਦੀ ਬਦੌਲਤ ਕਾਲਜ ਵਿੱਚੋਂ ਪੜ੍ਹੇ ਅਨੇਕਾਂ ਖਿਡਾਰੀਆਂ ਨੇ ਕੌਮਾਂਤਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ ਹਨ। ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਨੇ ਸਮੂਹ ਕਾਲਜ ਸਟਾਫ਼ ਤੇ ਵਿਦਿਆਰਥੀਆਂ ਨੂੰ ਸਾਲਾਨਾ ਖੇਡ ਮੁਕਾਬਲਿਆਂ ਦਾ ਸਫ਼ਲਤਾਪੂਰਵਕ ਆਯੋਜਨ ਕਰਨ ਲਈ ਮੁਬਾਰਕਬਾਦ ਤੇ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਤ ਕੀਤਾ।

ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਾਲਜ ਦੀਆਂ ਵਿੱਦਿਅਕ, ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਮੌਜੂਦਾ ਸਮੇਂ ਤੇ ਇਲਾਕੇ ਦੀਆਂ ਵਿੱਦਿਅਕ ਲੋੜਾਂ ਦੀ ਪੂਰਤੀ ਕਰਦੇ ਹੋਏ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨ ਲਈ ਵਚਨਬੱਧ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਸਭ ਮਹਿਮਾਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਾਲਜ ਦੀਆਂ ਖੇਡ ਪ੍ਰਾਪਤੀਆਂ ਤੇ ਕਾਲਜ 'ਚ ਖੇਡਾਂ ਨੂੰ ਹੋਰ ਪ੍ਰਫੁਲਤ ਕਰਨ ਲਈ ਭਵਿੱਖ ਦੀਆਂ ਯੋਜਨਾਵਾਂ 'ਤੇ ਚਾਨਣਾ ਪਾਇਆ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਾਬਾ ਅਜੀਤ ਸਿੰਘ ਹਾਊਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਬਾਬਾ ਫ਼ਤਹਿ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਵਿੱਚ ਬੈਸਟ ਐਥਲੀਟ ਬੀ.ਸੀ.ਏ. ਭਾਗ ਪਹਿਲਾ ਦੇ ਅਦਿੱਤਿਆ ਸੂਦ ਨੇ ਪ੍ਰਾਪਤ ਕੀਤਾ ਤੇ ਰਨਰ ਅੱਪ ਦਾ ਸਨਮਾਨ ਬੀ.ਏ. ਭਾਗ ਪਹਿਲਾ ਦੇ ਗੈਰੀ ਸਿੰਘ ਨੇ ਪ੍ਰਾਪਤ ਕੀਤਾ। ਇਸੇ ਪ੍ਰਕਾਰ ਲੜਕੀਆਂ ਵਿੱਚ ਬੈਸਟ ਐਥਲੀਟ ਦਾ ਸਨਮਾਨ ਬੀ.ਏ. ਭਾਗ ਤੀਸਰਾ ਦੀ ਰੁਪਿੰਦਰ ਕੌਰ ਨੇ ਪ੍ਰਾਪਤ ਕੀਤਾ ਤੇ ਰਨਰ ਅੱਪ ਦਾ ਖਿਤਾਬ ਬੀ.ਸੀ.ਏ. ਭਾਗ ਪਹਿਲਾ ਦੀ ਹਰਮਨਜੋਤ ਕੌਰ ਨੇ ਹਾਸਲ ਕੀਤਾ। ਮਾਰਚ ਪਾਸਟ ਮੁਕਾਬਲੇ ਵਿੱਚ ਪਹਿਲਾ ਸਥਾਨ ਬਾਬਾ ਜ਼ੋਰਾਵਰ ਸਿੰਘ ਹਾਊਸ ਨੇ ਪ੍ਰਾਪਤ ਕੀਤਾ ਤੇ ਦੂਸਰਾ ਸਥਾਨ ਬਾਬਾ ਜੁਝਾਰ ਸਿੰਘ ਹਾਊਸ ਨੇ ਪ੍ਰਾਪਤ ਕੀਤਾ।

# ਸੰਗਰੂਰ 'ਚ ਬਿਜਲੀ ਦੀ ਕਾਇਆ-ਕਲਪ ਲਈ ਕੇਂਦਰ ਸਰਕਾਰ ਵੱਲੋਂ 150 ਕਰੋੜ ਜਾਰੀ : ਸਿਮਰਨਜੀਤ ਮਾਨ



**ਤਪਾ ਮੰਡੀ (ਅਰੁਣ ਗੋਇਲ)**-ਸੰਗਰੂਰ ਲੋਕ ਸਭਾ ਹਲਕੇ ਲਈ ਕੇਂਦਰ ਸਰਕਾਰ ਵੱਲੋਂ 150 ਕਰੋੜ ਰੁਪਏ ਜਾਰੀ ਹੋਏ ਹਨ, ਜਿਨ੍ਹਾਂ ਨਾਲ ਇਸ ਲੋਕ ਸਭਾ ਹਲਕੇ ਦੇ ਤਿੰਨਾਂ ਜ਼ਿਲ੍ਹਿਆਂ ਸੰਗਰੂਰ, ਬਰਨਾਲਾ ਤੇ ਮਲੇਰਕੋਟਲਾ 'ਚ ਬਿਜਲੀ ਦੀ ਕਾਇਆ ਕਲਪ ਕੀਤੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਅਗਰਵਾਲ ਧਰਮਸ਼ਾਲਾ ਤਪਾ ਵਿਖੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।

ਉਨ੍ਹਾ ਕਿਹਾ ਕਿ ਇਸ ਹਲਕੇ ਅੰਦਰ ਬਿਜਲੀ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇਗਾ। ਬਿਜਲੀ ਦੇ ਖੰਭੇ ਤੇ ਤਾਰਾਂ ਬਦਲ ਕੇ ਆਧੁਨਿਕ ਤਰੀਕੇ ਦੇ ਸਿਸਟਮ ਨਾਲ ਕੀਤਾ ਜਾਵੇਗਾ, ਜਿਸ ਨਾਲ ਤੁਹਾਡੇ ਸੀਵਰੇਜ ਤੇ ਹੋਰ ਬਿਜਲੀ 'ਤੇ ਚੱਲਣ ਵਾਲੇ ਸਾਮਾਨ ਸੜਨ ਤੋਂ ਬਚ ਜਾਣਗੇ। ਇਸ ਤੋਂ ਇਲਾਵਾ ਰੇਲ ਗੱਡੀਆਂ ਤਪਾ ਮੰਡੀ ਦੇ ਸਟੇਸ਼ਨ 'ਤੇ ਨਾ ਰੁਕਣ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾ ਕਿਹਾ ਕਿ ਜਲਦ ਹੀ ਇਸ ਮਸਲੇ ਨੂੰ ਲੈ ਕੇ ਉਹ ਮੁੜ ਕੇਂਦਰ ਸਰਕਾਰ ਦੇ ਰੇਲਵੇ ਮੰਤਰੀ ਤੋਂ ਹੱਲ ਕਰਵਾਉਣਗੇ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾ ਕਿਹਾ ਕਿ ਦੇਸ਼ ਵਿੱਚ ਜੇਕਰ ਸਾਰੇ ਹਮਲੇ ਇਕੋ-ਇੱਕ ਹੈ ਤਾਂ ਜੋ ਸਿੰਘ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ, ਕਿਉਂਕਿ ਹੁਣ ਤਾਂ ਰਾਜੀਵ ਗਾਂਧੀ ਦੇ ਹੱਤਿਆਰਿਆਂ ਨੂੰ ਵੀ ਛੱਡ ਦਿੱਤਾ ਗਿਆ ਹੈ।

ਸ੍. ਮਾਨ ਇਥੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਆਏ ਸਨ ਤੇ ਇਥੋਂ ਦੇ ਧਾਰਮਿਕ ਸਥਾਨਾਂ ਦੇ ਨੁਮਾਇੰਦੀਆਂ ਨੇ ਸ੍ਰੀ ਮਾਲ ਨੂੰ ਐੱਮ ਪੀ ਕੋਟੇ 'ਚੋਂ ਗਰਾਂਟਾਂ ਦੇਣ ਲਈ ਵੀ ਮੰਗ ਪੱਤਰ ਦਿੱਤੇ ਗਏ। ਇਸ ਮੌਕੇ ਦਰਸ਼ਨ ਸਿੰਘ ਮੰਡੇਰ ਜ਼ਿਲ੍ਹਾ ਪ੍ਰਧਾਨ, ਨੰਦ ਸਿੰਘ ਕਾਹਨੇਕੇ ਸੂਬਾ ਜੰਥੇਬੰਧਕ ਸਕੱਤਰ, ਅਜੈਬ ਸਿੰਘ ਭੈਣੀ ਫੱਤਾ, ਸੁਖਪਾਲ ਸਿੰਘ ਛੰਨਾ ਪੰਚ, ਦੀਪਕ ਸਿੰਗਲਾ ਜ਼ਿਲ੍ਹਾ ਤਾਲਮੇਲ ਸਕੱਤਰ, ਇਕਬਾਲ ਸਿੰਘ ਘੁੰਨਸ, ਲਖਵੀਰ ਸਿੰਘ ਸ਼ਹਿਰੀ ਪ੍ਰਧਾਨ ਤਪਾ, ਮਨਪ੍ਰੀਤ ਸਿੰਘ ਸ਼ਹਿਰੀ ਯੂਥ ਪ੍ਰਧਾਨ ਤਪਾ, ਚੈਂਚਲ ਸਿੰਘ ਮੀਤ ਪ੍ਰਧਾਨ, ਜਗਜੀਤ ਸਿੰਘ ਪੰਧੇਰ, ਮਨਜੀਤ ਸਿੰਘ, ਗਗਨਦੀਪ ਵਿਰਕ, ਜਗਸੀਰ ਸਿੰਘ, ਗੁਰਜੀਤ ਸਿੰਘ ਸ਼ਹਿਣਾ ਆਦਿ ਵੱਡੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।

# ਕੌਂਸਲ ਦੇ ਵਿਕਾਸ ਕਾਰਜਾਂ 'ਚ ਘਪਲੇਬਾਜ਼ੀ ਦੇ ਵਿਰੋਧ 'ਚ ਧਰਨਾ



**ਮਾਹਿਲਪੁਰ (ਸਫਰੀ)** ਗੜ੍ਹਸ਼ੰਕਰ ਨਗਰ ਕੌਂਸਲ ਦੇ ਵਿਕਾਸ ਕਾਰਜਾਂ ਵਿੱਚ ਕਥਿਤ ਘਪਲੇਬਾਜ਼ੀ ਦੇ ਵਿਰੋਧ ਵਿੱਚ ਅੱਜ ਸ਼ਹਿਰ ਦੇ ਵਾਰਡ ਨੰਬਰ 6 ਦੇ ਕੌਂਸਲਰ ਐਡਵੋਕੇਟ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਸ਼ਹਿਰ ਵਾਸੀਆਂ ਵੱਲੋਂ ਕੌਂਸਲ ਦੇ ਦਫਤਰ ਮੂਹਰੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਧਰਨਾਕਾਰੀਆਂ ਨੇ ਕੌਂਸਲ ਦੇ ਪ੍ਰਬੰਧਕਾਂ ਉਤੇ ਸ਼ਹਿਰ ਦੇ ਵਿਕਾਸ ਕੰਮਾਂ ਵਿੱਚ ਘਪਲੇਬਾਜ਼ੀ ਕਰਨ ਦਾ ਦੋਸ਼ ਲਾਇਆ ਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਐਡਵੋਕੇਟ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੜ੍ਹਸ਼ੰਕਰ ਤੋਂ ਨੰਗਲ ਰੋਡ ਦੇ ਨਾਲ ਨਾਲ ਗੰਦੇ ਪਾਣੀ ਦੇ ਨਿਕਾਸ ਲਈ ਬਣਨ ਜਾ ਰਹੇ ਨਾਲੇ ਸੰਬੰਧੀ ਵੱਡਾ ਘੁਟਾਲਾ ਹੋਇਆ ਹੈ। ਉਨ੍ਹਾ ਕਿਹਾ ਕਿ ਇਸ ਥਾਂ 'ਤੇ ਨਾਲੇ ਦੀ ਉਸਾਰੀ ਦਾ ਕੋਈ ਕੰਮ ਨਹੀਂ ਹੋਇਆ ਜਦ ਕਿ ਇਸ ਸੰਬੰਧੀ ਲੱਖਾਂ ਦੀ ਰਾਸ਼ੀ ਕਾਗਜ਼ਾਂ ਵਿੱਚ ਦਿਖਾ ਕੇ ਸਰਕਾਰ ਨੂੰ ਚੂਨਾ ਲਾਇਆ ਗਿਆ ਹੈ। ਉਨ੍ਹਾ ਕਿਹਾ ਕਿ ਇਸ ਘੁਟਾਲੇ ਸੰਬੰਧੀ ਉਨ੍ਹਾ ਕੋਲ ਸਾਰੇ ਦਸਤਾਵੇਜ਼ ਹਨ ਤੇ ਇਸ ਸੰਬੰਧੀ ਕੌਂਸਲ ਦੇ ਅਧਿਕਾਰੀ ਕੋਈ ਕਾਰਵਾਈ ਕਰਨ ਤੋਂ ਕੰਨੀ ਕਤਰਾ ਰਹੇ ਹਨ। ਉਨ੍ਹਾ ਕਿਹਾ ਕਿ ਇਸ ਨਾਲੇ ਦੀ ਉਸਾਰੀ ਸੰਬੰਧੀ 50 ਲੱਖ ਰੁਪਏ ਖਰਚਣ ਦੀ ਤਜਵੀਜ਼ ਸੀ ਪਰ ਇਸ ਸੰਬੰਧੀ ਕੋਈ ਰਕਮ ਖਰਚੀ ਨਹੀਂ ਗਈ ਅਤੇ ਫਰਜ਼ੀ ਤੌਰ 'ਤੇ 70 ਪ੍ਰਤੀਸ਼ਤ ਦੀ ਅਦਾਇਗੀ ਹੋ ਚੁੱਕੀ ਹੈ।

ਉਨ੍ਹਾ ਕਿਹਾ ਕਿ ਉਹ ਇਸ ਘਪਲੇ ਦੇ ਸੰਬੰਧ ਵਿੱਚ ਮੁੱਖ ਮੰਤਰੀ ਪੰਜਾਬ ਨੂੰ ਸ਼ਿਕਾਇਤ ਕਰਕੇ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਜਦੋਂ ਤੱਕ ਇਸ ਘੋਟਾਲੇ ਦੇ ਸੰਬੰਧ ਵਿੱਚ ਕੋਈ ਕਾਰਵਾਈ ਨਹੀਂ ਹੁੰਦੀ, ਉਦੋਂ ਤੱਕ ਸੰਘਰਸ਼ ਜਾਰੀ ਰੱਖਣਗੇ।

ਇਸ ਸੰਬੰਧ ਵਿੱਚ ਕੌਂਸਲ ਦੇ ਉਪ ਪ੍ਰਧਾਨ ਸੋਮਨਾਥ ਬੰਗੜ ਨੇ ਕਿਹਾ ਗੜ੍ਹਸ਼ੰਕਰ ਨੰਗਲ ਰੋਡ ਨਾਲੇ ਦਾ ਕੰਮ ਪ੍ਰਸ਼ਾਸਨ ਵੱਲੋਂ ਕਰਵਾਇਆ ਗਿਆ ਸੀ ਜਿਸ ਵਿੱਚ ਇਹ ਨਾਲਾ ਟਰੱਕ ਯੂਨੀਅਨ ਦੇ ਕੋਲ ਬਣਾਇਆ ਗਿਆ ਸੀ। ਉਨ੍ਹਾ ਕਿਹਾ ਕਿ ਜੇਕਰ ਇਸ ਸੰਬੰਧੀ ਕਿਸੇ ਵੀ ਤਰ੍ਹਾਂ ਦਾ ਘੋਟਾਲਾ ਸਾਹਮਣੇ ਆਇਆ ਤਾਂ ਕਾਰਵਾਈ ਕਰਵਾਈ ਜਾਵੇਗੀ।

# ਜ਼ਿਲ੍ਹਾ ਪ੍ਰਸ਼ਾਸਨ ਦੀ ਦੇਖ-ਰੇਖ ਹੇਠ ਚੱਲ ਰਿਹਾ ਕੈਟਲ ਪਾਊਂਡ ਬੰਦ ਹੋਣ ਕਿਨਾਰੇ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਜ਼ਿਲ੍ਹਾ ਪ੍ਰਸ਼ਾਸਨ ਦੀ ਦੇਖ-ਰੇਖ ਹੇਠ ਪਿੰਡ ਸੁੱਖੋਮਾਜਰਾ ਵਿਖੇ ਪੰਚਾਇਤੀ ਜਮੀਨ 'ਚ ਚੱਲ ਰਹੇ ਸਰਕਾਰੀ ਕੈਟਲ ਪਾਊਂਡ ਦੇ ਪ੍ਰਬੰਧਾਂ ਪ੍ਰਤੀ ਪ੍ਰਸ਼ਾਸਨ ਵੱਲੋਂ ਧਿਆਨ ਨਾ ਦਿੱਤੇ ਜਾਣ ਅਤੇ ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਲੱਖਾਂ ਦੀ ਚਾਰੇ ਦੀ ਪੇਮੈਂਟ ਨਾ ਕੀਤੇ ਜਾਣ ਕਾਰਨ ਬੰਦ ਹੋਣ ਕਿਨਾਰੇ ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ ਸਬੰਧਿਤ ਗ੍ਰਾਮ ਪੰਚਾਇਤ ਸੁੱਖੋਮਾਜਰਾ ਨੂੰ ਉਸ ਸਮੇਂ ਜ਼ਿਲ੍ਹਾ ਪ੍ਰਸ਼ਾਸਨ ਨੇ ਪਿੰਡ ਨੂੰ ਆਮਦਨ ਹੋਣ ਦਾ ਭਰੋਸਾ ਦਿੰਦਿਆਂ ਕੈਟਲ ਪਾਊਂਡ ਲਈ ਕਰੀਬ 1 ਲੱਖ 40 ਹਜ਼ਾਰ ਰੁਪਏ ਪ੍ਰਤੀ ਸਾਲ 10 ਫੀਸਦੀ ਵਧਾ ਕੇ ਲੀਜ਼ ਰਾਸ਼ੀ ਦੇਣ ਦਾ ਐਗਰੀਮੈਂਟ ਲਿਖਿਆ ਸੀ। ਮਗਰ 20 ਏਕੜ ਜ਼ਮੀਨ ਦੇ ਏਵਜ਼ 'ਚ ਪੰਚਾਇਤ ਨੂੰ 7 ਸਾਲਾਂ 'ਚ ਕੇਵਲ 1 ਸਾਲ ਹੀ ਲੀਜ਼ ਰਾਸ਼ੀ ਹਾਸਿਲ ਹੋਈ ਹੈ। ਜ਼ਿਕਰਯੋਗ ਹੈ ਕਿ 2016 'ਚ ਅਕਾਲੀ-ਭਾਜਪਾ ਸਰਕਾਰ ਸਮੇਂ ਸੁੱਖੋਮਾਜਰਾ ਵਿਖੇ ਸਰਕਾਰੀ ਕੈਟਲ ਪਾਊਂਡ ਬਣਾਇਆ ਗਿਆ ਸੀ। ਜਿੱਥੇ ਪਸ਼ੂਆਂ ਦੀ ਸੰਭਾਲ ਲਈ ਚਾਰੇ ਤੇ ਤੂੜੀ ਦੇ ਪ੍ਰਬੰਧ ਲਈ ਹਰ ਮਹੀਨੇ ਸਹਾਇਤਾ ਰਾਸ਼ੀ ਭੇਜੀ ਜਾਣ ਲੱਗੀ। ਇਸ ਦੌਰਾਨ ਕਈ ਸਾਲਾਂ ਤੱਕ ਪਸ਼ੂ ਪਾਲਣ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਅਨੰਤ ਰਾਮ ਨੇ ਲੋਕਾਂ ਦੇ ਸਹਿਯੋਗ ਨਾਲ ਗਊਸ਼ਾਲਾ ਦਾ ਪ੍ਰਬੰਧ ਚਲਾਇਆ। ਮਗਰ ਬਾਅਦ 'ਚ ਵੱਖ-ਵੱਖ ਪੰਚਾਇਤਾਂ ਦੀ ਬੇਨਤੀ 'ਤੇ



ਸਵਾਮੀ ਅਨਮੋਲਕਾ ਨੰਦ ਦੀ ਸਰਪ੍ਰਸਤੀ ਹੇਠ ਚੱਲ ਰਹੇ ਮਸਤ ਬਾਬਾ ਸ਼ਾਮ ਮਹਾਰਾਜ ਲੋਕ ਭਲਾਈ ਸੇਵਾ ਦਲ ਝੱਜ ਵੱਲੋਂ ਸਾਲ 2021 ਤੋਂ ਉਕਤ ਗਊਸ਼ਾਲਾ ਦਾ ਪ੍ਰਬੰਧ ਦੇਖਿਆ ਜਾਣ ਲੱਗਾ। ਸੇਵਾ ਦਲ ਦੇ ਪ੍ਰਧਾਨ ਬਲਜੀਤ ਚੌਧਰੀ ਨੇ ਕੈਟਲ ਪਾਊਂਡ ਦੀ 20 ਏਕੜ ਜ਼ਮੀਨ 'ਚੋਂ 16 ਏਕੜ ਜ਼ਮੀਨ ਨੂੰ ਲੋਕਾਂ ਦੀ ਮੱਦਦ ਨਾਲ ਸਾਢੇ 4 ਲੱਖ ਰੁਪਏ ਖਰਚ ਕਰਕੇ ਪੱਧਰਾ ਕਰਵਾਇਆ ਤੇ ਪਸ਼ੂਆਂ ਦੇ ਚਾਰੇ ਦਾ ਪ੍ਰਬੰਧ ਕੀਤਾ ਜਾਣ ਲੱਗਾ। ਇਸਦੇ ਨਾਲ ਹੀ ਸੇਵਾ ਦਲ ਵੱਲੋਂ ਗਊਸ਼ਾਲਾ ਤੱਕ 1 ਕਿਲੋਮੀਟਰ ਸੜਕ, ਗਊਆਂ ਲਈ 4 ਸ਼ੈਡਾਂ, 10 ਵਾੜਿਆਂ ਅਤੇ 10 ਖੁਰਲੀਆਂ ਦਾ ਨਿਰਮਾਣ ਕਰਵਾਇਆ ਗਿਆ। ਹੌਲੀ-ਹੌਲੀ ਹੋਰਨਾਂ ਸਥਾਨਾਂ ਤੋਂ ਅਵਾਰਾ ਪਸ਼ੂਆਂ ਦੇ ਇਸ ਕੈਟਲ ਪਾਊਂਡ 'ਚ ਆਉਣ 'ਤੇ ਉਨਾਂ ਦੀ ਸੰਖਿਆ 500 ਤੱਕ ਪਹੁੰਚ ਗਈ। ਮਗਰ ਪ੍ਰਸ਼ਾਸਨ ਨੇ ਗਊਸ਼ਾਲਾ ਦੇ ਪ੍ਰਬੰਧਾਂ ਤੋਂ ਆਪਣੇ ਹੱਥ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ। ਜਿਸ ਨਾਲ ਹੁਣ ਪਸ਼ੂਆਂ ਦੀ ਸੰਖਿਆ ਵੀ ਘੱਟ ਕੇ ਹੁਣ 308 ਰਹਿ ਗਈ ਹੈ। ਉਨਾਂ ਦੱਸਿਆ ਕਿ ਸੇਵਾ ਦਲ ਵੱਲੋਂ ਗਊਸ਼ਾਲਾ ਦਾ ਕੰਮ ਸੰਭਾਲਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 21 ਮਹੀਨਿਆਂ ਦੌਰਾਨ ਕੇਵਲ 3 ਵਾਰ 'ਚ 13 ਕੁ ਲੱਖ ਰੁਪਏ ਦੀ ਅਦਾਇਗੀ ਕੀਤੀ ਗਈ। ਜਦਕਿ ਤੂੜੀ ਤੇ ਚਾਰੇ ਦੇ ਬਿੱਲਾਂ ਦੀ ਰਹਿੰਦੀ ਕਰੀਬ 60 ਲੱਖ ਦੀ ਰਾਸ਼ੀ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ ਅਤੇ ਸੰਗਤਾਂ ਆਪਣੇ ਬਲਬੂਤੇ ਹੀ ਚਾਰੇ ਸਹਿਤ ਹੋਰ ਪ੍ਰਬੰਧ ਕਰ ਰਹੀਆਂ ਹਨ। ਪ੍ਰਸ਼ਾਸ਼ਨ ਵੱਲੋਂ ਗਊਸ਼ਾਲਾ ਵਿਖੇ ਰੱਖੇ 8 ਸੇਵਾਦਾਰਾਂ ਨੂੰ ਵੀ 21 ਮਹੀਨਿਆਂ ਦਾ ਮਿਹਨਤਾਨਾ ਜੋ ਕਰੀਬ 11 ਲੱਖ ਰੁਪਏ ਬਣਦਾ ਹੈ ਨਹੀਂ ਦਿੱਤਾ ਗਿਆ। ਪ੍ਰਤੀ ਮਹੀਨਾ ਪਸ਼ੂਆਂ ਦੇ ਚਾਰੇ ਦੇ ਪ੍ਰਬੰਧ ਲਈ ਕਰੀਬ 5 ਤੋਂ 6 ਲੱਖ ਰੁਪਏ ਖਰਚ ਆਉਂਦਾ ਹੈ। ਗਊਸ਼ਾਲਾ ਵਿਖੇ ਚੱਲ ਰਿਹਾ ਪੁਰਾਣਾ ਪਾਣੀ ਵਾਲਾ ਬੋਰ ਲੱਗਭੱਗ ਫੇਲ੍ਹ ਹੋ ਚੁੱਕਾ ਹੈ ਜਿਸ ਨਾਲ ਗਰਮੀਆਂ 'ਚ ਪਾਣੀ ਦਾ ਸੰਕਟ ਪੈਦਾ ਹੋ ਜਾਵੇਗਾ।

ਉਨਾਂ ਦੱਸਿਆ ਕਿ ਡੀ.ਸੀ ਸੋਨਾਲੀ ਗਿਰੀ ਵੱਲੋਂ ਉਨਾਂ ਨੂੰ ਨਵੇਂ ਬੋਰ ਲਈ 15 ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਹੋਣ ਸਬੰਧੀ ਦੱਸਿਆ ਗਿਆ ਸੀ ਪਰੰਤੂ ਉਨ੍ਹਾਂ ਦੇ ਤਬਾਦਲੇ ਉਪਰੰਤ ਹੁਣ ਉਕਤ ਕੰਮ ਵੀ ਖਟਾਈ 'ਚ ਪੈ ਗਿਆ ਜਾਪਦਾ ਹੈ। ਲੋਕ ਭਲਾਈ ਸੇਵਾ ਦਲ ਦੇ ਸਰਪ੍ਰਸਤ ਸਵਾਮੀ ਅਨਮੋਲਕਾ ਨੰਦ ਤੇ ਪ੍ਰਧਾਨ ਬਲਜੀਤ ਚੌਧਰੀ ਨੇ ਪ੍ਰਸ਼ਾਸਨ ਨੂੰ ਇਕ ਹਫ਼ਤੇ ਦਾ ਸਮਾਂ ਦਿੰਦਿਆਂ ਕਿਹਾ ਕਿ ਅਗਰ ਇਸ ਦੌਰਾਨ ਸਮੁੱਚੇ ਚਾਰੇ ਦੇ ਬਿੱਲਾਂ ਦੀ ਅਦਾਇਗੀ, ਚਾਰੇ ਦੀ ਸੰਭਾਲ ਲਈ ਵੱਡੀ ਸ਼ੈੱਡ, ਪਾਣੀ ਵਾਲਾ ਬੋਰ ਅਤੇ ਸੇਵਾਦਾਰਾਂ ਦੇ ਮਿਹਨਤਾਨੇ ਦੇ ਭੁਗਤਾਨ ਸਹਿਤ ਹੋਰਨਾਂ ਮਸਲਿਆਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਗਿਆ ਤਾਂ ਉਕਤ ਕੈਟਲ ਪਾਊਂਡ ਦੇ ਸਮੁੱਚੇ ਪ੍ਰਬੰਧ ਪ੍ਰਸ਼ਾਸ਼ਨ ਹਵਾਲੇ ਕਰ ਦਿੱਤੇ ਜਾਣਗੇ। ਜਿਸ ਤੋਂ ਬਾਅਦ ਗਊਆਂ ਤੇ ਪਸ਼ੂਆਂ ਦੀ ਸੰਭਾਲ ਦੀ ਜ਼ਿੰਮੇਵਾਰੀ ਪ੍ਰਸ਼ਾਸ਼ਨ ਦੀ ਹੋਵੇਗੀ।

## ਰੋਟਰੀ ਸਾਲ 2023-24 ਦੇ ਲਈ ਯੋਗੇਸ਼ ਚੰਦਰ ਪ੍ਰਧਾਨ ਅਤੇ ਰਜਿੰਦਰ ਮੋਦਗਿਲ ਸਕੱਤਰ ਨਿਯੁਕਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰੋਟਰੀ ਕਲੱਬ ਆਫ ਹੁਸ਼ਿਆਰਪੁਰ ਦੀ ਵਿਸ਼ੇਸ਼ ਬੈਠਕ ਪ੍ਰਧਾਨ ਯੋਗੇਸ਼ ਚੰਦਰ ਦੀ ਪ੍ਰਧਾਨਗੀ ਵਿੱਚ ਆਯੋਜਿਤ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਾਬਕਾ ਜ਼ਿਲ੍ਹਾ ਗਵਰਨਰ ਅਰੁਣ ਜੈਨ ਅਤੇ ਰਵੀ ਜੈਨ ਮੌਜੂਦ ਹੋਏ। ਬੈਠਕ ਵਿੱਚ ਸਰਵਸੰਮਤੀ ਨਾਲ ਸਾਲ 2023-24 ਲਈ ਰੋਟੇਰੀਅਨ ਯੋਗੇਸ਼ ਚੰਦਰ ਨੂੰ ਇੱਕ ਵਾਰ ਫਿਰ ਕਲੱਬ ਦਾ ਪ੍ਰਧਾਨ ਬਣਾਇਆ ਗਿਆ ਅਤੇ ਰਾਜਿੰਦਰ ਮੋਦਗਿਲ ਨੂੰ ਸਕੱਤਰ ਦੇ ਅਹੁਦੇ ਦੀ ਜ਼ਿੰਮੇਦਾਰੀ ਸੌਂਪੀ ਗਈ। ਪ੍ਰਧਾਨ ਇਲੈਕਟ ਯੋਗੇਸ਼ ਚੰਦਰ ਅੰਮ੍ਰਿਤਸਰ ਵਿਖੇ ਪ੍ਰੈਜ਼ੀਡੈਂਟ ਇਲੈਕਟ ਮੀਟ ਵਿੱਚ ਭਾਗ ਲੈਣ ਲਈ ਜਾਣਗੇ। ਇਸ ਮੌਕੇ ਪ੍ਰਧਾਨ ਯੋਗੇਸ਼ ਚੰਦਰ ਨੇ ਕਲੱਬ ਵੱਲੋਂ ਪਿਛਲੇ ਸਾਲ ਕੀਤੇ ਗਏ ਪ੍ਰੋਜੈਕਟਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਅਤੇ ਮੈਂਬਰਾਂ ਨਾਲ ਵਿਚਾਰ ਕਰਕੇ ਅਗਲੇ ਸਾਲ ਦੇ ਕਾਰਜ ਤੈਅ ਕੀਤੇ। ਪ੍ਰਧਾਨ ਯੋਗੇਸ਼ ਨੇ ਦੱਸਿਆ ਕਿ ਰੋਟੇਰੀਅਨ ਰਾਜਿੰਦਰ ਮੋਦਗਿਲ ਰੋਟਰੀ ਫਾਊਂਡੇਸ਼ਨ ਦੁਆਰਾ ਆਪਣੇ ਯੋਗਦਾਨ ਦੁਆਰਾ ਪੀ ਐਚ ਐਫ (ਪਾਲ ਹੈਰਿਸ ਫੈਲੋ) ਬਣਾਏ ਗਏ ਹਨ। ਉਨ੍ਹਾਂ ਨੂੰ ਸਾਬਕਾ ਗਵਰਨਰ ਅਰੁਣ ਜੈਨ ਨੇ ਲੈਪਲ ਪਿਨ ਅਤੇ ਰੋਟਰੀ ਇੰਟਰਨੈਸ਼ਨਲ ਤੋਂ ਪ੍ਰਾਪਤ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਦੱਸਿਆ ਕਿ ਕਲੱਬ ਵਲੋਂ ਅੱਠ ਰੋਟੇਰੀਅਨ ਅਪ੍ਰੈਲ ਮਹੀਨੇ ਵਿੱਚ ਜੈਪੁਰ ਵਿੱਚ ਆਯੋਜਿਤ ਰੋਟਰੀ ਪ੍ਰੋਗਰਾਮ ਵਿੱਚ ਭਾਗ ਲੈਣਗੇ। ਇਸ ਮੌਕੇ ਰੋਟੇਰੀਅਨ ਅਰੁਣ ਜੈਨ, ਯੋਗੇਸ਼ ਚੰਦਰ, ਅਸ਼ੋਕ ਜੈਨ, ਰਵੀ ਜੈਨ, ਸੁਮਨ ਨੈਇਰ, ਓਮ ਕਾਂਤਾ, ਡਾ. ਰਣਜੀਤ, ਸੰਜੀਵ ਕੁਮਾਰ, ਨਰੇਸ਼ ਜੈਨ ਅਤੇ ਵਿਸ਼ਾਲ ਸੈਦੀ ਹਾਜ਼ਰ ਸਨ।

# ਚੱਢਾ ਨੇ ਆਜ਼ਮਪੁਰ 'ਚ ਸਿੰਚਾਈ ਟਿਊਬਵੈੱਲ ਦਾ ਰੱਖਿਆ ਨੀਂਹ ਪੱਥਰ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਪਿੰਡ ਆਜ਼ਮਪੁਰ ਵਿਖੇ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ ਲਿਮਟਿਡ ਵੱਲੋਂ ਕਰੀਬ 30 ਲੱਖ ਦੀ ਲਾਗਤ ਨਾਲ ਲਗਾਏ ਜਾ ਰਹੇ ਸਿੰਚਾਈ ਵਾਲੇ ਟਿਊਬਵੈੱਲ ਦਾ ਅੱਜ ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਨੀਂਹ ਪੱਥਰ ਰੱਖਿਆ।

ਇਸ ਮੌਕੇ ਸਮਾਗਮ ਦੌਰਾਨ ਵਿਧਾਇਕ ਚੱਢਾ ਨੇ ਆਖਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਹਰ ਸਮੱਸਿਆ ਨੂੰ ਸੰਜੀਦਗੀ ਨਾਲ ਲੈ ਰਹੀ ਹੈ। ਜਿਸ ਤਹਿਤ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕਿਸਾਨ ਸੰਗਠਨਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਦਿਆਂ ਬੈਠਕਾਂ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਚੱਢਾ ਨੇ ਕਿਹਾ ਕਿ ਅਗਰ ਸਾਡਾ ਅੰਨਦਾਤਾ ਖ਼ੁਸ਼ ਰਹੇਗਾ ਤਦ ਹੀ ਦੇਸ਼ ਦੀ ਆਰਥਕਤਾ ਸੁਧਰੇਗੀ। ਉਨ੍ਹਾ ਕਿਹਾ ਕਿ 502 ਨੰਬਰ ਡੂੰਘੇ ਟਿਊਬਵੈੱਲ ਸਕੀਮ ਤਹਿਤ ਅਗਾਮੀ ਦਿਨਾਂ 'ਚ ਨੂਰਪੁਰਬੇਦੀ ਖੇਤਰ 'ਚ ਕਰੀਬ ਡੇਢ ਦਰਜਨ ਤੋਂ ਵੀ ਵੱਧ ਸਿੰਚਾਈ ਵਾਲੇ ਟਿਊਬਵੈੱਲ ਲਗਾਏ ਜਾਣਗੇ। ਜਿਨ੍ਹਾਂ ਦੀ ਟੈਂਡਰ ਪ੍ਰਕਿਰਿਆ ਪੂਰੀ ਹੋਣ ਉਪਰੰਤ ਕਰੀਬ 4 ਟਿਊਬਵੈੱਲਾਂ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਹੈ। ਜਦਕਿ ਬਾਕੀ ਟਿਊਬਵੈੱਲਾਂ ਦਾ ਕੰਮ ਆਰੰਭ ਕਰਵਾਉਣ ਤੋਂ ਪਹਿਲਾਂ ਉਕਤ ਸਥਾਨਾਂ ਦਾ ਵਿਭਾਗ ਵੱਲੋਂ ਸਰਵੇ ਕੀਤਾ ਜਾ ਰਿਹਾ ਹੈ। ਵਿਧਾਇਕ ਚੱਢਾ ਨੇ ਦੱਸਿਆ ਕਿ ਉਕਤ ਟਿਊਬਵੈੱਲ ਦਾ ਬੋਰ ਕਰੀਬ 225 ਮੀਟਰ ਕੀਤਾ ਜਾਵੇਗਾ ਅਤੇ ਜਿਸ ਨਾਲ ਕਰੀਬ 100 ਏਕੜ ਤੋਂ ਵੀ ਵੱਧ ਰਕਬੇ ਨੂੰ ਸਿੰਚਾਈ ਅਧੀਨ ਲਿਆਂਦਾ ਜਾ ਸਕੇਗਾ। ਉਨ੍ਹਾ ਕਿਹਾ ਕਿ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਆਪਣੀ ਦੇਖ-ਰੇਖ ਹੇਠ ਇਨ੍ਹਾਂ ਟਿਊਬਵੈੱਲਾਂ ਦੇ ਬੋਰ ਕਰਨ ਦਾ ਤੇਜ਼ੀ ਨਾਲ ਕੰਮ ਆਰੰਭਿਆ ਗਿਆ ਹੈ। ਵਿਭਾਗ ਦੇ ਜੂਨੀਅਰ ਇੰਜੀਨੀਅਰ ਸੁੱਖਪ੍ਰੀਤ ਸਿੰਘ ਨੇ ਦੱਸਿਆ ਕਿ ਉਕਤ ਪਿੰਡ ਦਾ ਜਿਹੜਾ ਸਿੰਚਾਈ ਵਾਲਾ ਬੋਰ ਫੇਲ੍ਹ ਹੋਇਆ ਸੀ, ਦੇ ਸਥਾਨ 'ਤੇ ਹੀ ਉਕਤ ਨਵਾਂ ਟਿਊਬਵੈੱਲ ਲਗਾਇਆ ਜਾ ਰਿਹਾ ਹੈ। ਜਿਸ 'ਤੇ ਅੱਜ ਤੋਂ ਕਾਰਜ ਆਰੰਭ ਦਿੱਤਾ ਗਿਆ ਹੈ। ਸਮੂਹ ਪਿੰਡ ਵਾਸੀਆਂ ਨੇ ਵਿਧਾਇਕ ਚੱਢਾ ਦਾ ਇਸ ਕਾਰਜ ਲਈ ਧੰਨਵਾਦ ਕਰਦਿਆਂ ਸਨਮਾਨ ਕੀਤਾ। ਇਸ ਮੌਕੇ ਜਸਵੀਰ ਸਿੰਘ, ਜੀਤ ਰਾਮ, ਮੁਕੇਸ਼ ਚੌਧਰੀ, ਰਾਮ ਪ੍ਰਸਾਦ ਪਾਲੀ, ਦੀਪਕ ਪੁਰੀ, ਦਰਸ਼ਨ ਸਿੰਘ, ਰਵਿੰਦਰ ਧਾਂਦੀ, ਰਾਮ ਪ੍ਰਤਾਪ ਸਰਥਲੀ, ਮਾ. ਮਨੋਹਰ ਲਾਲ, ਗੁਰਦੀਪ ਮਾਣਕ ਅਤੇ ਨਰਿੰਦਰ ਚਾਹਲ ਸਹਿਤ ਪਿੰਡ ਵਾਸੀ ਹਾਜ਼ਰ ਸਨ।

# ਮੇਲੇ ਦੇ ਦੂਸਰੇ ਦਿਨ ਲੋਕ ਨਾਚਾਂ ਨੇ ਦਰਸ਼ਕ ਲਾਏ ਝੂਮਣ






**ਹੁਸ਼ਿਆਰਪੁਰ (ਓ ਪੀ ਰਾਣਾ)**-'ਵਿਰਸਾ ਹੁਸ਼ਿਆਰਪੁਰ ਦਾ' ਮੇਲਾ ਅੱਜ ਲੋਕ ਨਾਚਾਂ ਦੇ ਨਾਂਅ ਰਿਹਾ। ਇਸ ਦੌਰਾਨ ਵੱਖ-ਵੱਖ ਕਲਾਕਾਰਾਂ ਤੋਂ ਇਲਾਵਾ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਜੇ ਐਸ ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਬੱਚਿਆਂ ਨੇ ਸ਼ਾਨਦਾਰ ਪੇਸ਼ਕਾਰੀਆਂ ਰਾਹੀਂ ਖ਼ੂਬ ਤਾੜੀਆਂ ਬਟੋਰੀਆਂ। ਬੱਚਿਆਂ ਅਤੇ ਵੱਡਿਆਂ ਨੇ ਮੇਲੇ ਵਿੱਚ ਊਠ ਦੀ ਸਵਾਰੀ ਅਤੇ ਝੂਲਿਆਂ ਦਾ ਵੀ ਕਾਫੀ ਆਨੰਦ ਮਾਣਿਆ। ਇਸ ਦੌਰਾਨ ਬ੍ਰਜ ਦੀ ਹੋਲੀ, ਭੰਗੜਾ, ਗਿੱਧਾ ਖਿੱਚ ਦਾ ਕੇਂਦਰ ਰਹੇ। ਦੂਸਰੇ ਦਿਨ ਅੱਜ ਹਜ਼ਾਰਾਂ ਲੋਕ ਪਹੁੰਚੇ ਅਤੇ ਉਨ੍ਹਾਂ ਇਸ ਮੇਲੇ ਦਾ ਭਰਪੂਰ ਆਨੰਦ ਲਿਆ। ਸੱਭਿਆਚਾਰਕ ਰੰਗ ਬਿਖੇਰਦੇ ਇਸ ਮੇਲੇ ਵਿੱਚ 100 ਤੋਂ ਵੱਧ ਲੱਗੇ ਸਟਾਲਾਂ ਤੋਂ ਵੱਖ-ਵੱਖ ਵਸਤਾਂ ਦੀ ਖ਼ਰੀਦਦਾਰੀ ਲਈ ਲੋਕਾਂ ਦੀ ਭੀੜ ਲੱਗੀ ਰਹੀ। ਇਸ ਦੌਰਾਨ ਫੂਡ ਕੋਰਟ ਵਿੱਚ ਬਣੇ ਵੱਖ-ਵੱਖ ਸਟਾਲਾਂ 'ਤੇ ਲੋਕਾਂ ਨੇ ਵੱਖ-ਵੱਖ ਪਕਵਾਨਾਂ ਦਾ ਸਵਾਦ ਵੀ ਚੱਖਿਆ। ਇਸ ਤੋਂ ਇਲਾਵਾ ਦੇਰ ਸ਼ਾਮ ਮੇਲੇ ਵਿੱਚ ਕਲਾਕਾਰਾਂ ਵੱਲੋਂ ਦਿੱਤੀਆਂ ਗਈਆਂ ਸ਼ਾਨਦਾਰ ਪੇਸ਼ਕਾਰੀਆਂ ਦਾ ਲੋਕਾਂ ਨੇ ਖ਼ੂਬ ਆਨੰਦ ਮਾਣਿਆ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਲੋਕਾਂ ਦੀ ਭੀੜ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਆਪਣੇ ਸੱਭਿਆਚਾਰ ਅਤੇ ਵਿਰਸੇ ਨੂੰ ਕੋਲੋਂ ਦੇਖਣਾ ਚਾਹੁੰਦੇ ਹਨ। ਉਨ੍ਹਾ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਰੇ ਪਰਵਾਰਾਂ ਨਾਲ ਇਸ ਮੇਲੇ ਵਿੱਚ ਆਉਣ, ਤਾਂ ਜੋ ਆਪਣੀ ਅਮੀਰ ਵਿਰਾਸਤ ਤੋਂ ਜਾਣੂ ਹੋਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਖ-ਵੱਖ ਕਲਾਕਾਰਾਂ ਤੇ ਕਾਰੀਗਰ ਇਸ ਮੇਲੇ ਵਿੱਚ ਪਹੁੰਚੇ ਹਨ।

ਉਨ੍ਹਾ ਕਿਹਾ ਕਿ ਜਿਥੇ ਕਾਰੀਗਰਾਂ ਵੱਲੋਂ ਆਪਣੇ ਹੱਥਾਂ ਨਾਲ ਬਣਾਈਆਂ ਵਸਤਾਂ ਦੀ ਵਿਕਰੀ ਕੀਤੀ ਜਾ ਰਹੀ ਹੈ, ਉਥੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਇਹ ਮੇਲਾ 7 ਮਾਰਚ ਤੱਕ ਚੱਲੇਗਾ ਅਤੇ ਲੋਕ ਰੋਜ਼ਾਨਾ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਮੇਲੇ ਵਿੱਚ ਆ ਸਕਦੇ ਹਨ। ਉਨ੍ਹਾ ਦੱਸਿਆ ਕਿ 5 ਮਾਰਚ ਨੂੰ ਜਿਥੇ ਵੱਖ-ਵੱਖ ਪੇਸ਼ਕਾਰੀਆਂ ਹੋਣਗੀਆਂ, ਉਥੇ ਸ਼ਾਮ 7 ਵਜੇ ਪ੍ਰਸਿੱਧ ਪੰਜਾਬੀ ਗਾਇਕ ਸਤਿੰਦਰ ਸਰਤਾਜ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਤੋਂ ਇਲਾਵਾ ਰੈੱਡ ਕਰਾਸ ਵੱਲੋਂ ਲੱਕੀ ਡਰਾਅ ਵੀ ਕੱਢੇ ਜਾਣਗੇ। ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖ਼ੁਦ ਵੀ 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਵਿੱਚ ਆਉਣ ਅਤੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਵੀ ਇਥੇ ਆਉਣ ਲਈ ਪ੍ਰੇਰਿਤ ਕਰਨ, ਤਾਂ ਜੋ ਇਥੇ ਪਹੁੰਚੇ ਕਲਾਕਾਰਾਂ ਅਤੇ ਕਾਰੀਗਰਾਂ ਦਾ ਹੌਸਲਾ ਵਧਾਇਆ ਜਾ ਸਕੇ।

## ਬੱਸਾਂ ਨਾ ਰੁਕਣ ਕਾਰਨ ਵਿਦਿਆਰਥੀ ਪ੍ਰੇਸ਼ਾਨ ਹਨ

**ਮਾਹਿਲਪੁ (ਸਫਰੀ)**- ਬਲਾਕ ਗੜ੍ਹਸ਼ੰਕਰ ਦੇ ਅਧੀਨ ਪੈਂਦੇ ਪੱਦੀ ਸੂਰਾ ਸਿੰਘ ਦੇ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ ਪੜ੍ਹਨ ਜਾਂਦੇ ਵੱਖ ਵੱਖ ਪਿੰਡਾਂ ਜਿਵੇਂ ਪਦਰਾਣਾ, ਸਤਨੌਰ, ਬਡੇਸਰੋਂ, ਸਲੇਮਪੁਰ ਆਦਿ ਪਿੰਡਾਂ ਦੇ ਵਿਦਿਆਰਥੀਆਂ ਨੂੰ ਟਾਇਮ ਸਿਰ ਬੱਸਾਂ ਨਾ ਮਿਲਣ ਕਾਰਨ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਾਣਕਾਰੀ ਦਿੰਦਿਆਂ ਪੱਦੀ ਸੂਰਾ ਸਿੰਘ ਸਕੂਲ ਦੇ ਵਿਦਿਆਰਥੀ ਰਿਤਿਕ ਚੌਹਾਨ ਅਤੇ ਅਮਨਦੀਪ ਚੌਹਾਨ ਨੇ ਦੱਸਿਆ ਕਿ ਜਿਹੜੇ ਵਿਦਿਆਰਥੀ ਸਤਨੌਰ ਬੱਸ ਸਟੈਂਡ ਤੋਂ ਸਕੂਲ ਜਾਣ ਲਈ ਬੱਸੇ ਚੜ੍ਹਦੇ ਹਨ, ਕੁਝ ਪ੍ਰਾਈਵੇਟ ਬੱਸਾਂ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਨੇੜੇ ਪੱਦੀ ਪੋਅ ਦੇ ਗੇਟ 'ਤੇ ਉਤਾਰਨ ਦੀ ਬਜਾਏ ਜਾਣਬੁੱਝ ਕੇ ਸੈਲਾ ਖੁਰਦ ਦੇ ਬੱਸ ਸਟੈਂਡ 'ਤੇ ਉਤਾਰਦੇ ਹਨ ਅਤੇ ਵਿਦਿਆਰਥੀਆਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ। ਰਿਤਿਕ ਚੌਹਾਨ ਅਤੇ ਅਮਨਦੀਪ ਚੌਹਾਨ ਨੇ ਦੱਸਿਆ ਕਿ ਸਕੂਲ ਦਾ ਪੂਰਾ ਸਟਾਫ ਬੱਚਿਆਂ ਨੂੰ ਬੜੀ ਮਿਹਨਤ ਅਤੇ ਲਗਨ ਨਾਲ ਪੜ੍ਹਾਉਂਦਾ ਹੈ ਅਤੇ ਸਕੂਲ ਦਾ ਸਟਾਫ ਵਧੀਆ ਹੋਣ ਕਾਰਨ ਸਕੂਲ ਵਿੱਚ ਦਿਨੋ ਦਿਨ ਬੱਚਿਆਂ ਦੀ ਗਿਣਤੀ ਵਧ ਰਹੀ ਹੈ। ਗੁਰਨੇਕ ਸਿੰਘ ਭੱਜਲ ਨੇ ਕਿਹਾ ਵਿਦਿਆਰਥੀਆਂ ਦੀ ਮੁਸ਼ਕਲ ਨੂੰ ਹੱਲ ਕਰਵਾਉਣ ਲਈ ਬੜੀ ਜਲਦੀ ਨਾਲ ਰੋਡਵੇਜ਼ ਦੇ ਜੀ ਐਮ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਜਾਵੇਗਾ ਤਾਂ ਕਿ ਬੱਚਿਆਂ ਨੂੰ ਸਕੂਲ ਜਾਣ ਅਤੇ ਆਉਣ ਸਮੇਂ ਬੱਸਾਂ ਪੱਦੀ ਪੋਅ ਗੇਟ 'ਤੇ ਰੋਕੀਆਂ ਜਾਣ।

# ਨਾਲਸਾ ਸਕੀਮਾਂ ਦੀ ਜਾਗਰੂਕਤਾ ਲਈ ਵੈਨ ਕੀਤੀ ਰਵਾਨਾ



**ਹੁਸ਼ਿਆਰਪੁਰ (ਓ ਪੀ ਰਾਣਾ )**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ, ਮੁਹਾਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁਫਤ ਕਾਨੂੰਨੀ ਸਹਾਇਤਾ ਦਾ ਪ੍ਰਚਾਰ ਕਰਨ ਅਤੇ ਆਉਣ ਵਾਲੀ ਕੌਮੀ ਲੋਕ ਅਦਾਲਤ 13 ਮਈ 2023 ਦਾ ਪ੍ਰਚਾਰ ਕਰਨ ਲਈ ਦਿਲਬਾਗ ਸਿੰਘ ਜੌਹਲ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵੱਲੋਂ ਟਰੈਵਲਰ ਵੈਨ ਰਾਹੀਂ ਨਾਲਸਾ ਦੀਆਂ ਸਕੀਮਾਂ ਦਾ ਵੱਖ ਵੱਖ ਪਿੰਡ ਅਤੇ ਸ਼ਹਿਰੀ ਖੇਤਰਾਂ ਵਿੱਚ ਪ੍ਰਚਾਰ ਕਰਨ ਲਈ ਹਰੀ ਝੰਡੀ ਦਿੱਤੀ ਗਈ। ਇਸ ਮੌਕੇ ਜਤਿੰਦਰ ਪਾਲ ਸਿੰਘ ਖੁਰਮੀ ਵਧੀਕ ਸੈਸ਼ਨ ਜੱਜ, ਹੁਸ਼ਿਆਰਪੁਰ, ਪੁਨੀਤ ਮੋਹਨ ਸ਼ਰਮਾ ਵਧੀਕ ਸ਼ੈਸ਼ਨ ਜੱਜ, ਹੁਸ਼ਿਆਰਪੁਰ ਅਤੇ ਅਪਰਾਜਿਤਾ ਜੋਸ਼ੀ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵੀ ਨਾਲ ਮੌਜੂਦ ਸਨ। ਇਹ ਟਰੈਵਲਰ ਵੈਨ 16 ਮਾਰਚ ਤੱਕ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਦੇ ਨਾਲ ਨਾਲ ਮੁਫਤ ਕਾਨੂੰਨੀ ਸਹਾਇਤਾ, ਲੋਕ ਅਦਾਲਤਾਂ, ਸਥਾਈ ਲੋਕ ਅਦਾਲਤ (ਜਨਉਪਯੋਗੀ ਸੇਵਾਵਾਂ) ਮੇਡੀਏਸ਼ਨ ਅਤੇ ਕੰਸਲੀਏਸ਼ਨ ਸੈਂਟਰ ਦਾ ਪ੍ਰਚਾਰ ਕਰੇਗੀ ਤਾਂ ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਸਕੀਮਾਂ ਪ੍ਰਤੀ ਜਾਗਰੂਕ ਹੋਣ। ਇਸ ਟਰੈਵਲਰ ਵੈਨ ਦਾ ਮੁੱਖ ਉਦੇਸ਼ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਸੰਬੰਧੀ, ਨਾਲਸਾ ਵੱਲੋਂ ਜਾਰੀ ਕੀਤੀਆਂ ਗਈਆਂ ਸਕੀਮਾਂ ਅਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕਰਨਾ ਹੈ। ਇਸ ਦੇ ਨਾਲ ਕੌਮੀ ਲੋਕ ਅਦਾਲਤਾਂ ਜੋ ਕਿ ਜ਼ਿਲ੍ਹਾ ਪੱਧਰ ਅਤੇ ਸਬ ਡਵੀਜ਼ਨ ਪੱਧਰ 'ਤੇ ਲਗਾਈਆਂ ਜਾਣੀਆਂ ਹਨ, ਦੇ ਪ੍ਰਚਾਰ ਕਰਨ ਲਈ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾਵੇਗੀ ਅਤੇ ਲੋਕਾਂ ਨੂੰ ਇਨ੍ਹਾਂ ਅਦਾਲਤਾਂ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਜਾਵੇਗਾ।

ਇਸ ਮੌਕੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦੇ ਨਾਲ-ਨਾਲ ਪੈਨਲ ਐਡਵੋਕੇਟਸ, ਹੁਸ਼ਿਆਰਪੁਰ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦੇ ਸਮੂਹ ਸਟਾਫ ਨੇ ਇਸ ਟਰੈਵਲਰ ਵੈਨ ਨੂੰ ਸੈਸ਼ਨ ਕੋਰਟ ਕੰਪਲੈਕਸ, ਹੁਸ਼ਿਆਰਪੁਰ ਤੋਂ ਰਵਾਨਾ ਕੀਤਾ।

# ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਮੁੱਖ ਮੰਤਰੀ 'ਤੇ ਮੀਟਿੰਗ ਤੋਂ ਭੱਜਣ ਦਾ ਦੋਸ਼

**ਜਲੰਧਰ (ਨ ਜ਼ ਸ)**-ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਕੱਚੇ ਮੁਲਾਜ਼ਮਾਂ, ਰੈਗੂਲਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ 'ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ' ਵੱਲੋਂ 19 ਫਰਵਰੀ ਨੂੰ ਚੰਡੀਗੜ੍ਹ ਵਿਖੇ ਕੀਤੀ ਗਈ ਸੂਬਾਈ ਰੈਲੀ ਵਿੱਚ ਮੁੱਖ ਮੰਤਰੀ ਪੰਜਾਬ ਦੇ ਓ ਐਸ ਡੀ ਨਵਰਾਜ ਸਿੰਘ ਬਰਾੜ ਨੇ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕਰਦਿਆਂ 28 ਫਰਵਰੀ ਨੂੰ ਸਾਂਝੇ ਫਰੰਟ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਫਿਕਸ ਕਰਵਾਈ ਸੀ, ਪ੍ਰੰਤੂ 21 ਫਰਵਰੀ ਨੂੰ ਪੰਜਾਬ ਦੇ ਮੁੱਖ ਸਕੱਤਰ ਵੀ ਕੇ ਜੰਜੂਆ ਨਾਲ ਸਾਂਝੇ ਫਰੰਟ ਦੀ ਹੋਈ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਨਾਲ ਫਰੰਟ ਦੀ ਮੀਟਿੰਗ ਦਾ ਭਰੋਸਾ ਦੇਣ ਦੇ ਬਾਵਜੂਦ ਮੀਟਿੰਗ ਕਰਨ ਬਾਰੇ ਪੱਲਾ ਨਹੀਂ ਫੜਾਇਆ ਜਾ ਰਿਹਾ। ਪੰਜਾਬ ਸਰਕਾਰ ਵੱਲੋਂ ਸਾਂਝੇ ਫਰੰਟ ਨਾਲ ਮੀਟਿੰਗ ਕਰਨ ਤੋਂ ਭੱਜਣ ਕਾਰਨ ਸਾਂਝੇ ਫਰੰਟ ਦੀ ਸੂਬਾ ਕਮੇਟੀ ਵੱਲੋਂ ਇੱਕ ਹੰਗਾਮੀ ਮੀਟਿੰਗ ਕਰਕੇ ਫੈਸਲਾ ਕੀਤਾ ਗਿਆ ਕਿ ਪੰਜਾਬ ਵਿਧਾਨ ਸਭਾ ਦੇ 3 ਮਾਰਚ ਤੋਂ ਸ਼ੁਰੂ ਹੋ ਚੁੱਕੇ ਬਜਟ ਸੈਸ਼ਨ ਦੌਰਾਨ 10 ਮਾਰਚ ਨੂੰ ਪੰਜਾਬ ਦਾ ਬਜਟ ਪੇਸ਼ ਕੀਤਾ ਜਾਵੇਗਾ, ਜਿਸ ਕਾਰਨ ਸਮੂਹ ਪੈਨਸ਼ਨਰਾਂ, ਮੁਲਾਜ਼ਮਾਂ, ਕੱਚੇ ਵਰਕਰਾਂ, ਮਾਣਭੱਤਾ ਵਰਕਰਾਂ ਅਤੇ ਆਊਟਸੋਰਸ ਮੁਲਾਜ਼ਮਾਂ ਦੇ ਮੁੱਦਿਆਂ ਦੇ ਠੋਸ ਹੱਲ ਵਾਸਤੇ ਸਾਂਝੇ ਫਰੰਟ ਵੱਲੋਂ ਚੰਡੀਗੜ੍ਹ ਦੇ 17 ਸੈਕਟਰ ਵਿਖੇ 9 ਮਾਰਚ ਤੋਂ 11 ਮਾਰਚ ਤੱਕ ਵਿਧਾਨ ਸਭਾ ਸੈਸ਼ਨ ਦੇ ਸਮਾਨੰਤਰ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਸੈਸ਼ਨ ਸੱਦਿਆ ਜਾਵੇਗਾ, ਜਿਸ ਵਿੱਚ ਚਰਚਾ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹਕੀਕੀ ਮੁੱਦਿਆਂ ਨੂੰ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਸਾਂਝੇ ਫਰੰਟ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਗਾਰੰਟੀਆਂ ਦਿੱਤੀਆਂ ਗਈਆਂ ਸਨ ਕਿ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇਗਾ, ਸਾਰੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ, ਛੇਵੇਂ ਤਨਖਾਹ ਕਮਿਸ਼ਨ ਨੂੰ ਸੋਧ ਕੇ ਮੁਲਾਜ਼ਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ, ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਦੇ ਗੁਣਾਂਕ ਨਾਲ ਕੀਤੀ ਜਾਵੇਗੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇਗਾ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਵੀ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣਗੇ, ਪੇਂਡੂ ਭੱਤਾ, ਸਫਰੀ ਭੱਤਾ ਅਤੇ ਬਾਰਡਰ ਏਰੀਆ ਭੱਤੇ ਸਮੇਤ ਕੱਟੇ ਗਏ ਸਾਰੇ ਭੱਤੇ ਅਤੇ ਏ ਸੀ ਪੀ ਬਹਾਲ ਕੀਤੇ ਜਾਣਗੇ। ਪ੍ਰੰਤੂ ਇਹ ਸਾਰੇ ਮਾਮਲੇ ਅਜੇ ਤੱਕ ਜਿਉਂ ਦੇ ਤਿਉਂ ਖੜ੍ਹੇ ਹਨ, ਜਿਸ ਕਾਰਨ ਪੰਜਾਬ ਦੇ ਸਮੂਹ ਮੁਲਾਜ਼ਮ, ਪੈਨਸ਼ਨਰ, ਕੱਚੇ ਮੁਲਾਜ਼ਮ ਅਤੇ ਮਾਣਭੱਤਾ ਵਰਕਰ ਸਮਝਦੇ ਹਨ ਕਿ ਮੌਜੂਦਾ ਪੰਜਾਬ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਕਾਰਪੋਰੇਟ ਜਗਤ ਦੀ ਤਰਜਮਾਨੀ ਕਰਨ ਵਾਲੀ ਸਰਕਾਰ ਹੈ। ਅੱਜ ਦੀ ਮੀਟਿੰਗ ਵਿੱਚ ਬਾਜ ਸਿੰਘ ਖਹਿਰਾ, ਸਵਿੰਦਰ ਸਿੰਘ ਮੋਲੋਵਾਲੀ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਕਰਮ ਸਿੰਘ ਧਨੋਆ, ਐਨ ਕੇ ਕਲਸੀ, ਸੁਖਦੇਵ ਸਿੰਘ ਸੈਣੀ, ਗਗਨਦੀਪ ਸਿੰਘ, ਬਲਦੇਵ ਸਿੰਘ ਮੰਢਾਲੀ, ਸੁਰਿੰਦਰ ਰਾਮ ਕੁੱਸਾ, ਸੁਰਿੰਦਰ ਪੁਆਰੀ, ਪ੍ਰੇਮ ਸਾਗਰ ਸ਼ਰਮਾ, ਜਸਵੀਰ ਤਲਵਾੜਾ, ਰਾਧੇ ਸ਼ਿਆਮ, ਕਰਮਜੀਤ ਸਿੰਘ ਬੀਹਲਾ, ਬੋਬਿੰਦਰ ਸਿੰਘ, ਹਰਦੀਪ ਸਿੰਘ ਟੋਡਰਪੁਰ, ਤੀਰਥ ਸਿੰਘ ਬਾਸੀ, ਚਮਕੌਰ ਸਿੰਘ, ਵਿਕਰਮਦੇਵ ਸਿੰਘ ਅਤੇ ਗੁਰਦੀਪ ਸਿੰਘ ਬਾਜਵਾ ਆਦਿ ਆਗੂ ਵੀ ਹਾਜ਼ਰ ਸਨ।

## ਜ਼ਿਲ੍ਹਾ ਬਾਰ ਐਸੋਸੀਏਸ਼ਨ ਨੇ ਲਗਾਇਆ ਖ਼ੂਨਦਾਨ ਕੈਂਪ



**ਰੋਪੜ ( ਬਿੰਦਰਾ)**- ਜ਼ਿਲ੍ਹਾ ਬਾਰ ਐਸੋਸੀਏਸ਼ਨ ਰੋਪੜ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦ ਵਿੱਚ ਜ਼ਿਲ੍ਹਾ ਅਦਾਲਤ ਦੇ ਬਾਹਰ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਸੰਜੇ ਅਗਨੀਹੋਤਰੀ ਨੇ ਕੀਤਾ। ਏ ਡੀ ਸੀ ਮੈਡਮ ਹਰਜੋਤ ਕੌਰ ਉਚੇਚੇ ਤੌਰ 'ਤੇ ਸ਼ਾਮਲ ਹੋਈ। ਅਗਨੀਹੋਤਰੀ ਨੇ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ। ਇਸ ਨਾਲ ਕਈ ਜ਼ਰੂਰਤਮੰਦਾਂ ਦੀ ਜਾਨ ਬਚਾਈ ਜਾ ਸਕਦੀ ਹੈ। ਉਨ੍ਹਾ ਖ਼ੂਨਦਾਨੀਆਂ ਦੀ ਸ਼ਲਾਘਾ ਕੀਤੀ। ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਰੀਕ ਸਿੰਘ ਕਟਵਾਲ ਨੇ ਦੱਸਿਆ ਕਿ ਇਸ ਕੈਂਪ ਵਿੱਚ 80 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਅਤੇ ਵਕੀਲ ਭਾਈਚਾਰੇ ਨੇ ਖ਼ੂਨਦਾਨ ਕੀਤਾ । ਲਾਈਫ ਲਾਇਨ ਬਲੱਡ ਡੋਨਰਜ਼ ਸੋਸਾਇਟੀ ਅਤੇ ਰੋਟਰੀ ਕਲੱਬ ਨੇ ਕੈਂਪ ਦੀ ਸਫਲਤਾ ਲਈ ਪੂਰਾ ਸਹਿਯੋਗ ਦਿੱਤਾ। ਸੋਸਾਇਟੀ ਦੇ ਪ੍ਰਧਾਨ ਕੰਵਲਜੀਤ ਸਿੰਘ, ਉਪ ਪ੍ਰਧਾਨ ਜਸਵਿੰਦਰ ਸਿੰਘ, ਸਕੱਤਰ ਮਹਿੰਦਰਪਾਲ ਸਿੰਘ ਤੋਂ ਇਲਾਵਾ ਐਡਵੋਕੇਟ ਗਗਨਦੀਪ ਕੌਰ, ਐਡਵੋਕੇਟ ਪਵਨਪ੍ਰੀਤ ਕੌਰ , ਅਰੁਣ ਭੱਟੀ ਆਦਿ ਹਾਜ਼ਰ ਸਨ।

# ਬੇਲਾ ਕਾਲਜ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਵਿਖੇ ਰਾਸ਼ਟਰੀ ਵਿਗਿਆਨ ਦਿਵਸ 2023 'ਗਲੋਬਲ ਸਾਇੰਸ ਫਾਰ ਗਲੋਬਲ ਵੈਲਬੀਇੰਗ' ਦੇ ਥੀਮ ਦੇ ਅੰਤਰਗਤ ਮਨਾਇਆ ਗਿਆ। ਇਸ ਮੌਕੇ ਕਾਲਜ ਵੱਲੋਂ 'ਸਾਇੰਸ ਫੈਸਟ ਫਾਰ ਸਸਟੇਨੇਬਿਲਟੀ' ਕਰਵਾਇਆ ਗਿਆ। ਪ੍ਰੋਗਰਾਮ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਕੀਤਾ। ਇਹ ਦਿਵਸ ਭਾਰਤ ਦੇ ਮਹਾਨ ਵਿਗਿਆਨੀ ਸਰ ਸੀ ਵੀ ਰਮਨ ਵੱਲੋਂ ਉੱਚਕੋਟੀ ਦੀ ਖੋਜ 'ਰਮਨ ਪ੍ਰਭਾਵ' ਕਰਕੇ ਮਨਾਇਆ ਜਾਂਦਾ ਹੈ। ਡਾ. ਸ਼ਾਹੀ ਨੇ ਕਾਲਜ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਜੀਵਨ ਸਾਇੰਸ ਤੋਂ ਬਿਨਾਂ ਕਲਪਨਾ ਰਹਿਤ ਹੈ। ਪਿਛਲੇ ਸੌ ਸਾਲਾਂ ਵਿੱਚ ਵਿਗਿਆਨ ਨੇ ਊਰਜਾ, ਮੈਡੀਕਲ, ਸਿੱਖਿਆ, ਉਦਯੋਗਿਕ ਅਤੇ ਟੈਕਨਾਲੋਜੀ ਵਿੱਚ ਏਨੀ ਤਰੱਕੀ ਕੀਤੀ ਹੈ ਕਿ ਇੱਕ ਬਟਨ ਦੱਬਣ ਨਾਲ ਅਸੀਂ ਸੁਵਿਧਾ ਦੀ ਹਰ ਚੀਜ਼ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹਾਂ। ਉਨ੍ਹਾ ਨੇ ਵਿਦਿਆਰਥੀਆਂ ਨੂੰ ਸਕਾਰਾਤਮਕ ਵਿਗਿਆਨਕ ਸੋਚ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਵੱਲੋਂ ਵੱਖ-ਵੱਖ ਮੁਕਾਬਲੇ ਕਰਵਾਏ ਗਏ ਤੇ ਫਿਜ਼ੀਕਲ ਸਾਇੰਸ, ਬਾਇਓਟੈਕਨਾਲੋਜੀ ਤੇ ਮੈਥ ਵਿਭਾਗ ਦੇ ਲਗਭਗ 150 ਵਿਦਿਆਰਥੀਆਂ ਨੇ ਭਾਗ ਲਿਆ। ਫੋਟੋਗ੍ਰਾਫੀ (ਸਾਇੰਸ ਇਨ ਫੋਕਸ) ਮੁਕਾਬਲੇ ਵਿੱਚ ਬੀ ਐਸ ਸੀ ਭਾਗ ਪਹਿਲਾ ਦੇ ਨਿਤੇਸ਼ ਤੇ ਪਰਾਗ ਚੌਧਰੀ ਨੇ ਪਹਿਲਾ ਸਥਾਨ, ਦਲਜੀਤ ਕੌਰ ਅਤੇ ਹਰਸ਼ਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਪਾਰਕਿੰਗ ਡਿਜੀਟਲ ਪ੍ਰੈਜੈਨਟੇਸ਼ਨ ਮੁਕਾਬਲੇ ਵਿੱਚ ਪੂਜਾ ਵਰਮਾ, ਅਰਸ਼ਵੀਰ ਕੌਰ ਬੀ ਐਸ ਸੀ, ਪੱਲਵੀ (ਐਮ ਐਸ ਸੀ ਮੈਥ) ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚ ਬਾਇਓਟੈੱਕ ਦੀ ਹਰਲੀਨ ਕੌਰ, ਹਰਵਿੰਦਰ ਕੌਰ ਨੇ ਪਹਿਲਾ ਸਥਾਨ ਤੇ ਮੁਸਕਾਨ ਸ਼ਰਮਾ, ਸੌਰਭ ਕੁਮਾਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਐਕਸਟੈਮਪੋ ਮੁਕਾਬਲੇ ਵਿੱਚ ਅਨੂ ਤੇ ਸਤਵਿੰਦਰ ਕੌਰ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਵਿਦਿਆਰਥੀਆਂ ਵੱਲੋਂ ਮਹਾਨ ਵਿਗਿਆਨੀ ਥੋਮਸ ਐਡੀਸਨ ਦੇ ਜੀਵਨ ਉੱਤੇ ਨਾਟਕ ਪੇਸ਼ ਕੀਤਾ ਗਿਆ। ਕਾਲਜ ਦੇ ਗਰਾਊਂਡ ਵਿੱਚ ਹਰਬਲ ਪੌਦੇ, ਭੋਜਨ ਵਿੱਚ ਮਿਲਾਵਟ, ਓਪਟੀਕਲ ਇਲੂਜ਼ਨ ਤੇ ਸਾਇੰਸ ਦੇ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਫੂਡ ਐਂਡ ਬਾਇਓਟੈਕਨੋਲਜੀ ਵਿਭਾਗ ਦੇ ਅਧਿਆਪਕ ਡਾ. ਅਵਨੀ ਵਿਜ ਵੱਲੋਂ 'ਬਾਇਓਟੈਕਨਾਲੋਜੀ ਫਾਰ ਹਿਊਮੈਨ ਵੈਲਫੇਅਰ, ਗਣਿਤ ਵਿਭਾਗ ਦੇ ਮੁਖੀ ਡਾ.ਅਣਖ ਸਿੰਘ ਵੱਲੋਂ 'ਅਮੇਜ਼ਿੰਗ ਵਰਲਡ ਆਫ ਮੈਥੇਮੈਟਿਕਸ', ਫਿਜ਼ੀਕਲ ਸਾਇੰਸ ਵਿਭਾਗ ਦੇ ਮੁਖੀ ਸਹਾਇਕ ਪ੍ਰੋ.ਪਰਮਿੰਦਰ ਕੌਰ ਵੱਲੋਂ "ਓਸ਼ਨ ਆਫ ਕੈਮਿਸਟਰੀ" ਉੱਤੇ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ ਗਈ। ਅੰਤ ਵਿੱਚ ਇਸ ਪ੍ਰੋਗਰਾਮ ਦੇ ਕਨਵੀਰ ਡਾ.ਮਮਤਾ ਅਰੋੜਾ ਵੱਲੋਂ ਸਮੁੱਚੇ ਪ੍ਰੋਗਰਾਮ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਡਾ.ਅਣਖ ਸਿੰਘ ਵੱਲੋਂ ਬਾਖ਼ੂਬੀ ਨਿਭਾਇਆ ਗਿਆ। ਇਸ ਮੌਕੇ ਸਹਾਇਕ ਪ੍ਰੋ. ਸੁਨੀਤਾ ਰਾਣੀ, ਸਹਾਇਕ ਪ੍ਰੋ. ਇਸ਼ੂ ਬਾਲਾ, ਡਾ.ਹਰਪ੍ਰੀਤ ਕੌਰ, ਸਹਾਇਕ ਪ੍ਰੋ. ਹਿਮਾਨੀ ਸੈਣੀ, ਡਾ.ਦੀਪਿਕਾ, ਸਹਾਇਕ ਪ੍ਰੋ.ਕਿਰਨਦੀਪ ਕੌਰ, ਸਹਾਇਕ ਪ੍ਰੋ.ਰੁਪਿੰਦਰ ਕੌਰ, ਸਹਾਇਕ ਪ੍ਰੋ. ਨੇਹਾ ਚੌਹਾਨ, ਸਹਾਇਕ ਪ੍ਰੋ.ਹਰਪ੍ਰੀਤ ਕੌਰ, ਸਹਾਇਕ ਪ੍ਰੋ.ਹਰਸ਼ਿਤਾ ਸੈਣੀ, ਸਹਾਇਕ ਪ੍ਰੋ.ਅਮਨਜੋਤ ਕੌਰ, ਸਹਾਇਕ ਪ੍ਰੋ. ਪੱਲਵੀ ਤੇ ਸਮੁੱਚਾ ਸਟਾਫ਼ ਸ਼ਾਮਲ ਸੀ।

# ਬਘਾਣਾ ਦੀ ਟੀਮ ਜੇਤੂ ਰਹੀ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**- ਪਿੰਡ ਪੰਡੋਰੀ ਕੱਦ ਵਿਖੇ ਡਾਕਟਰ ਭੀਮ ਰਾਓ ਸਪੋਰਟਸ ਕਲੱਬ ਵਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਵਿਚ ਵੱਧ ਚੜ੍ਹ ਕੇ ਖੇਡ ਪ੍ਰੇਮੀਆਂ ਨੇ ਹਿੱਸਾ ਲਿਆ। ਇਸ ਦੌਰਾਨ ਫਾਈਨਲ ਵਿੱਚ ਪਹੁੰਚੀਆਂ ਫੁੱਟਬਾਲ ਓਪਨ ਦੀਆਂ ਦੋ ਟੀਮਾਂ ਪੰਡੋਰੀ ਕੱਦ ਅਤੇ ਬਘਾਣਾ ਵਿਚਕਾਰ ਮੁਕਾਬਲਾ ਹੋਇਆ ਜਿਸ ਦੌਰਾਨ ਬਘਾਣਾ ਦੀ ਟੀਮ ਜੇਤੂ ਰਹੀ ਤੇ ਟਰਾਫੀ ਕੱਪ ਸਮੇਤ 15000 ਕੈਸ਼ ਨਾਲ ਸਨਮਾਨਿਤ ਕੀਤਾ ਗਿਆ। ਨਰੇਸ਼ ਬਘਾਣਾ ਨੂੰ ਬੈਸਟ ਪਲੇਅਰ ਵਜੋਂ 32 ਇੰਚ ਦੀ ਐਲ ਈ ਡੀ ਨਾਲ ਅਤੇ ਸਮਾਜ ਸੇਵਕ ਅੰਮ੍ਰਿਤ ਸਰਪੰਚ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤਿਲਕ ਰਾਜ ਐਸ ਡੀ ਓ, ਸੁਭਾਸ਼ ਸਿੰਘ ਇਟਲੀ,ਅੰਮ੍ਰਿਤਪਾਲ ਸਰਪੰਚ ਪਡੋਰੀ ਕੱਦ,ਵਿੱਕੀ ਬੱਧਣ, ਕਾਲਾ ਹੀਰ,ਮੁਕੇਸ਼ ਪੰਚ,ਨਿਰਜ ਹੀਰ ,ਪ੍ਰਦੀਪ ਹੀਰ, ਗਿਆਨ ਸਿੰਘ ਸਾਬਕਾ ਡੀ ਐਸ ਪੀ, ਸਾਬੀ ਖੇੜਾ,ਕੂਕੀ ਪੰਚ ਅਤੇ ਹੋਰ ਵੱਡੀ ਗਿਣਤੀ ਵਿੱਚ ਕਲੱਬ ਦੇ ਮੈਂਬਰਾਂ ਨੇ ਹਿੱਸਾ ਲਿਆ।

# ਡੀ ਟੀ ਐੱਫ ਵੱਲੋਂ ਇੱਕ ਕਿਲੋਮੀਟਰ ਦੇ ਘੇਰੇ 'ਚ ਪੈਂਦੇ ਸਕੂਲਾਂ ਨੂੰ ਮਰਜ਼ ਕਰਨ ਦੇ ਸਰਕਾਰ ਦੇ ਫ਼ੈਸਲੇ ਦੀ ਨਿੰਦਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਇੱਕ ਕਿਲੋਮੀਟਰ ਦੇ ਘੇਰੇ ਅੰਦਰ ਪੈਂਦੇ ਸਕੂਲਾਂ ਨੂੰ ਆਪਸ ਵਿੱਚ ਮਰਜ ਕਰਨ ਦੇ ਪੱਤਰ ਨੇ ਅੱਜ ਸਿੱਖਿਆ ਤੰਤਰ ਵਿੱਚ ਭੜਥੂ ਪਾ ਦਿੱਤਾ। ਪੱਤਰ ਅਨੁਸਾਰ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਪੈਂਦੇ ਸਕੂਲਾਂ ਨੂੰ ਆਪਸ ਵਿੱਚ ਮਰਜ ਕਰਨ ਦਾ ਹਵਾਲਾ ਦੇ ਕੇ ਅਜਿਹੇ ਸਕੂਲਾਂ ਦੀ ਸੂਚਨਾ ਮੰਗੀ ਗਈ ਹੈ, ਜਿਵੇਂ ਹੀ ਇਸ ਪੱਤਰ ਬਾਰੇ ਪਤਾ ਲੱਗਾ ਤਾਂ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਸਥਿਤ ਸਕੂਲਾਂ ਦੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਪਿੰਡਾਂ ਦੀਆਂ ਪੰਚਾਇਤਾਂ ਅਤੇ ਅਧਿਆਪਕਾਂ ਨੂੰ ਆਪਣੇ ਸਕੂਲਾਂ ਦੇ ਬੰਦ ਹੋਣ ਦਾ ਡਰ ਸਤਾਉਣ ਸਤਾਉਣ ਲੱਗ ਪਿਆ ਹੈ।

ਸਰਕਾਰ ਦੇ ਇਸ ਪੱਤਰ ਦਾ ਤੁਰੰਤ ਸਖ਼ਤ ਨੋਟਿਸ ਲੈਂਦਿਆਂ ਡੈਮੋਕਰੈਟਿਕ ਟੀਚਰਜ਼ ਫ਼ਰੰਟ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਗੁਜਰਾਤੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਬਲਜੀਤ ਸਿੰਘ ਮਹਿਮੋਵਾਲ ਅਤੇ ਰੇਸ਼ਮ ਸਿੰਘ ਧੁੱਗਾ ਆਦਿ ਆਗੂਆਂ ਨੇ ਸਰਕਾਰ ਦੇ ਇਸ ਫ਼ੈਸਲੇ ਨੂੰ ਜਨਤਕ ਸਿੱਖਿਆ ਪ੍ਰਣਾਲੀ ਦੇ ਖ਼ਾਤਮੇ ਵੱਲ ਵੱਡਾ ਕਦਮ ਦੱਸਦਿਆਂ ਸਰਕਾਰ ਤੋਂ ਤੁਰੰਤ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਸਿੱਖਿਆ ਦੇਣਾ ਸਰਕਾਰ ਦਾ ਮੁੱਢਲਾ ਫ਼ਰਜ਼ ਹੈ ਅਤੇ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਆਉਣ ਵਾਲੇ ਸਕੂਲਾਂ ਦੀ ਮਰਜਿੰਗ ਨਾਲ਼ ਸੂਬੇ ਦੇ ਹਜ਼ਾਰਾਂ ਸਕੂਲ ਬੰਦ ਹੋ ਜਾਣਗੇ ਅਤੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਭਵਿੱਖ ਖ਼ਤਰੇ ਵਿੱਚ ਪੈ ਜਾਵੇਗਾ ਅਤੇ ਸਿੱਖਿਆ ਤੰਤਰ ਵਿੱਚ ਖ਼ਲਬਲੀ ਮਚ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਦਾ ਖ਼ਾਤਮਾ ਹੋਵੇਗਾ ਜਿਸ ਨਾਲ ਪਹਿਲਾਂ ਤੋਂ ਹੀ ਬੇਰੋਜ਼ਗਾਰੀ ਨਾਲ ਜੂਝ ਰਹੇ ਪੰਜਾਬ ਸੂਬੇ ਵਿੱਚ ਹੋਰ ਬੇਰੋਜ਼ਗਾਰੀ ਫੈਲੇਗੀ। ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਇਹ ਫ਼ੈਸਲਾ ਵਾਪਸ ਨਾ ਲਿਆ ਗਿਆ ਤਾਂ ਜਥੇਬੰਦੀ ਸੰਘਰਸ਼ ਕਰਨ ਨੂੰ ਮਜਬੂਰ ਹੋਵੇਗੀ। ਇਸ ਮੌਕੇ ਮਨਜੀਤ ਸਿੰਘ ਬਾਬਾ, ਰਜਿੰਦਰ ਸਿੰਘ ਹੇਜਮਾਂ, ਨੰਦ ਰਾਮ, ਰਾਕੇਸ਼ ਕੁਮਾਰ, ਵਰਿੰਦਰ ਸੈਣੀ, ਜਸਵਿੰਦਰ ਝਿੰਗੜ, ਬਲਵਿੰਦਰ ਬਾਜਵਾ, ਹਰਿੰਦਰ ਸਿੰਘ, ਕਰਨੈਲ ਸਿੰਘ, ਅਜਮੇਰ ਸਿੰਘ, ਪ੍ਰਵੀਨ ਸ਼ੇਰਪੁਰ, ਗੁਰਦੇਵ ਸਿੰਘ ਲਾਲਪੁਰ, ਪਰਮਜੀਤ ਸਿੰਘ ਭੂੰਗਾ, ਬਲਵੀਰ ਸਿੰਘ ਧਾਮੀ, ਨਿਰਮਲ ਸਿੰਘ ਨਿਹਾਲਪੁਰ, ਸੋਹਣ ਸਿੰਘ, ਬਲਕਾਰ ਸਿੰਘ ਪੁਰੀਕਾ, ਗੁਰਜਿੰਦਰ ਸਿੰਘ ਮੰਝਪੁਰ, ਦੀਪਕ ਮਲਹੋਤਰਾ, ਜਰਨੈਲ ਸਿੰਘ ਆਦਿ ਆਗੂਆਂ ਨੇ ਵੀ ਸਰਕਾਰ ਤੋਂ ਮਰਜਿੰਗ ਦਾ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ।

# ਡਿਪਟੀ ਕਮਿਸ਼ਨਰ ਨੇ ਆਦਮਪੁਰ ਫਲਾਈਓਵਰ ਦੇ ਕੰਮ 'ਚ ਤੇਜ਼ੀ ਲਿਆਉਣ ਦਾ ਮੁੱਦਾ ਚੁੱਕਿਆ

**ਜਲੰਧਰ (ਸ਼ੈਲੀ ਐਲਬਰਟ)**-ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਵਰਚੂਅਲ ਸਮੀਖਿਆ ਮੀਟਿੰਗ ਦੌਰਾਨ ਭਾਰਤ ਸਰਕਾਰ ਦੇ ਅਧਿਕਾਰੀਆਂ ਸਾਹਮਣੇ ਆਦਮਪੁਰ ਫਲਾਈਓਵਰ ਦੇ ਕੰਮ 'ਚ ਤੇਜ਼ੀ ਲਿਆਉਣ ਦਾ ਮੁੱਦਾ ਚੁੱਕਿਆ, ਜਿਸ ਦੇ ਮੁਕੰਮਲ ਹੋਣ ਨਾਲ ਜ਼ਿਲ੍ਹਾ ਵਾਸੀਆਂ ਤੋਂ ਇਲਾਵਾ ਨਾਲ ਲੱਗਦੇ ਸੂਬਿਆਂ ਦੇ ਲੋਕਾਂ ਨੂੰ ਵੀ ਵੱਡੀ ਸਹੂਲਤ ਮਿਲੇਗੀ। ਪ੍ਰਗਤੀ/ਪੀ.ਐਮ.ਜੀ. ਪ੍ਰਾਜੈਕਟਾਂ ਦੀ ਤਾਜ਼ਾ ਸਥਿਤੀ ਦਾ ਜਾਇਜ਼ਾ ਲੈਣ ਲਈ ਸਕੱਤਰ (ਤਾਲਮੇਲ) ਭਾਰਤ ਸਰਕਾਰ ਪੀ.ਕੇ. ਤ੍ਰਿਪਾਠੀ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸ ਰਾਹੀਂ ਹੋਈ ਮੀਟਿੰਗ ਵਿੱਚ ਹਿੱਸਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਆਦਮਪੁਰ ਫਲਾਈਓਵਰ ਦੇ ਕੰਮ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਣ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਇਸ ਪ੍ਰਾਜੈਕਟ ਦੇ ਸਮੇਂ ਸਿਰ ਮੁਕੰਮਲ ਹੋਣ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਨਾ ਸਿਰਫ਼ ਜਲੰਧਰ ਦੇ ਯਾਤਰੀਆਂ ਸਗੋਂ ਹਿਮਾਚਲ ਪ੍ਰਦੇਸ਼ ਅਤੇ ਨਾਲ ਲੱਗਦੇ ਹੋਰਨਾਂ ਰਾਜਾਂ ਦੇ ਲੋਕਾਂ ਨੂੰ ਵੀ ਸਹੂਲਤ ਪ੍ਰਦਾਨ ਕਰੇਗਾ । ਜਲੰਧਰ-ਹੁਸ਼ਿਆਰਪੁਰ ਐਨ.ਐਚ.-70, ਜਿਸ ਦਾ ਨਵਾਂ ਨਾਮ ਐਨ.ਐਚ-03 ਹੈ, ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪ੍ਰਾਜੈਕਟ ਦਾ 13.80 ਕਿਲੋਮੀਟਰ ਏਰੀਆ ਜਲੰਧਰ ਵਿੱਚ ਪੈਂਦਾ ਹੈ।। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਪ੍ਰਾਜੈਕਟ ਲਈ ਲਗਭਗ ਸੌ ਫੀਸਦੀ ਜ਼ਮੀਨ ਐਕਵਾਇਰ ਕਰਨ ਦਾ ਕੰਮ ਨੇਪਰੇ ਚਾੜ੍ਹਿਆ ਜਾ ਚੁੱਕਾ ਹੈ । ਉਨ੍ਹਾਂ ਅੱਗੇ ਦੱਸਿਆ ਕਿ ਆਦਮਪੁਰ ਫਲਾਈਓਵਰ ਦੇ ਡਿਜ਼ਾਇਨ ਵਿੱਚ ਤਬਦੀਲੀ ਕਾਰਨ ਸਿਰਫ਼ 1.10 ਕਿਲੋਮੀਟਰ ਜ਼ਮੀਨ ਅਕਵਾਇਰ ਕਰਨ ਦਾ ਕੰਮ ਬਕਾਇਆ ਹੈ, ਜਿਸ ਸਬੰਧੀ ਵੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਗਈ ਹੈ ਅਤੇ ਜਲਦ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਐਵਾਰਡ ਪਾਸ ਕੀਤੇ ਜਾ ਰਹੇ ਹਨ। ਇਸ ਮੌਕੇ ਐਸ.ਡੀ.ਐਮ. ਜਲੰਧਰ-1 ਜੈ ਇੰਦਰ ਸਿੰਘ ਵੀ ਮੌਜੂਦ ਸਨ।

# ਸੁਲਤਾਨਪੁਰ ਰੋਡ ਲੋਹੀਆਂ 'ਚ ਵਾਪਰੇ ਕਾਰ ਹਾਦਸੇ ਦੌਰਾਨ ਲੜਕੀ ਦੀ ਮੌਤ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਪੀਰ ਬਾਬਾ ਸੈਦ ਕਮੀਰ ਸ਼ਾਹ ਦੀ ਦਰਗਾਹ ਨੇੜੇ ਸੁਲਤਾਨਪੁਰ ਰੋਡ ਲੋਹੀਆਂ ਵਿਖੇ ਵਾਪਰੇ ਇੱਕ ਦਰਦਨਾਕ ਕਾਰ ਹਾਦਸੇ ਦੌਰਾਨ ਕਾਰ 'ਚ ਮੂਹਰੇ ਬੈਠੀ ਲੜਕੀ ਦੇ ਗੰਭੀਰ ਜ਼ਖਮੀ ਹੋ ਜਾਣ ਉਪਰੰਤ ਮੌਤ ਹੋ ਜਾਣ ਦੀ ਦੁਖਦਾਈ ਖਬਰ ਪ੍ਰਾਪਤ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਲੋਹੀਆਂ ਦੇ ਮੁਖੀ ਇੰਸਪੈਕਟਰ ਸੁਰਜੀਤ ਸਿੰਘ ਪੱਡਾ ਨੇ ਦੱਸਿਆ ਕਿ ਬਲਵਿੰਦਰ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਠੱਟਾ ਪੁਰਾਣਾ ਥਾਣਾ ਤਲਵੰਡੀ ਚੌਧਰੀਆਂ (ਕਪੂਰਥਲਾ) ਨੇ ਲੋਹੀਆਂ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਏ ਹਨ ਕਿ ਉਨ੍ਹਾਂ ਦੀ ਲੜਕੀ ਸਰਬਜੀਤ ਕੌਰ ਦੀ ਕਰੀਬ 3 ਸਾਲ ਪਹਿਲਾਂ ਮੰਗਣੀ ਸਿਮਰਜੀਤ ਸਿੰਘ ਉਰਫ਼ ਗੁਰਿੰਦਰਜੀਤ ਸਿੰਘ ਪੁੱਤਰ ਅਵਤਾਰ ਸਿੰਘ ਚੰਦੀ ਵਾਸੀ ਫੱਤੂਵਾਲ (ਕਪੂਰਥਲਾ) ਨਾਲ ਹੋਈ ਸੀ। ਲੜਕੇ ਪਰਵਾਰ ਵੱਲੋਂ ਕੁਝ ਸਮੇਂ ਬਾਅਦ ਹੀ ਇਹ ਰਿਸ਼ਤਾ ਨਾ ਮਨਜ਼ੂਰ ਕਰ ਦਿੱਤਾ, ਪਰ ਉਕਤ ਲੜਕਾ ਮੇਰੀ ਲੜਕੀ ਦੇ ਸੰਪਰਕ ਵਿੱਚ ਰਿਹਾ ਅਤੇ ਉਸ ਨਾਲ ਵਿਆਹ ਕਰਵਾਉਣ ਦਾ ਲਾਰਾ ਲਗਾਉਂਦਾ ਰਿਹਾ। ਇਸੇ ਦੌਰਾਨ ਹੀ ਉਕਤ ਲੜਕੇ ਸਿਮਰਜੀਤ ਸਿੰਘ ਉਰਫ਼ ਗੁਰਿੰਦਰਜੀਤ ਸਿੰਘ ਨੇ ਆਪਣੇ ਪਰਵਾਰ ਦੀ ਮਰਜ਼ੀ ਨਾਲ 15 ਕੁ ਦਿਨ ਪਹਿਲਾਂ ਕਪੂਰਥਲਾ ਦੀ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾ ਲਿਆ ਹੈ, ਜਿਸ 'ਤੇ ਮੇਰੀ ਲੜਕੀ ਇਤਰਾਜ਼ ਕਰਦੀ ਸੀ। ਮੇਰੀ ਲੜਕੀ ਸੁਲਤਾਨਪੁਰ ਲੋਧੀ ਵਿਖੇ ਇੱਕ ਟਿਊਸ਼ਨ ਸੈਂਟਰ ਚਲਾਉਂਦੀ ਹੈ, ਜਿਥੋਂ ਲੜਕਾ ਉਸ ਨੂੰ ਸਵਿਫ਼ਟ ਕਾਰ ਨੰ: ਪੀ.ਬੀ.09 ਏ.ਐੱਲ. 8797 ਵਿੱਚ ਬਿਠਾ ਕੇ ਲੋਹੀਆਂ ਵੱਲ ਨੂੰ ਲੈ ਆਇਆ। ਪਿਤਾ ਨੇ ਦੋਸ਼ ਲਗਾਇਆ ਕਿ ਉਸ ਦੀ ਧੀ ਨੂੰ ਸਾਜ਼ਿਸ਼ ਤਹਿਤ ਮਾਰ ਦੇਣ ਦੀ ਨੀਅਤ ਨਾਲ ਕਥਿਤ ਦੋਸ਼ੀ ਨੇ ਕਾਰ ਦੀ ਖੱਬੀ ਸਾਈਡ ਇੱਕ ਕਿੱਕਰ ਵਿੱਚ ਮਾਰ ਕੇ ਫਰਜ਼ੀ ਐਕਸੀਡੈਂਟ ਕੀਤਾ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਕਾਰ ਡਰਾਈਵਰ ਲੜਕਾ ਉਸ ਨੂੰ ਚੁੱਕ ਕੇ ਆਪ ਹੀ ਲੋਹੀਆਂ ਦੇ ਇੱਕ ਨਿੱਜੀ ਹਸਪਤਾਲ ਵਿਖੇ ਲੈ ਆਇਆ ਅਤੇ ਉਥੇ ਦਾਖ਼ਲ ਕਰਵਾ ਕੇ ਇਲਾਜ ਕਰਵਾਉਣ ਦੀ ਥਾਂ ਉਥੋਂ ਉਸ ਦਾ ਮੋਬਾਇਲ ਲੈ ਕੇ ਭੱਜ ਗਿਆ , ਜਿਸ ਦੀ ਸੂਚਨਾ ਉਨ੍ਹਾਂ ਨੂੰ ਲੋਹੀਆਂ ਦੇ ਹਸਪਤਾਲ ਦੇ ਡਾਕਟਰ ਵੱਲੋਂ ਦਿੱਤੀ ਗਈ ਹੈ।

ਥਾਣਾ ਲੋਹੀਆਂ ਦੇ ਮੁਖੀ ਇੰਸਪੈਕਟਰ ਸੁਰਜੀਤ ਸਿੰਘ ਪੱਡਾ ਨੇ ਦੱਸਿਆ ਕਿ ਮ੍ਰਿਤਕਾ ਸਰਬਜੀਤ ਕੌਰ ਦੇ ਪਿਤਾ ਬਲਵਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਕਥਿਤ ਦੋਸ਼ੀ ਸਿਮਰਜੀਤ ਸਿੰਘ ਉਰਫ਼ ਗੁਰਿੰਦਰਜੀਤ ਸਿੰਘ ਖਿਲਾਫ਼ ਧਾਰਾ 304, 120ਬੀ. ਆਈ ਪੀ ਸੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ ਅਤੇ ਸਿਵਲ ਹਸਪਤਾਲ ਨਕਦੋਰ 'ਚ ਡਾਕਟਰਾਂ ਦੇ ਬੋਰਡ ਵੱਲੋਂ ਮ੍ਰਿਤਕਾ ਦਾ ਪੋਸਟ ਮਾਰਟਮ ਕਰਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।

# ਸਾਂਝਾ ਫਰੰਟ ਦੇ 9, 10 ਤੇ 11 ਨੂੰ ਵਿਧਾਨ ਸਭਾ ਅਜਲਾਸ ਦੇ ਸਮਾਨਅੰਤਰ ਸਮਾਗਮ 'ਚ ਗੌਰਮਿੰਟ ਟੀਚਰਜ਼ ਯੂਨੀਅਨ ਭਰਵੀਂ ਸ਼ਮੂਲੀਅਤ ਕਰੇਗੀ

**ਫਿਲੌਰ (ਨਿਰਮਲ)**

ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 9,10 ਅਤੇ 11 ਮਾਰਚ ਨੂੰ ਵਿਧਾਨ ਸਭਾ ਦੇ ਸਮਾਨਅੰਤਰ ਸਮਾਗਮ ਕੀਤਾ ਜਾ ਰਿਹਾ ਹੈ ਜਿਸ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਨੇ ਭਾਰੀ ਸ਼ਮੂਲੀਅਤ ਦਾ ਫੈਸਲਾ ਕੀਤਾ ਹੈ। ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਸਬੂਾਈ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਕੁਲਦੀਪ ਸਿੰਘ ਦੌੜਕਾ, ਵਿੱਤ ਸਕੱਤਰ ਅਮਨਦੀਪ ਸ਼ਰਮਾਂ, ਪ੍ਰੈਸ ਸਕੱਤਰ ਸੁਰਜੀਤ ਮੁਹਾਲੀ, ਸਹਾਇਕ ਪ੍ਰੈਸ ਸਕੱਤਰ ਕਰਨੈਲ ਫਿਲੌਰ ਆਦਿ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਤੋਂ ਲਗਾਤਾਰ ਪਾਸਾ ਵੱਟਿਆ ਜਾ ਰਿਹਾ ਹੈ ਤੇ ਟਾਲ਼ਮਟੋਲ ਦੀ ਨੀਤੀ ਤਹਿਤ ਮੁੱਖ ਮੰਤਰੀ ਵਲੋਂ ਤੈਅ ਮੀਟਿੰਗਾਂ ਕਰਨ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ। ਇਸ ਸਮੇਂ ਆਗੂਆਂ ਨੇ ਮੰਗ ਕੀਤੀ ਕਿ ਮੁਲਾਜ਼ਮਾ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਨੂੰ ਦੂਰ ਕੀਤਾ ਜਾਵੇ। ਇਸ ਸਮੇਂ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਗੁਰਬਿੰਦਰ ਸਸਕੌਰ, ਕੁਲਦੀਪ ਪੂਰੋਵਾਲ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਗੁਰਪ੍ਰੀਤ ਅੰਮੀਵਾਲ, ਦੇਵੀ ਦਿਆਲ, ਬਲਵਿੰਦਰ ਭੁੱਟੋ, ਰਜੇਸ਼ ਕੁਮਾਰ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਜਗਜੀਤ ਸਿੰਘ ਮਾਨ, ਪ੍ਰਭਜੀਤ ਸਿੰਘ ਰਸੂਲਪੁਰ, ਪੁਸ਼ਪਿੰਦਰ ਪਟਿਆਲਾ, ਸੁਭਾਸ਼ ਪਠਾਨਕੋਟ, ਸੁਖ ਚੈਨ ਕਪੂਰਥਲਾ, ਬੋਧ ਰਾਜ, ਨੀਰਜ ਯਾਦਵ, ਪਰਮਜੀਤ ਸ਼ੇਰੋਵਾਲ, ਮਨਜੀਤ ਬਰਾੜ, ਕੁਲਦੀਪ ਸਿੰਘ, ਦਿਲਦਾਰ ਭੰਡਾਲ਼, ਸਰਬਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਸੁੱਚਾ ਸਿੰਘ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਸਤਵੰਤ ਸਿੰਘ ਤੇ ਦਿਲਬਾਗ ਸਿੰਘ ਆਦਿ ਆਗੂ ਹਾਜ਼ਰ ਸਨ ।

# ਭਵਿੱਖ 'ਚ ਪੰਜਾਬ ਬਣੇਗਾ ਫੂਡ ਪ੍ਰੋਸੈਸਿੰਗ ਹੱਬ : ਜੌੜਾਮਾਜਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਨਾਲੇਜ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਆਫ ਇੰਡੀਆ (ਕੇ ਸੀ ਸੀ ਆਈ) ਵੱਲੋਂ ਚੰਡੀਗੜ੍ਹ ਵਿਖੇ ਫੂਡ ਪ੍ਰੋਸੈਸਿੰਗ ਅਤੇ ਐਗਰੀ ਬਿਜ਼ਨੈਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਹ ਕਾਨਫਰੰਸ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੇ ਸਹਿਯੋਗ ਨਾਲ ਕਰਵਾਈ ਗਈ ਅਤੇ ਉਦੇਸ਼ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਸਨਅਤ ਦੀ ਸੰਭਾਵਾਨਾਵਾਂ ਨੂੰ ਉਜਾਗਰ ਕਰਨਾ ਸੀ । ਕਾਨਫਰੰਗ ਵਿੱਚ ਪੰਜਾਬ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ, ਕ੍ਰਿਸ਼ੀ ਉਦਮੀ ਕ੍ਰਿਸ਼ਕ ਵਿਕਾਸ ਚੈਂਬਰ, ਇੰਡੀਅਨ ਇਨਵੈਸਟਰਸ ਫੈਡਰੇਸ਼ਨ ਨੇ ਸਹਿਯੋਗ ਦਿੱਤਾ। ਫੂਡ ਪ੍ਰੋਸੈਸਿੰਗ ਅਤੇ ਬਾਗ਼ਬਾਨੀ ਮੰਤਰੀ, ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਦੇ ਸੌ ਤੋਂ ਵੱਧ ਫੂਡ ਪ੍ਰੋਸੈਸਿੰਗ ਉਦਯੋਗਾਂ, ਉੱਦਮੀਆਂ, ਐਫ ਪੀ ਓਜ, ਸਟਾਰਅੱਪਜ਼ ਦੀ ਮੌਜੂਦਗੀ 'ਚ ਕਾਨਫਰੰਸ ਦਾ ਉਦਘਾਟਨ ਕੀਤਾ। ਇਸ ਦੌਰਾਨ ਰਵਨੀਤ ਕੌਰ, ਆਈ ਏ ਐਸ, ਵਿਸ਼ੇਸ਼ ਮੁੱਖ ਸਕੱਤਰ, ਫੂਡ ਪ੍ਰੋਸੈਸਿੰਗ, ਪੰਜਾਬ ਸਰਕਾਰ, ਡਾ. ਸ੍ਰੀਮਥੀ ਘੋਸ਼, ਅਧੀਨ ਸਕੱਤਰ, ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ, ਭਾਰਤ ਸਰਕਾਰ, ਰਾਹੁਲ ਮਿੱਤਲ, ਮਾਨਯੋਗ ਪ੍ਰਤੀਨਿਧੀ, ਨਾਲੇਜ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ, ਦਲੀਪ ਸ਼ਰਮਾ, ਸਕੱਤਰ ਜਨਰਲ, ਪੰਜਾਬ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਨੇ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਸੰਬੋਧਨ ਕੀਤਾ।

ਪਾਣੀ ਦੇ ਭਰਪੂਰ ਸਰੋਤਾਂ ਦੀ ਮੌਜੂਦਗੀ ਅਤੇ ਜ਼ਰਖ਼ੇਜ਼ ਮਿੱਟੀ ਦੀ ਉਪਲਬਧਤਾ ਕਾਰਨ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦਾ ਅਰਥਚਾਰਾ ਮੁੱਖ ਤੌਰ 'ਤੇ ਖੇਤੀ ਆਧਾਰਿਤ ਰਿਹਾ ਹੈ। ਸੂਬੇ ਦਾ ਜ਼ਿਆਦਾਤਰ ਹਿੱਸਾ ਉਪਜਾਊ ਮੈਦਾਨੀ ਇਲਾਕਾ ਹੈ, ਜਿਸ 'ਚ ਕਈ ਦਰਿਆ ਅਤੇ ਇੱਕ ਵਿਆਪਕ ਸਿੰਚਾਈ ਨਹਿਰੀ ਪ੍ਰਣਾਲੀ ਹੈ। ਪੰਜਾਬ ਦਾ ਭਾਰਤ ਦੇ ਕਣਕ ਉਤਪਾਦਨ ਲਗਭਗ 'ਚ 17 ਫੀਸਦ, ਇਸ ਦੇ ਝੋਨੇ ਦੇ ਉਤਪਾਦਨ ਦਾ ਲਗਭਗ 12 ਫੀਸਦ, ਅਤੇ ਦੁੱਧ ਉਤਪਾਦਨ ਵਿੱਚ ਲਗਭਗ 5 ਫੀਸਦ ਯੋਗਦਾਨ ਹੈ, ਇਸ ਤਰ੍ਹਾਂ ਪੰਜਾਬ ਭਾਰਤ ਦੇ ਅੰਨ ਭੰਡਾਰ ਵਜੋਂ ਜਾਣਿਆ ਜਾਂਦਾ ਹੈ।ਆਪਣੇ ਭੂਗੋਲਿਕ ਖੇਤਰ 'ਚ ਸਿਰਫ 1.53 ਫੀਸਦ ਰਕਬੇ ਦੇ ਬਾਵਜੂਦ ਪੰਜਾਬ ਦਾ ਭਾਰਤ ਦੇ ਕਣਕ ਉਤਪਾਦਨ ਦਾ ਲਗਭਗ 15-20 ਫੀਸਦ, ਚਾਵਲ ਉਤਪਾਦਨ ਦਾ ਲਗਭਗ 12 ਫੀਸਦ ਅਤੇ ਦੁੱਧ ਉਤਪਾਦਨ ਦਾ ਲਗਭਗ 10 ਫੀਸਦ ਯੋਗਦਾਨ ਬਣਦਾ ਹੈ। ਜੌੜਾਮਾਜਰਾ ਨੇ ਕਿਹਾ ਕਿ ਸੂਬਾ ਸਰਕਾਰ ਫੂਡ ਪ੍ਰੋਸੈਸਿੰਗ ਸੈਕਟਰ ਨੂੰ ਵੱਡਾ ਹੁਲਾਰਾ ਦੇ ਰਹੀ ਹੈ, ਜਿਸ ਨਾਲ ਨਾ ਸਿਰਫ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਸਗੋਂ ਕਿਸਾਨਾਂ ਨੂੰ ਵੀ ਵੱਡਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬਾ ਫੂਡ ਪ੍ਰੋਸੈਸਿੰਗ ਹੱਬ ਵਜੋਂ ਉੱਭਰ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਫੂਡ ਪ੍ਰੋਸੈਸਿੰਗ ਸੈਕਟਰ ਨੂੰ ਪ੍ਰਮੁੱਖ ਤਰਜੀਹੀ ਖੇਤਰਾਂ ਵਿੱਚ ਰੱਖਿਆ ਹੈ ਅਤੇ ਫੂਡ ਪ੍ਰੋਸੈਸਿੰਗ ਯੂਨਿਟਸ ਨੂੰ ਕਈ ਤਰਾਂ ਦੇ ਪ੍ਰੋਤਸਾਹਨ ਦੇਣ ਦੀ ਪੇਸ਼ਕਸ਼ ਕੀਤੀ ਹੈ। ਫੂਡ ਪ੍ਰੋਸੈਸਿੰਗ ਦੇ ਵਿਸ਼ੇਸ਼ ਮੁੱਖ ਸਕੱਤਰ ਰਵਨੀਤ ਕੌਰ, ਆਈ ਏ ਐਸ ਨੇ ਕਿਹਾ ਕਿ ਪੰਜਾਬ ਨਿਵੇਸ਼ ਸੰਮੇਲਨ ਦੌਰਾਨ ਉਦਯੋਗਿਕ ਤੇ ਵਪਾਰਕ ਘਰਾਣਿਆਂ ਵੱਲੋਂ ਸੂਬੇ 'ਚ ਨਿਵੇਸ਼ ਕਰਨ ਲਈ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੀ ਅਧੀਨ ਸਕੱਤਰ ਸ੍ਰੀਮਥੀ ਘੋਸ਼ ਨੇ ਕਿਹਾ ਕਿ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਵੱਲੋਂ ਆਪਣੀਆਂ ਵੱਖ-ਵੱਖ ਸਕੀਮਾਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਹਨਾਂ ਸੂਬਾ ਸਰਕਾਰ ਅਤੇ ਪੰਜਾਬ ਦੇ ਉਦਯੋਗਪਤੀਆਂ ਨੂੰ 3 ਤੋਂ 5 ਨਵੰਬਰ ਨੂੰ ਨਵੀਂ ਦਿੱਲੀ ਵਿਖੇ ਹੋਣ ਵਾਲੇ ਇੱਕ ਗਲੋਬਲ ਈਵੈਂਟ 'ਮੈਗਾ ਫੂਡ ਈਵੈਂਟ-2023' ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਸੈਸ਼ਨ ਵਿੱਚ ਹੋਰ ਬੁਲਾਰਿਆਂ 'ਚ ਚੰਦਰ ਸ਼ੇਖਰ ਡੂਡੇਜਾ, ਖੇਤਰੀ ਮੁਖੀ, ਏ ਪੀ ਈ ਡੀ ਏ, ਵਣਜ ਅਤੇ ਉਦਯੋਗ ਮੰਤਰਾਲੇ, ਭਾਰਤ ਸਰਕਾਰ ਨੇ ਨਿਰਯਾਤ ਦੇ ਮੌਕਿਆਂ ਅਤੇ ਸਕੀਮਾਂ ਬਾਰੇ ਚਾਨਣਾ ਪਾਇਆ, ਵਰਿੰਦਰ ਸ਼ਰਮਾ, ਡਾਇਰੈਕਟਰ, ਐਮ ਐਸ ਐਮ ਈ ਵਿਕਾਸ ਸੰਸਥਾ, ਐਮ ਐਸ ਐਮ ਈ ਮੰਤਰਾਲੇ, ਭਾਰਤ ਸਰਕਾਰ ਨੇ ਐਮ ਐਸ ਐਮ ਈਜ਼ ਲਈ ਦਿੱਤੀ ਜਾਣ ਵਾਲੀ ਸਹਾਇਤਾ ਬਾਰੇ ਚਾਨਣਾ ਪਾਇਆ। ਸੂਬਾ ਸਰਕਾਰ ਨੇ ਇਸ ਕਾਨਫਰੰਸ ਦੇ ਆਯੋਜਨ ਲਈ ਕੇ ਸੀ ਸੀ ਆਈ ਦੇ ਯਤਨਾਂ ਦੀ ਸ਼ਲਾਘਾ ਕੀਤੀ ਜੋ ਇਸ ਖੇਤਰ ਵਿੱਚ ਸਮੇਂ ਦੀ ਲੋੜ ਹੈ।

# ਹੋਲਾ ਮਹੱਲਾ ਮੌਕੇ ਹੋਣ ਵਾਲੀ ਗੱਤਕਾ ਪ੍ਰਦਰਸ਼ਨੀ ਤੇ ਢਾਡੀ ਵਾਰਾਂ ਦਾ ਪੋਸਟਰ ਰਿਲੀਜ਼



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਉਚੇਰੀ ਸਿੱਖਿਆ ਪੰਜਾਬ ਨੇ ਵਿਰਾਸਤ-ਏ-ਖਾਲਸਾ ਵਿੱਚ ਹੋਲੇ ਮਹੱਲੇ ਮੌਕੇ ਹੋਣ ਵਾਲੇ ਸਮਾਗਮਾਂ ਗੱਤਕਾ ਪ੍ਰਦਰਸ਼ਨੀ ਅਤੇ ਢਾਡੀ ਵਾਰਾਂ ਦਾ ਪੋਸਟਰ ਜਾਰੀ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਦੇ ਆਡੀਟੋਰੀਅਮ 'ਚ ਢਾਡੀ ਵਾਰਾਂ ਦੇ ਸਮਾਗਮ ਹੋਣਗੇ, ਉਨ੍ਹਾਂ ਨੇ ਦੱਸਿਆ ਕਿ ਐਮ.ਪੀ ਆਊਟਡੋਰ ਥੀਏਟਰ 'ਚ ਗੱਤਕਾ ਪ੍ਰਦਰਸ਼ਨੀ ਹੋਵੇਗੀ, ਉਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਦੀ ਚੜ੍ਹਦੀਕਲਾ ਤੇ ਸ਼ਾਨਮੱਤੇ ਇਤਿਹਾਸ ਦਾ ਪ੍ਰਤੀਕ ਵਿਸ਼ਵ ਪ੍ਰਸਿੱਧ ਤਿਉਹਾਰ ਹੋਲਾ ਮਹੱਲਾ ਮਨਾਇਆ ਜਾ ਰਿਹਾ ਹੈ, ਜਿੱਥੇ ਦੇਸ਼ ਵਿਦੇਸ਼ ਤੋਂ ਲੱਖਾਂ ਸੰਗਤਾਂ ਪਹੁੰਚਦੀਆਂ ਹਨ, ਉਨ੍ਹਾਂ ਨੇ ਕਿਹਾ ਕਿ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਲਾ ਮਹੱਲਾ ਮੌਕੇ ਵਿਆਪਕ ਤਿਆਰੀਆਂ ਕੀਤੀਆਂ ਗਈਆਂ ਹਨ, ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ, ਮੇਲਾ ਅਫਸਰ ਮਨੀਸ਼ਾ ਰਾਣਾ, ਸਹਾਇਕ ਮੇਲਾ ਅਫਸਰ ਦੀਪਾਂਕਰ ਗਰਗ, ਕਾਰਜਕਾਰੀ ਇੰਜੀਨੀਅਰ ਟੂਰਿਜ਼ਮ ਬੀ.ਐਸ ਚਾਨਾ, ਡਿਪਟੀ ਡਾਇਰੈਕਟਰ ਡੇਅਰੀ ਗੁਰਿੰਦਰਪਾਲ ਸਿੰਘ ਕਾਹਲੋਂ ਨੋਡਲ ਅਫਸਰ ਮੌਜੂਦ ਹਨ।

# ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਸੰਘਰਸ਼ ਦਾ ਐਲਾਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਲਗਾਤਾਰ ਟਾਲ ਮਟੋਲ ਕੀਤੀ ਜਾ ਰਹੀ ਹੈ। ਦੇਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਕਿਸੇ ਸਰਕਾਰ ਨੇ ਤਿੰਨ ਵਾਰ ਕੈਬਨਿਟ 'ਚ ਫੈਸਲਾ ਲੈਣ ਉਪਰੰਤ ਉਸ ਮਸਲੇ ਨੂੰ ਲਾਗੂ ਕਰਨ ਦੀ ਬਜਾਏ ਕਮੇਟੀ ਦਾ ਗਠਨ ਕੀਤਾ ਹੋਵੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ (ਸੂਬਾ ਪ੍ਰਧਾਨ ਈ. ਟੀ ਟੀ ਅਧਿਆਪਕ ਯੂਨੀਅਨ ਪੰਜਾਬ) ਰਛਪਾਲ ਸਿੰਘ ਵੜੈਚ, ਇੰਦਰਜੀਤ ਸਿੰਘ ਬਿਧੀਪੁਰ, ਸੁਖਦਿਆਲ ਸਿੰਘ ਝੰਡ ਪ੍ਰਧਾਨ ਅਧਿਆਪਕ ਦਲ ਪੰਜਾਬ, ਭਜਨ ਸਿੰਘ ਮਾਨ ਨੇ ਦੱਸਿਆ ਕਿ ਸਰਕਾਰ ਦੀ ਇਸ ਲਾਰੇ ਲੱਪੇ ਵਾਲੀ ਨੀਤੀ ਵਿਰੁੱਧ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਜਲੰਧਰ ਹੋਣ ਵਾਲੀ ਜ਼ਿਮਨੀ ਚੋਣ ਨੂੰ ਮੱਦੇਨਜ਼ਰ ਰੱਖਦੇ ਹੋਏ, ਪੁਰਾਣੀ ਪੈਨਸ਼ਨ ਨੂੰ ਮੁਲਾਜ਼ਮਾਂ ਦਾ ਵੱਡਾ ਮੁੱਦਾ ਬਣਾਉਣ ਅਤੇ ਸਰਕਾਰ ਦੀ ਪੋਲ ਖੋਲਣ ਲਈ 10 ਮਾਰਚ ਨੂੰ ਜਲੰਧਰ ਵਿਖੇ ਝੰਡਾ ਮਾਰਚ ਕੀਤਾ ਜਾਵੇਗਾ। ਇਸ ਝੰਡਾ ਮਾਰਚ ਵਿੱਚ ਪੰਜਾਬ ਭਰ ਦੇ ਨਵੀਂ ਪੈਨਸ਼ਨ ਅਧੀਨ ਆਉਂਦੇ ਮੁਲਾਜਮ ਆਪਣੇ ਵਹੀਕਲ ਲੈ ਕੇ ਪੁਰਾਣੀ ਪੈਨਸ਼ਨ ਬਹਾਲੀ ਦੇ ਸਟਿੱਕਰ ਲਗਾ ਕੇ ਸ਼ਮੂਲੀਅਤ ਕਰਨਗੇ। ਆਗੂਆਂ ਨੇ ਕਿਹਾ ਨਹੀਂ ਇਸ ਪੋਲ ਖੋਲ ਝੰਡਾ ਮਾਰਚ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਆਗੂਆਂ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿੱਚ ਸਰਕਾਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਜਾਵੇਗੀ। ਇਸ ਮੌਕੇ ਬਲਜੀਤ ਸਿੰਘ ਬੱਬਾ,ਜਸਵਿੰਦਰ ਸਿੰਘ ਸ਼ਿਕਾਰਪੁਰ, ਸ਼ਿੰਦਰ ਸਿੰਘ ਜੱਬੋਵਾਲ, ਅਮਨਦੀਪ ਸਿੰਘ ਖਿੰਡਾ, ਗੁਰਪ੍ਰੀਤ ਸਿੰਘ ਬੂਲਪੁਰ, ਅਮਨਦੀਪ ਸਿੰਘ ਬਿਧੀਪੁਰ, ਯਾਦਵਿੰਦਰ ਸਿੰਘ, ਅਸਵਨੀ ਕੁਮਾਰ, ਕੁਲਦੀਪ ਠਾਕੁਰ, ਜਗਜੀਤ ਸਿੰਘ ਬੂਲਪੁਰ, ਸੁਖਵਿੰਦਰ ਸਿੰਘ ਕਾਲੇਵਾਲ, ਲਖਵਿੰਦਰ ਸਿੰਘ ਟਿੱਬਾ, ਮੁਖਤਿਆਰ ਲਾਲ, ਮਨਜਿੰਦਰ ਸਿੰਘ ਧੰਜੂ, ਹਰਦੇਵ ਸਿੰਘ ਖਾਨੋਵਾਲ, ਜਗਜੀਤ ਸਿੰਘ ਮਿਰਜਾਪੁਰ, ਰਮੇਸ ਕੁਮਾਰ ਭੇਟਾਂ, ਇੰਦਰਜੀਤ ਸਿੰਘ ਖਹਿਰਾ, ਸੁਖਦਰਸਨ ਆਨੰਦ, ਬਲਜੀਤ ਸਿੰਘ ਬਾਬਾ, ਕਮਲਜੀਤ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।



# ਪਾਵਰਕਾਮ ਆਊਟ-ਸੋਰਸਿੰਗ ਸੀ ਐੱਚ ਬੀ ਤੇ ਡਬਲਿਊ ਕਾਮਿਆਂ ਵੱਲੋਂ ਸੰਘਰਸ਼ ਦਾ ਐਲਾਨ



**ਖਰੜ (ਹਰਨਾਮ ਸਿੰਘ ਡੱਲਾ)**

ਪਾਵਰਕਾਮ ਐਂਡ ਟ੍ਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਬਲਿਹਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ 'ਚ ਸੂਬਾ ਆਗੂਆਂ ਸਮੇਤ ਸਰਕਲ-ਡਵੀਜਨ ਆਗੂਆਂ ਨੇ ਸ਼ਮੂਲੀਅਤ ਕੀਤੀ। ਸੂਬਾ ਜਰਨਲ ਸਕੱਤਰ ਰਾਜੇਸ਼ ਕੁਮਾਰ ਮੌੜ, ਪ੍ਰੈੱਸ-ਸਕੱਤਰ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਬਿਜਲੀ ਅਦਾਰੇ 'ਚ ਕੰਮ ਕਰਦੇ ਪਾਵਰਕਾਮ ਸੀ ਐੱਚ ਬੀ ਤੇ ਡਬਲਿਊ ਕਾਮੇ ਨਿੱਜੀਕਰਨ ਨੀਤੀ ਦੀ ਚੱਕੀ 'ਚ ਪਿਸ ਰਹੇ ਹਨ। ਸੀ ਐੱਚ ਬੀ ਅਤੇ ਡਬਲਿਊ ਕਾਮੇ ਸਹਾਇਕ-ਲਾਈਮੈਨਾਂ ਅਤੇ ਲਾਈਮੈਨਾਂ ਦਾ ਕੰਮ ਕਰ ਰਹੇ ਹਨ। ਬਿਜਲੀ ਸਪਲਾਈ ਨੂੰ ਬਹਾਲ ਰੱਖਣ ਲਈ ਇਹ ਕਾਮੇ ਦਿਨ-ਰਾਤ ਮਿਹਨਤ ਕਰਦੇ ਹਨ। ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਵਾਇਆ ਜਾ ਰਿਹਾ ਹੈ। ਸਰਕਾਰੀ ਗਰੰਟੀ ਨੂੰ ਖਤਮ ਕਰਕੇ ਨੌਜਵਾਨਾਂ ਦਾ ਭਵਿੱਖ ਦਾ ਜਿੱਥੇ ਖਾਤਮ ਕੀਤਾ ਹੈ ਉੱਥੇ ਹੀ ਸਸਤੀ ਬਿਜਲੀ ਪੈਦਾਵਾਰੀ/ਸਰਕਾਰੀ ਰੁਜਗਾਰ ਮਿਲਣ ਦੇ ਸੋਮੇ ਵੀ ਖਤਮ ਕੀਤੇ ਜਾ ਰਹੇ ਹਨ। ਜਦੋਂ ਰੈਗੂਲਰ ਦੀ ਗੱਲ ਚੱਲਦੀ ਹੈ ਤਾਂ ਕੋਰਟਾਂ ਦਾ ਬਹਾਨਾ ਬਣਾ ਕੇ ਆਊਟ-ਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ। ਮੌਜੂਦਾ ਆਪ ਦੀ ਸਰਕਾਰ ਵੀ ਆਊਟ-ਸੋਰਸਿੰਗ ਕਾਮਿਆਂ ਨੂੰ ਵਿਭਾਗ 'ਚ ਲੈਣ ਤੋ ਪਾਸਾ ਵੱਟਿਆ ਜਾ ਰਿਹਾ ਹੈ।

ਮੁੱਖ ਮੰਤਰੀ ਵੱਲੋਂ ਮੰਗਾਂ ਹੱਲ ਕਰਨ ਦਾ ਭਰੋਸਾ ਹੀ ਦਿੱਤਾ ਗਿਆ ਪਰ ਹੱਲ ਨਾ ਹੋਇਆ। ਜਿਸ ਕਾਰਨ ਕਾਮਿਆਂ ਨੂੰ ਦੁਬਾਰਾ ਸੰਘਰਸ਼ ਦਾ ਰਾਹ ਤਿਆਰ ਕਰਨਾ ਪਿਆ। ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਅਤੇ ਉੱਚ ਅਧਿਕਾਰੀਆਂ ਨਾਲ ਵੀ ਕਈ ਵਾਰ ਮੀਟਿੰਗਾਂ ਹੋਈਆਂ ਜਿਸ 'ਚ ਭਰੋਸੇ ਹੀ ਦਿੱਤੇ ਗਏ ਪਰ ਹੱਲ ਨਾ ਹੋਇਆ। ਉਨ੍ਹਾਂ ਦੱਸਿਆ ਕਿ ਲੁਧਿਆਣਾ ਸੰਘਰਸ਼ ਦੌਰਾਨ ਹੁਣ ਪ੍ਰਸ਼ਾਸ਼ਨ ਅਧਿਕਾਰੀਆਂ ਵਲੋਂ 16 ਮਾਰਚ ਨੂੰ ਮੀਟਿੰਗ ਫਿਕਸ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ 'ਚ ਫੈਸਲਾ ਗਿਆ ਕਿ ਜੇ ਮੁੱਖ ਮੰਤਰੀ ਸਾਹਿਬ ਮੀਟਿੰਗ ਕਰਕੇ ਸੀ.ਐੱਚ.ਬੀ ਤੇ ਡਬਲਿਊ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੇ ਤਾਂ 5 ਅਪ੍ਰੈਲ 2023 ਨੂੰ ਪਰਵਾਰਾਂ ਤੇ ਬੱਚਿਆਂ ਸਮੇਤ ਪਟਿਆਲੇ ਦੀਆਂ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

# ਰੋਟਰੀ ਕਲੱਬ ਦੇ ਮੁਫਤ ਡਾਇਲਸਿਸ ਪ੍ਰੋਜੈਕਟ ਦੀ ਸ਼ਲਾਘਾ

**ਜਲੰਧਰ (ਸੁਰਿੰਦਰ ਕੁਮਾਰ)**-ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਸਮਾਜ ਸੇਵੀ ਸੰਸਥਾਵਾਂ ਨੂੰ ਮਨੁੱਖਤਾ ਦੀ ਸੇਵਾ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਦੇਸ ਦੀ ਤਰੱਕੀ ਵਿੱਚ ਸਮਾਜ ਸੇਵੀ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੈ, ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਚੇਅਰਮੈਨ ਅੰਮ੍ਰਿਤਪਾਲ ਸਿੰਘ ਸਥਾਨਕ ਗੁਲਾਬ ਦੇਵੀ ਹਸਪਤਾਲ ਵਿਖੇ ਰੋਟਰੀ ਕਲੱਬ ਜਲੰਧਰ ਸੈਂਟਰਲ ਵੱਲੋਂ ਕਰਵਾਏ ਗਏ ਮੁਫਤ ਡਾਇਲਸਿਸ ਪ੍ਰੋਜੈਕਟ ਦੌਰਾਨ ਕਲੱਬ ਦੇ ਮੈਂਬਰਾਂ ਦੀ ਹੌਸਲਾ-ਅਫਜਾਈ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਰੋਟਰੀ ਕਲੱਬ ਜਲੰਧਰ ਸੈਂਟਰਲ ਨੇ ਲੋੜਵੰਦ ਮਰੀਜਾਂ ਲਈ ਮੁਫਤ ਡਾਇਲਸਿਸ ਦਾ ਪ੍ਰਬੰਧ ਕਰਕੇ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਰੋਟਰੀ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦਾ ਅਨੁਕਰਣ ਕਰਨ ਲਈ ਕਿਹਾ। ਇਸ ਮੌਕੇ ਰੋਟੇਰੀਅਨ ਅਸਵਨੀ ਮਹਾਜਨ, ਡਾ. ਜੇ ਪੀ ਸਿੰਘ, ਅਸ਼ੋਕ ਮਲਹੋਤਰਾ, ਸੁਰੇਂਦਰ ਮੁਲਤਾਨੀ, ਸੁਭਾਸ਼ ਪ੍ਰਭਾਕਰ, ਪਰਮਜੀਤ ਅਰੋੜਾ, ਵਿਕਾਸ ਗਰੋਵਰ ਆਦਿ ਹਾਜ਼ਰ ਸਨ।

# ਜੰਗਲਾਤ ਵਿਭਾਗ ਦੀ 51 ਕਨਾਲ ਜ਼ਮੀਨ ਨੂੰ ਕਬਜੇ ਤੋਂ ਮੁਕਤ ਕਰਵਾਇਆ

**ਸੁਲਤਾਨਪੁਰ ਲੋਧੀ(ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਪਿੰਡ ਮੰਡ ਅੱਲੂਵਾਲ ਹੱਦਬਸਤ ਨੰਬਰ 179 ਤਹਿਸੀਲ ਸੁਲਤਾਨਪੁਰ ਲੋਧੀ ਜਿਲ੍ਹਾ ਕਪੂਰਥਲਾ ਵਿਖੇ 51 ਕਨਾਲ 5 ਮਰਲਾ ਜੰਗਲਾਤ ਵਿਭਾਗ ਦੀ ਜ਼ਮੀਨ ਦੀ ਨਜਾਇਜ਼ ਕਬਜੇ ਤੋਂ ਮੁਕਤ ਕਰਵਾਈ ਗਈ। ਮਾਲ ਵਿਭਾਗ ਵੱਲੋਂ ਡੀ ਜੀ ਪੀ ਐੱਸ ਸਿਸਟਮ ਰਾਹੀਂ ਇਸ ਦੀ ਨਿਸ਼ਾਨਦੇਹੀ ਕੀਤੀ ਗਈ। ਨਲਿਨ ਯਾਦਵ ਆਈ. ਐਫ ਐਸ ਡਵੀਜਨਲ ਜੰਗਲਾਤ ਅਫਸਰ ਜਲੰਧਰ ਨੇ ਦੱਸਿਆ ਕਿ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਵਿਸ਼ੇਸ਼ ਤੌਰ 'ਤੇ ਉਪ ਮੰਡਲ ਮੈਜਿਸਟ੍ਰੇਟ ਸੁਲਤਾਨਪੁਰ ਲੋਧੀ ਚੰਦਰ ਜੋਤੀ ਸਿੰਘ ਆਈ.ਏ.ਐਸ ਯਤਨਾ ਸਕਦਾ ਇਹ ਜ਼ਮੀਨ ਕਬਜ਼ੇ ਤੋਂ ਮੁਕਤ ਕਰਵਾਈ ਗਈ। ਇਸ ਦੌਰਾਨ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲਸ ਮੁਲਾਜਮ ਵੀ ਮੌਕੇ 'ਤੇ ਮੌਜੂਦ ਸਨ। ਇਸ ਮੌਕੇ ਸਟਾਫ ਨੇ ਜੰਗਲਾਤ ਵਿਭਾਗ ਦੇ ਰੇਂਜ ਜੰਗਲਤਾ ਅਫਸਰ ਦਵਿੰਦਰਪਾਲ ਸਿੰਘ, ਮਨੋਜ ਕੁਮਾਰ ਅਤੇ ਐੱਸ ਪ੍ਰਿਤਪਾਲ ਸਿੰਘ ਅਤੇ ਕੁਲਦੀਪ ਸਿੰਘ ਜੰਗਲਤਾ ਗਾਰਡ ਅਤੇ ਹੋਰ ਫੀਲਡ ਸਟਾਫ ਹਾਜ਼ਰ ਸਨ।



# ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ

**ਅਲਾਵਲਪੁਰ, (ਮਦਨ ਬੰਗੜ)**- ਨਜਦੀਕੀ ਪਿੰਡ ਬਿਆਸ ਪਿੰਡ ਦੀ ਪੱਤੀ ਉਦੇਪੁਰ 'ਚ ਅੰਮ੍ਰਿਤਬਾਣੀ ਭਵਨ 'ਚ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਹ ਸਮਾਗਮ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੈਰੀਟੇਬਲ ਟਰੱਸਟ ਬਾਰਾਨਸੀ (ਯੂ.ਪੀ.) ਵਾਲਿਆਂ ਦੇ ਆਸ਼ੀਰਵਾਦ ਨਾਲ ਕਰਵਾਇਆ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਐਸ ਐਸ ਆਜ਼ਾਦ, ਮਨੀ ਬੈਂਸ ਦੌਲੀਕੇ ਵਾਲਿਆਂ ਦੇ ਜਥਿਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਉਕਤ ਸਮਾਗਮ 'ਚ ਉਚੇਚੇ ਤੌਰ 'ਤੇ ਪਹੁੰਚੇ ਸੰਤ ਮਹਾਂਪੁਰਸ਼ਾਂ ਤੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੁਲਦੀਪ ਸਿੰਘ, ਬਲਰਾਜ ਬਿੱਲਾ, ਹੁਸਨ ਲਾਲ, ਸੁਖਦੇਵ ਗੋਖਾ, ਰਘਵੀਰ ਕੁਮਾਰ, ਓਮ ਪ੍ਰਕਾਸ਼, ਪਵਨ ਕੁਮਰ, ਸਰਬਜੀਤ ਸਾਬੀ, ਮੋਹਨ ਰੀਤ, ਰਵਿੰਦਰ ਕੁਮਰ, ਧਰਮਿੰਦਰ, ਸੋਨੂੰ, ਸਤੀਸ਼ ਕੁਮਾਰ, ਪ੍ਰਧਾਨ ਕ੍ਰਿਸਨ ਪਾਲ ਪਾਲਾ, ਵਾਇਸ ਪ੍ਰਧਾਨ ਵਿਨੋਦ ਕੁਮਾਰ, ਸੁਖਦੇਵ ਕੁਮਾਰ ਸੈਕਟਰੀ, ਜਨਰਲ ਸਕੱਤਰ ਵੀਰਾ ਚੌਕੀਦਾਰ, ਸੰਸਾਰ ਚੰਦ, ਅਸ਼ੰਕ ਕੁਮਾਰ ਦੋਨੋਂ ਚੇਅਰਮੈਨ), ਖਜ਼ਾਨਚੀ ਜਸਵੰਤ ਰਾਏ ਆਦਿ ਸਾਰਿਆਂ ਵੱਲੋਂ ਦਾਨੀ ਸੱਜਣ, ਬੁਲੰਦਪੁਰ ਆਦਿ ਹਾਜ਼ਰ ਸਨ।

# ਵੋਟਰ ਸੂਚੀਆਂ ਨੂੰ ਦਰੁਸਤ ਕਰਨ ਲਈ ਪਿੰਡਾਂ 'ਚ ਲੱਗੇ ਵਿਸ਼ੇਸ ਕੈਂਪ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**

ਜ਼ਿਲ੍ਹਾ ਚੋਣ ਅਧਿਕਾਰੀ ਰੂਪਨਗਰ ਦੇ ਆਦੇਸ਼ਾਂ ਤਹਿਤ ਨੂਰਪੁਰਬੇਦੀ ਦੇ ਵੱਖ-ਵੱਖ ਪਿੰਡਾਂ 'ਚ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ, ਨਵੀਆਂ ਵੋਟਾਂ ਬਣਾਉਣ, ਵੋਟਰ ਸੂਚੀਆਂ ਨਾਲ ਸਬੰਧਿਤ ਹੋਰ ਕਾਰਜ ਮੁਕੰਮਲ ਕਰਕੇ ਤਰੁਟੀ ਰਹਿਤ ਵੋਟਰ ਸੂਚੀਆਂ ਤਿਆਰ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਗਏ। ਇਨਾਂ ਕੈਂਪਾਂ ਦੌਰਾਨ ਸਬੰਧਿਤ ਪੋਲਿੰਗ ਬੂਥਾਂ ਦੇ ਬੀ.ਐੱਲ.ਓਜ਼. ਵੱਲੋਂ ਸਮੁੱਚਾ ਕੰਮ ਮੁਕੰਮਲ ਕੀਤਾ ਗਿਆ। ਪਿੰਡ ਜੱਟਪੁਰ ਵਿਖੇ ਬੀ.ਐੱਲ.ਓਜ਼. ਅਮਰਜੀਤ ਸਿੰਘ ਤੇ ਮੁਕੇਸ਼ ਭੰਡਾਰੀ ਨੇ ਬੂਥ ਨੰਬਰ 42 ਅਤੇ 43 'ਤੇ, ਟੇਡੇਵਾਲ ਵਿਖੇ ਗੁਰਸੇਵਕ ਸਿੰਘ ਨੇ, ਬਾਹਮਣ ਮਾਜਰਾ ਵਿਖੇ ਨੀਰਜ ਕੁਮਾਰ, ਨੂਰਪੁਰਬੇਦੀ ਵਿਖੇ ਦਵਿੰਦਰ ਕੁਮਾਰ, ਗੁਰਪ੍ਰਤਾਪ ਸਿੰਘ, ਰਾਜੀਵ ਲੂੰਬਾ ਤੇ ਸੁਖਵਿੰਦਰ ਸਿੰਘ ਨੇ, ਸਿੰਬਲਮਾਜਰਾ ਵਿਖੇ ਸੈਕਟਰੀ ਸੁਰਜੀਤ ਸਿੰਘ ਨੇ ਕਰਤਾਰਪੁਰ ਵਿਖੇ ਹਰਕੇਸ਼ ਕੁਮਾਰ ਨੇ, ਨੂਰਪੁਰ ਖੁਰਦ ਵਿਖੇ ਦਵਿੰਦਰ ਖੋਸਲਾ ਜਦਕਿ ਪਿੰਡ ਸੈਣੀਮਾਜਰਾ ਵਿਖੇ ਮਹਿੰਦਰ ਸਿੰਘ ਤੇ ਅਮਰਜੀਤ ਸੈਣੀ ਨੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਏ ਇਸ ਵਿਸ਼ੇਸ਼ ਕੈਂਪ ਦੌਰਾਨ ਨਵੇਂ ਵੋਟਰਾਂ ਦੀਆਂ ਵੋਟਾਂ ਬਣਾਉਣ, ਆਧਾਰ ਕਾਰਡਾਂ ਨੂੰ ਵੋਟਰ ਕਾਰਡਾਂ ਨਾਲ ਲਿੰਕ ਕਰਨ, ਵੋਟਰ ਸੂਚੀ 'ਚ ਨਾਵਾਂ ਅਤੇ ਫੋਟੋਆਂ ਸਹਿਤ ਹੋਰ ਦਰੁੱਸਤੀ ਕਰਨ ਸਬੰਧੀ ਫਾਰਮ ਹਾਸਿਲ ਕਰਨ ਦਾ ਕੰਮ ਕੀਤਾ। ਬੀ.ਐੱਲ.ਓਜ਼. ਨੇ ਦੱਸਿਆ ਕਿ ਉਕਤ ਕਾਰਜ਼ ਆਫ਼ਲਾਈਨ ਤੇ ਆਨਲਾਈਨ ਦੋਵੇਂ ਤਰੀਕਿਆਂ ਨਾਲ ਕੀਤਾ ਗਿਆ। ਉਨਾਂ ਕਿਹਾ ਕਿ ਅਗਰ ਕੋਈ ਨਾਗਰਿਕ ਉਕਤ ਕਾਰਜ ਕਰਵਾਉਣ ਤੋਂ ਰਹਿੰਦਾ ਹੈ ਤਾਂ ਉਹ ਆਮ ਦਿਨਾਂ 'ਚ ਵੀ ਉਨਾਂ ਕੋਲ ਪਹੁੰਚ ਕੇ ਇਸਦਾ ਲਾਭ ਹਾਸਿਲ ਕਰ ਸਕਦਾ ਹੈ। ਇਸ ਦੌਰਾਨ ਅਧਿਕਾਰੀਆਂ ਨੇ ਵੀ ਉਕਤ ਕੈਂਪਾਂ 'ਚ ਪਹੁੰਚ ਕੇ ਚੱਲ ਰਹੇ ਵੋਟਾਂ ਤੇ ਆਧਾਰ ਕਾਰਡ ਲਿੰਕ ਕਰਨ ਸਹਿਤ ਹੋਰਨਾਂ ਕਾਰਜ਼ਾਂ ਦਾ ਨਿਰੀਖਣ ਕੀਤਾ। ਉਨਾਂ ਦੱਸਿਆ ਕਿ ਆਧਾਰ ਕਾਰਡ ਲਿੰਕ ਕਰਵਾਉਣਾ ਸਵੈਇੱਛੁੱਕ ਹੈ ਨਾ ਕਿ ਲਾਜ਼ਮੀ। ਜੇਕਰ ਕਿਸੇ ਵੋਟਰ ਪਾਸ ਆਧਾਰ ਕਾਰਡ ਨਹੀਂ ਹੈ ਤਾਂ ਉਸ ਵੋਟਰ ਦੀ ਐਂਟਰੀ ਭਾਰਤ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਕੀਤੇ ਗਏ ਕੁੱਲ 11 ਦਸਤਾਵੇਜ਼ਾਂ 'ਚ ਸ਼ਾਮਲ ਡਰਾਈਵਿੰਗ ਲਾਇਸੈਂਸ, ਭਾਰਤੀ ਪਾਸਪੋਰਟ, ਮਨਰੇਗਾ ਨੌਕਰੀ ਕਾਰਡ, ਬੈਂਕ/ਡਾਕਖਾਨੇ ਵੱਲੋਂ ਜਾਰੀ ਕੀਤੀ ਪਾਸਬੁੱਕ, ਪੈਨ ਕਾਰਡ ਆਦਿ ਦੀ ਕਾਪੀ ਹਾਸਿਲ ਕਰਕੇ ਵੀ ਤਸਦੀਕ ਕੀਤੀ ਜਾ ਸਕਦੀ ਹੈ।



# ਵੱਖ-ਵੱਖ ਪਾਰਟੀਆਂ ਛੱਡ ਲੋਕ ਹੋਏ ਆਮ ਆਦਮੀ ਪਾਰਟੀ 'ਚ ਸ਼ਾਮਲ



**ਆਦਮਪੁਰ (ਪਰਮਜੀਤ ਸਿੰਘ)**-ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਵਲੋਂ ਸਰਕਟ ਹਾਊਸ ਜਲੰਧਰ ਵਿਖੇ ਸਰਦਾਰ ਹਰਚਰਨ ਸਿੰਘ ਬਰਸਟ (ਜਨਰਲ ਸਕੱਤਰ ਪੰਜਾਬ, ਚੇਅਰਮੈਨ ਪੰਜਾਬ ਮੰਡੀ ਬੋਰਡ), ਰਾਜਵਿੰਦਰ ਕੌਰ ਥਿਆੜਾ (ਚੇਅਰਮੈਨ ਪੰਜਾਬ ਸਟੇਟ ਕੰਟੇਨਰ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਿਡ) ਦੀ ਅਗਵਾਈ ਹੇਠ ਹਲਕਾ ਆਦਮਪੁਰ ਦੇ ਵੱਖ ਵੱਖ ਪਿੰਡਾਂ ਦੇ ਕਾਂਗਰਸ ਅਤੇ ਅਕਾਲੀ ਪਾਰਟੀ ਦੇ ਸਰਪੰਚਾਂ ਤੇ ਪੰਚਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ। ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਚੱਕ ਝੰਡੂ ਤੋਂ ਸਰਪੰਚ ਸੋਢੀ ਰਾਮ, ਪਿੰਡ ਮਾਣਕਰਾਏ ਤੋਂ ਸਰਪੰਚ ਲਹਿੰਬਰ ਰਾਮ, ਪਿੰਡ ਲੋਹਾਰਾ ਤੋਂ ਸਰਪੰਚ ਤਜਿੰਦਰ ਕੌਰ, ਪਿੰਡ ਨੰਗਲ ਫਿਦਾ ਤੋਂ ਸਰਪੰਚ ਸਤਨਾਮ ਸਿੰਘ, ਪਿੰਡ ਧਮੂਲੀ ਤੋਂ ਸਰਪੰਚ ਸੁਰਿੰਦਰ ਕੌਰ, ਪਿੰਡ ਨਿਜਾਮੁਦੀਨਪੁਰ ਤੋਂ ਸਰਪੰਚ ਗੁਰਦਿਆਲ ਸਿੰਘ, ਪਿੰਡ ਗੀਗਨਵਾਲ ਤੋਂ ਸਰਪੰਚ ਗੁਰਪ੍ਰੀਤ ਕੌਰ, ਪਿੰਡ ਕੋਟਲਾ ਤੋਂ ਸਰਪੰਚ ਲਵਿੰਦਰ ਸਿੰਘ, ਪਿੰਡ ਕੋਹਜਾ ਤੋਂ ਸਰਪੰਚ ਜੋਗਿੰਦਰ ਪਾਲ, ਪਿੰਡ ਸੱਤੋਵਾਲੀ ਤੋਂ ਸਰਪੰਚ ਜੋਤੀ, ਪਿੰਡ ਮੁਹੱਦੀਪੁਰ ਤੋਂ ਕਾਂਗਰਸ ਕਮੇਟੀ ਸੈਕਟਰੀ ਸਤਨਾਮ ਸਿੰਘ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਲ।

# ਲੁਟੇਰਿਆਂ ਨੇ ਦਿਨ-ਦਿਹਾੜੇ ਐਨ ਆਰ ਆਈ ਲੁੱਟਿਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬੀਤੀ ਸ਼ਾਮ ਤਕਰੀਬਨ 4 ਵਜੇ 2 ਲੁਟੇਰਿਆਂ ਨੇ ਚੀਮਾ ਕਲਾਂ ਦੇ ਵਸਨੀਕ ਇਕ ਐਨ ਆਰ ਆਈ ਪਿੰਡ ਦੇ ਨੇੜਿਓਂ ਹੀ ਲੁੱਟ ਲਿਆ। ਐਨ ਆਰ ਆਈ ਦੇ ਭਰਾ ਦਰਸ਼ਨ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਕੁਝ ਕੁ ਦਿਨ ਪਹਿਲਾਂ ਹੀ ਪਿੰਡ ਆਇਆ ਹੈ ਅਤੇ ਉਹ ਸ਼ਾਮ ਵੇਲੇ ਆਪਣੇ ਖੂਹ ਨੂੰ ਜਾ ਰਿਹਾ ਸੀ ਤਾਂ ਮੋਟਰਸਾਈਕਲ ਸਵਾਰ 2 ਲੁਟੇਰੇ ਬਾਬਾ ਭਾਈ ਸਾਧੂ ਦੀ ਸਮਾਧ ਨੇੜੇ ਉਸ ਕੋਲੋ ਪੈਟਰੋਲ ਪੰਪ ਪੁੱਛਣ ਲੱਗੇ ਕੇ ਸਾਡੇ ਮੋਟਰਸਾਈਕਲ ਦਾ ਤੇਲ ਮੁੱਕ ਗਿਆ ਹੈ ਕਿ ਪੈਟਰੋਲ ਪੰਪ ਕਿੱਥੇ ਹੈ ਤੇ ਏਨਾ ਕਹਿ ਕੇ ਉਹ ਐਨ ਆਰ ਆਈ ਦੀਆਂ ਜੇਬਾਂ ਫੋਲਣ ਲੱਗ ਪਏ, ਪਰ ਕੁਝ ਨਾ ਮਿਲਣ 'ਤੇ ਉਹਨਾਂ ਨੇ ਉਸ ਦੇ ਗੁੱਟ ਤੋਂ ਘੜੀ ਹੀ ਉੱਤਾਰ ਲਈ ਤੇ ਫਰਾਰ ਹੋ ਗਏ। ਇੱਥੇ ਜਿਕਰਯੋਗ ਹੈ ਕਿ ਇਸੇ ਜਗ੍ਹਾ ਤੋਂ 2 ਮਹੀਨੇ ਪਹਿਲਾਂ ਦਰਸ਼ਨ ਸਿੰਘ ਪਾਸੋਂ ਲੁਟੇਰਿਆਂ ਨੇ 4 ਹਜ਼ਾਰ ਰੁਪਏ ਲੁੱਟ ਲਏ ਸਨ। ਇਸ ਘਟਨਾ ਦੀ ਰਿਪੋਰਟ ਪੁਲਸ ਥਾਣਾ ਨੂਰਮਹਿਲ ਨੂੰ ਦੇ ਦਿੱਤੀ ਗਈ ਹੈ। ਐਨ ਆਰ ਆਈ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦਾ ਦਿਨ ਵੇਲੇ ਵੀ ਘਰੋਂ ਬਾਹਰ ਨਿਕਲਣਾ ਮੁਸ਼ਕਲ ਹੈ। ਪੁਲਸ ਨੂੰ ਲੁਟੇਰਿਆਂ ਪ੍ਰਤੀ ਸਖਤ ਕਦਮ ਚੁੱਕਣਾ ਚਾਹੀਦਾ ਹੈ।

# ਸੀਟੀ ਪਬਲਿਕ ਸਕੂਲ 'ਚ ਕਿੰਡਰਗਾਰਟਨ ਗ੍ਰੈਜੂਏਸ਼ਨ ਸਮਾਰੋਹ

**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਪਬਲਿਕ ਸਕੂਲ ਦਾ ਕਿੰਡਰਗਾਰਟਨ ਗ੍ਰੈਜੂਏਸ਼ਨ ਸਮਾਰੋਹ ਮਨਾਇਆ ਗਿਆ। ਸਕੂਲ ਨਿੱਕੇ-ਨਿੱਕੇ ਬੱਚਿਆਂ ਦੀ ਮੁਸਕਰਾਹਟ ਨਾਲ ਰੌਸ਼ਨ ਹੋ ਗਿਆ। ਜਿਸ ਨੇ ਉਨ੍ਹਾਂ ਦੇ ਮਾਣਮੱਤੇ ਅਤੇ ਉਤਸੁਕ ਮਾਪਿਆਂ ਦੀਆਂ ਅੱਖਾਂ ਨੂੰ ਰੋਸ਼ਨ ਕਰ ਦਿੱਤਾ। ਬੱਚਿਆਂ ਨੂੰ ਅਗਲੇ ਸੈਸ਼ਨ ਦੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਤਸਾਹਿਤ ਕਰਨ ਲਈ ਸੀ ਟੀ ਕਲਚਰ ਟੀਮ ਵੱਲੋਂ ਇਸ ਜਸ਼ਨ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ, ਤਨਿਕਾ ਚੰਨੀ, ਸੀ ਟੀ ਪੀ ਐਸ ਪ੍ਰਿੰਸੀਪਲ ਅਨੁਰਾਧਾ ਚੰਦੇਲ ਅਤੇ ਸੀ ਟੀ ਪੀ ਐਸ ਵਾਈਸ ਪ੍ਰਿੰਸੀਪਲ ਸੁਖਦੀਪ ਕੌਰ ਹਾਜ਼ਰ ਸਨ। ਮਹਿਮਾਨਾਂ ਅਤੇ ਮਾਪਿਆਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੁਰੀਲੇ ਸ਼ਬਦਾਂ ਨਾਲ ਸ਼ੁਭ ਸਮਾਗਮ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਐਲ ਕੇ ਜੀ ਦੇ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਡਾਂਸ ਪੇਸ਼ਕਾਰੀ ਕੀਤੀ ਗਈ। ਜੀਵੰਤ ਸੰਗੀਤ, ਡਾਂਸ, ਜੀਵੰਤ ਰੰਗ, ਅਤੇ ਬਹੁਤ ਹੀ ਤਾਲਮੇਲ ਵਾਲੀਆਂ ਪੇਸ਼ਕਾਰੀ ਨੇ ਸੀ ਟੀ ਕਿੰਡਰਗਾਰਟਨ ਨੂੰ ਇੱਕ ਨਵੇਂ ਰੰਗ 'ਚ ਰੰਗ ਦਿੱਤਾ। ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ ਨੇ ਸਾਰੇ ਛੋਟੇ ਗ੍ਰੈਜੂਏਟਾਂ ਨੂੰ ਆਸ਼ੀਰਵਾਦ ਦਿੱਤਾ।



# ਸੁਨੀਲ ਢੀਂਗਰਾ ਦੀ ਅਗਵਾਈ ਹੇਠ ਹੋਈ ਲਾਇਨਜ਼ ਕਲੱਬ ਸਿਟੀ ਦੀ ਮੀਟਿੰਗ

**ਫਗਵਾੜਾ (ਡਾ. ਰਮਨ)**

ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਦੀ ਮੀਟਿੰਗ ਕਲੱਬ ਦੇ ਪ੍ਰਧਾਨ ਲਾਇਨ ਸੁਨੀਲ ਢੀਂਗਰਾ ਦੀ ਪ੍ਰਧਾਨਗੀ ਹੇਠ ਸਥਾਨਕ ਹੁਸ਼ਿਆਰਪੁਰ ਰੋਡ ਸਥਿਤ ਕੇ.ਜੀ ਰਿਜ਼ੋਰਟ ਵਿਖੇ ਹੋਈ। ਮੀਟਿੰਗ ਵਿੱਚ ਕਲੱਬ ਦੇ ਚਾਰਟਰ ਪ੍ਰਧਾਨ ਅਤੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਜ਼ਿਲ੍ਹਾ ਚੇਅਰਪਰਸਨ (ਸਾਈਟ ਫਸਟ) ਲਾਇਨ ਗੁਰਦੀਪ ਸਿੰਘ ਕੰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਜ਼ੋਨ ਚੇਅਰਮੈਨ ਲਾਇਨ ਅਤੁਲ ਜੈਨ ਵੀ ਮੌਜੂਦ ਸਨ। ਮੀਟਿੰਗ ਦੌਰਾਨ ਕਲੱਬ ਦੀਆਂ ਪਿਛਲੇ ਇੱਕ ਸਾਲ ਦੀਆਂ ਗਤੀਵਿਧੀਆਂ ਅਤੇ ਆਉਣ ਵਾਲੇ ਦਿਨਾਂ ਵਿੱਚ ਕੀਤੇ ਜਾਣ ਵਾਲੇ ਪ੍ਰੋਜੈਕਟਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਲਾਇਨ ਸੁਨੀਲ ਢੀਂਗਰਾ ਨੇ ਦੱਸਿਆ ਕਿ ਕਲੱਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡ, ਮੈਡੀਕਲ ਚੈਕਅੱਪ ਕੈਂਪ ਅਤੇ ਵਾਤਾਵਰਨ ਪ੍ਰਤੀ ਜਾਗਰੂਕਤਾ ਲਿਆਉਣ ਲਈ ਕਈ ਪ੍ਰੋਜੈਕਟ ਕੀਤੇ ਜਾਣਗੇ। ਕਲੱਬ ਦੇ ਸਕੱਤਰ ਲਾਇਨ ਅਮਿਤ ਸ਼ਰਮਾ ਆਸ਼ੂ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਸਮਾਜ ਸੇਵਾ ਵਿੱਚ ਹਮੇਸ਼ਾ ਮੋਹਰੀ ਰਹਿੰਦੀ ਹੈ। ਕਲੱਬ ਦੀਆਂ ਗਤੀਵਿਧੀਆਂ ਵਿੱਚ ਮੁੱਖ ਤੌਰ 'ਤੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਵੰਡ, ਮਰੀਜ਼ਾਂ ਨੂੰ ਦਵਾਈਆਂ, ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ 'ਤੇ ਵਿੱਤੀ ਸਹਾਇਤਾ ਅਤੇ ਕਈ ਤਰ੍ਹਾਂ ਦੀਆਂ ਜਾਗਰੂਕਤਾ ਮੁਹਿੰਮਾਂ ਸ਼ਾਮਲ ਹਨ। ਚਾਰਟਰ ਪ੍ਰਧਾਨ ਲਾਇਨ ਗੁਰਦੀਪ ਸਿੰਘ ਕੰਗ ਨੇ ਮੌਜੂਦਾ ਟੀਮ ਦੀਆਂ ਗਤੀਵਿਧੀਆਂ 'ਤੇ ਤਸੱਲੀ ਪ੍ਰਗਟ ਕਰਦਿਆਂ ਭਵਿੱਖ 'ਚ ਹੋਰ ਵੀ ਸਮਰਪਿਤ ਭਾਵਨਾ ਨਾਲ ਕਲੱਬ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਉਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਜਿੱਥੇ ਕਲੱਬ ਦੇ ਨਵੇਂ ਸ਼ਾਮਲ ਹੋਏ ਮੈਂਬਰਾਂ ਪੁਨੀਤ ਸੇਠੀ ਅਤੇ ਓਮ ਪ੍ਰਕਾਸ਼ ਨੂੰ ਲਾਇਨਜ਼ ਕਲੱਬ ਦੀ ਵਿਚਾਰਧਾਰਾ ਅਤੇ ਟੀਚੇ ਤੋਂ ਜਾਣੂ ਕਰਵਾਇਆ ਗਿਆ, ਉੱਥੇ ਹੀ ਲਾਇਨਜ਼ ਇੰਟਰਨੈਸ਼ਨਲ ਵੱਲੋਂ ਕਲੱਬ ਨੂੰ ਭੇਜੀਆਂ ਗਈਆਂ ਕਿੱਟਾਂ ਵੀ ਮੈਂਬਰਾਂ ਨੂੰ ਵੰਡੀਆਂ ਗਈਆਂ। ਇਸ ਮੌਕੇ ਲਾਇਨ ਜੁਗਲ ਬਵੇਜਾ ਪੀ.ਆਰ.ਓ., ਲਾਇਨ ਵਿਪਨ ਠਾਕੁਰ, ਲਾਇਨ ਸੰਜੀਵ ਸੂਰੀ, ਲਾਇਨ ਸੰਜੇ ਤ੍ਰੇਹਨ, ਲਾਇਨ ਸੁਮਿਤ ਭੰਡਾਰੀ, ਲਾਇਨ ਰਣਧੀਰ ਕਰਵਲ, ਲਾਇਨ ਜਸਬੀਰ ਮਾਹੀ, ਲਾਇਨ ਸ਼ਸ਼ੀ ਕਾਲੀਆ, ਲਾਇਨ ਅਸ਼ਵਨੀ ਕਵਾਤਰਾ, ਲਾਇਨ ਅਜੇ ਕੁਮਾਰ, ਲਾਇਨ ਵਿਪਨ ਕੁਮਾਰ ਆਦਿ ਹਾਜ਼ਰ ਸਨ।

# ਕਰਾਟੇ ਮੁਕਾਬਲਿਆਂ 'ਚ ਰੇਲਵੇ ਮੰਡੀ ਸਕੂਲ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਦੀ ਭਾਗੀਦਾਰੀ ਸੁਨਿਸਚਤ ਕਰਨ ਲਈ ਉਨ੍ਹਾਂ ਵਿੱਚ ਆਤਮਵਿਸ਼ਵਾਸ ਅਤੇ ਆਤਮ ਰੱਖਿਆ ਦੀ ਭਾਵਨਾ ਨੂੰ ਬਲਵਾਨ ਕਰਨ ਲਈ ਸਮਗਰਾ ਸਿੱਖਿਆ ਯੋਜਨਾ ਅਧੀਨ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਰਾਣੀ ਲਕਸ਼ਮੀ ਬਾਈ ਸੈਲਫ਼ ਡਿਫੈਂਸ ਟ੍ਰੇਨਿੰਗ ਅਧੀਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਦੀਆਂ ਵਿਦਿਆਰਥਣਾਂ ਨੂੰ ਅੰਤਰਰਾਸ਼ਟਰੀ ਕਰਾਟੇ ਕੋਚ ਅਤੇ ਵਰਲਡ ਕਰਾਟੇ ਫੈਡਰੇਸ਼ਨ ਦੇ ਸਰਟੀਫਾਈਡ ਜੱਜ ਅਤੇ ਅੰਤਰਰਾਸ਼ਟਰੀ ਰੈਫਰੀ ਜਗਮੋਹਨ ਵਿਜ ਵੱਲੋਂ ਟਰੈਡੀਸ਼ਨਲ ਕਰਾਟੇ ਅਤੇ ਸਪੋਰਟਸ ਕਰਾਟੇ ਦੇ ਨਾਲ ਨਾਲ ਆਤਮ ਰੱਖਿਆ ਦੀਆਂ ਤਕਨੀਕਾਂ ਦੀ ਟ੍ਰੇਨਿੰਗ ਵੀ ਦਿੱਤੀ। ਵਿਦਿਆਰਥਣਾਂ ਨੂੰ ਬੇਸਿਕ ਪੰਚ, ਬਲਾਕਸ ਅਤੇ ਕਿੱਕਾਂ ਦੇ ਨਾਲ ਨਾਲ ਵਰਲਡ ਕਰਾਟੇ ਫੈਡਰੇਸ਼ਨ ਦੇ ਨਵੇਂ ਨਿਯਮਾਂ ਦੇ ਅਨੁਸਾਰ ਸਪਾਇਰਿੰਗ ਦੀ ਟ੍ਰੇਨਿੰਗ ਦਿੱਤੀ ਗਈ। 40 ਦਿਨ ਤੱਕ ਚੱਲੀ ਇਸ ਮਹੱਤਪੂਰਨ ਟ੍ਰੇਨਿੰਗ ਦੇ ਦੌਰਾਨ ਜ਼ਿਲ੍ਹੇ ਭਰ ਤੋਂ 400 ਤੋਂ ਵੱਧ ਸਕੂਲਾਂ ਵਿੱਚ ਇਹ ਮੁਕਾਬਲੇ ਕਰਵਾਏ ਗਏ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗਪੁਰ ਸਤੌਰ ਵਿੱਚ ਜ਼ੋਨਲ ਪੱਧਰ 'ਤੇ ਹੋਏ ਕਰਾਟੇ ਮੁਕਾਬਲੇ ਵਿੱਚ ਰੇਲਵੇ ਮੰਡੀ ਸਕੂਲ ਦੀਆਂ ਵਿਦਿਆਰਥਣਾਂ ਨੇ 309 ਰਜਤ ਪਦਕ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਜ਼ੋਨਲ ਪੱਧਰ 'ਤੇ ਹੋਏ ਕਰਾਟੇ ਮੁਕਾਬਲੇ ਵਿੱਚ 40 ਕਿੱਲੋ ਤੋਂ ਘੱਟ ਭਾਰ ਵਰਗ ਵਿੱਚ ਦਿਵਿਆ, 50 ਕਿੱਲੋ ਤੋਂ ਘੱਟ ਭਾਰ ਵਿੱਚ ਰੇਣੁਕਾ ਅਤੇ 50 ਕਿੱਲੋ ਤੋਂ ਵੱਧ ਭਾਰ ਵਰਗ ਵਿੱਚ ਵੰਸ਼ਿਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦ ਕਿ 40 ਕਿੱਲੋ ਤੋਂ ਘੱਟ ਭਾਰ ਵਰਗ ਵਿੱਚ ਰੀਆ ਦੂਜੇ ਸਥਾਨ 'ਤੇ ਰਹੀ। ਜ਼ਿਲ੍ਹਾ ਪੱਧਰ ਤੇ ਆਯੋਜਿਤ ਕੀਤੇ ਗਏ ਮੁਕਾਬਲੇ ਵਿੱਚ 3 ਖਿਲਾੜੀਆਂ ਵਿੱਚੋਂ ਦੋ ਦਿਵਯਾ ਅਤੇ ਰੇਣੁਕਾ ਨੇ ਸਵਰਨ ਪਦਕ ਜਿੱਤਕੇ ਰਾਜ ਪੱਧਰੀ ਮੁਕਾਬਲੇ ਵਿੱਚ ਭਾਗ ਲੈਣ ਦਾ ਮਾਣ ਪ੍ਰਾਪਤ ਕੀਤਾ। ਪ੍ਰਿੰਸੀਪਲ ਲਲਿਤਾ ਅਰੋੜਾ ਨੇ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਵਧਾਈ ਦਿੱਤੀ। ਪ੍ਰਿੰਸੀਪਲ ਲਲਿਤਾ ਅਰੋੜਾ ਨੇ ਇਸ ਮੌਕੇ ਕਰਾਟੇ ਕੋਚ ਜਗਮੋਹਨ ਵਿਜ ਅਤੇ ਨੀਤੀ ਜਗਮੋਹਨ ਵਿਜ ਵੱਲੋਂ ਦਿੱਤੀ ਟ੍ਰੇਨਿੰਗ ਦੀ ਖ਼ੂਬ ਪ੍ਰਸ਼ੰਸਾ ਕੀਤੀ। ਪ੍ਰਿੰਸੀਪਲ ਲਲਿਤਾ ਅਰੋੜਾ ਨੇ ਕਰਾਟੇ ਟ੍ਰੇਨਿੰਗ ਨੂੰ ਮਹੱਤਵਪੂਰਨ ਦੱਸਦੇ ਹੋਏ ਇਸ ਨੂੰ ਅੱਜ ਦੇ ਸਮੇਂ ਦੀ ਲੋੜ ਦੱਸਿਆ ਅਤੇ ਕਿਹਾ ਕਿ ਇਹੋ ਜਿਹੀ ਟ੍ਰੇਨਿੰਗ ਨਾਲ ਵਿਦਿਆਰਥਣਾਂ ਦਾ ਆਤਮ ਵਿਸ਼ਵਾਸ ਵਧਦਾ ਹੈ। ਇਸ ਮੌਕੇ ਸਪੋਰਟਸ ਇੰਚਾਰਜ ਜੋਗਿੰਦਰ ਕੌਰ, ਸਰਬਜੀਤ ਕੌਰ, ਯਸ਼ਪਾਲ, ਬਲਦੇਵ ਸਿੰਘ ਅਤੇ ਰੋਮਾ ਵਿਸ਼ੇਸ਼ ਰੂਪ ਵਿੱਚ ਸ਼ਾਮਲ ਸਨ।



# ਯਾਦਗਾਰੀ ਹੋ ਨਿੱਬੜਿਆ ਪੰਡੋਰੀ ਕਦ ਦਾ ਪੇਂਡੂ ਖੇਡ ਮੇਲਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਪੰਡੋਰੀ ਕੱਦ ਵਿਖੇ ਡਾਕਟਰ ਭੀਮ ਰਾਓ ਸਪੋਰਟਸ ਕਲੱਬ ਵੱਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਅਤੇ ਪੇਂਡੂ ਖੇਡ ਮੇਲਾ ਐਨ ਆਰ ਆਈ ਵੀਰਾਂ ਅਤੇ ਸਮੂਹ ਸਮਾਜ ਸੇਵਕਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਪੇਂਡੂ ਖੇਡ ਮੇਲੇ ਵਿਚ ਵੱਧ ਚੜ੍ਹ ਕੇ ਖੇਡ ਪ੍ਰੇਮੀਆਂ ਨੇ ਹਿੱਸਾ ਲਿਆ। ਇਸ ਦੌਰਾਨ ਫਾਈਨਲ 'ਚ ਪਹੁੰਚੀਆਂ ਫੁੱਟਬਾਲ ਓਪਨ ਦੀਆਂ ਦੋ ਟੀਮਾਂ ਪੰਡੋਰੀ ਕੱਦ ਅਤੇ ਬਘਾਣਾ ਵਿਚਕਾਰ ਮੁਕਾਬਲਾ ਹੋਇਆ ਜਿਸ ਦੌਰਾਨ ਬਘਾਣਾ ਦੀ ਟੀਮ ਜੇਤੂ ਰਹੀ ਤੇ ਟਰਾਫੀ ਕੱਪ ਸਮੇਤ 15000 ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਰੇਸ਼ ਬਘਾਣਾ ਨੂੰ ਵੈਸਟ ਪਲੇਅਰ ਵਜੋਂ 32 ਇੰਚ ਦੀ ਐਲ ਈ ਡੀ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਮਾਜ ਸੇਵਕ ਅੰਮ੍ਰਿਤ ਸਰਪੰਚ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਤਿਲਕ ਰਾਜ ਐਸ ਡੀ ਓ, ਸੁਭਾਸ਼ ਸਿੰਘ ਇਟਲੀ, ਅੰਮ੍ਰਿਤਪਾਲ ਸਰਪੰਚ ਪਡੋਰੀ ਕੱਦ, ਵਿੱਕੀ ਬੱਧਣ, ਕਾਲਾ ਹੀਰ, ਮੁਕੇਸ਼ ਪੰਚ, ਨਿਰਜ ਹੀਰ, ਪ੍ਰਦੀਪ ਹੀਰ, ਗਿਆਨ ਸਿੰਘ ਸਾਬਕਾ ਡੀ ਐਸ ਪੀ, ਸਾਬੀ ਖੇੜਾ, ਕੂਕੀ ਪੰਚ ਅਤੇ ਹੋਰ ਵੱਡੀ ਗਿਣਤੀ 'ਚ ਕਲੱਬ ਦੇ ਮੈਂਬਰਾਂ ਨੇ ਹਿੱਸਾ ਲਿਆ। ਕਮੇਟੀ ਮੈਂਬਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

# ਡਿਜੀਟਲ ਨਕਸ਼ੇ ਤਿਆਰ ਕਰਨ ਲਈ ਇਕ ਦਿਨ 'ਚ ਡਰੋਨ ਰਾਹੀਂ 9 ਪਿੰਡਾਂ ਨੂੰ ਮੈਪਿੰਗ ਕਰਕੇ ਮਿਸਾਲ ਕੀਤੀ ਕਾਇਮ

**ਜਲੰਧਰ,(ਸੁਰਿੰਦਰ ਕੁਮਾਰ)**

ਸੂਬੇ ਦੇ ਪਿੰਡਾਂ 'ਚ ਲਾਲ ਲਕੀਰ ਅੰਦਰ ਆਉਂਦੀ ਜਾਇਦਾਦ ਦੇ ਕਾਨੂੰਨੀ ਮਾਲਕਾਨਾਂ ਹੱਕ ਦੇਣ ਲਈ 'ਮੇਰਾ ਘਰ ਮੇਰੇ ਨਾਮ'/ਸਵਾਮਿਤਵ ਯੋਜਨਾ ਤਹਿਤ ਜਲੰਧਰ ਜ਼ਿਲ੍ਹੇ ਨੇ ਡਿਜੀਟਲ ਨਕਸ਼ੇ ਤਿਆਰ ਕਰਨ ਲਈ ਇਕ ਦਿਨ ਵਿੱਚ ਇਕ ਡਰੋਨ ਰਾਹੀਂ 9 ਪਿੰਡਾਂ ਨੂੰ ਮੈਪਿੰਗ ਤਹਿਤ ਕਵਰ ਕਰਕੇ ਮਿਸਾਲ ਕਾਇਮ ਕੀਤੀ ਹੈ। ਵਧੀਆ ਕਾਰਗੁਜ਼ਾਰੀ ਲਈ ਜ਼ਿਲ੍ਹਾ ਟੀਮ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਪੰਚਾਇਤ ਮੰਤਰਾਲੇ ਵੱਲੋਂ ਇਸ ਸਬੰਧੀ ਟਵੀਟ ਰਾਹੀਂ ਜਾਣਕਾਰੀ ਸਾਂਝੀ ਗਈ ਹੈ। ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਮੈਪਿੰਗ ਦੇ ਦੂਜੇ ਦੌਰ ਦੀ ਸ਼ੁਰੂਆਤ 1 ਮਾਰਚ, 2023 ਨੂੰ ਕੀਤੀ ਗਈ ਸੀ ਅਤੇ ਪਹਿਲੇ ਦਿਨ ਹੀ ਇਕ ਡਰੋਨ ਨਾਲ ਜ਼ਿਲ੍ਹੇ ਦੇ 9 ਪਿੰਡਾਂ ਨੂੰ ਕਵਰ ਕੀਤਾ ਗਿਆ, ਜੋ ਕਿ ਆਪਣੇ-ਆਪ ਵਿੱਚ ਇਕ ਮਿਸਾਲ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿੱਚ ਓਦੋਪੁਰ, ਬਰਸਾਲ, ਸ਼ਾਹਪੁਰ, ਹਮੀਰਖੇੜਾ, ਪ੍ਰਤਾਪੁਰਾ, ਫੂਲਪੁਰ, ਧਨਾਲ, ਨੰਗਲਪੁਰ ਦਿਲ ਅਤੇ ਉਸਮਾਨਪੁਰ ਸ਼ਾਮਲ ਹਨ। ਉਨ੍ਹਾਂ ਅੱਗੇ ਦੱਸਿਆ ਕਿ 3 ਮਾਰਚ ਤੱਕ 24 ਪਿੰਡਾਂ ਦੀ ਮੈਪਿੰਗ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ।

ਜਸਪ੍ਰੀਤ ਸਿੰਘ ਨੇ ਅੱਗੇ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਸੁਧਰੀ ਤਕਨੀਕ ਨਾਲ ਪਿੰਡਾਂ ਦਾ ਸਰਵੇਖਣ ਅਤੇ ਪਿੰਡਾਂ ਦੇ ਖੇਤਰਾਂ ਦੀ ਮੈਪਿੰਗ ਦੇ ਮਾਧਿਅਮ ਨਾਲ ਜਾਇਦਾਦ ਦੇ ਝਗੜਿਆਂ ਅਤੇ ਕਾਨੂੰਨੀ ਮਾਮਲਿਆਂ ਨੂੰ ਘੱਟ ਕਰਨਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਨਾਲ ਪੇਂਡੂ ਇਲਾਕਿਆਂ ਵਿੱਚ ਜਾਇਦਾਦ ਦੇ ਅਧਿਕਾਰ ਬਾਰੇ ਸਪੱਸ਼ਟਤਾ ਯਕੀਨੀ ਬਣੇਗੀ, ਜਿਸ ਨਾਲ ਜਾਇਦਾਦ ਸਬੰਧੀ ਝਗੜਿਆਂ ਨੂੰ ਸੁਲਝਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਪਿੰਡਾਂ 'ਚ ਡਰੋਨਾਂ ਦੀ ਵਰਤੋਂ ਕਰਕੇ ਲਾਲ ਲਕੀਰ ਅੰਦਰਲੀਆਂ ਜਾਇਦਾਦਾਂ ਦੀ ਮੈਪਿੰਗ ਕਰਵਾ ਕੇ ਯੋਗ ਰਿਕਾਰਡ ਮਾਲਕਾਂ ਨੂੰ ਸੌਂਪਿਆ ਜਾਵੇਗਾ।

ਜ਼ਿਲ੍ਹਾ ਮਾਲ ਅਫਸਰ ਜਸ਼ਨਜੀਤ ਸਿੰਘ, ਜੋ ਕਿ ਇਸ ਸਕੀਮ ਦੇ ਨੋਡਲ ਅਫਸਰ ਵੀ ਹਨ, ਨੇ ਕਿਹਾ ਕਿ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਪਿੰਡਾਂ ਵਿੱਚ ਲਾਲ ਲਕੀਰ ਅੰਦਰ ਆਉਂਦੀ ਜਾਇਦਾਦ ਦੀ ਮੈਪਿੰਗ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਲਾਲ ਲਕੀਰ ਅੰਦਰ ਆਉਂਦੀ ਜਾਇਦਾਦ ਦੇ ਮਾਲਕ ਕਾਨੂੰਨੀ ਤੌਰ 'ਤੇ ਆਪਣੀ ਜਾਇਦਾਦ ਦੇ ਦਸਤਾਵੇਜ਼ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ, ਜਿਸ ਨਾਲ ਉਨ੍ਹਾਂ ਨੂੰ ਆਪਣੀ ਜਾਇਦਾਦ ਦੀ ਖਰੀਦ-ਵੇਚ ਅਤੇ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਵਿੱਚ ਮੁਸ਼ਕਲ ਪੇਸ਼ ਨਹੀਂ ਆਵੇਗੀ।

# ਬਲੱਡ ਬੈਂਕ ਵੱਲੋਂ ਸਮਾਜ ਸੇਵਾ 'ਚ ਪਾਇਆ ਜਾ ਰਿਹਾ ਵਡਮੁੱਲਾ ਯੋਗਦਾਨ : ਅਨੀਤਾ ਸੋਮ ਪ੍ਰਕਾਸ਼

**ਫਗਵਾੜਾ (ਡਾ. ਰਮਨ)**

ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਚੇਅਰਮੈਨ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਬਲੱਡ ਬੈਂਕ 'ਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਯਾਦ ਵਿਚ 400ਵਾਂ ਦੰਦਾਂ ਦੀਆਂ ਬਿਮਾਰੀਆਂ ਅਤੇ ਜਬਾੜਿਆਂ ਦਾ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਲਗਾਇਆ ਗਿਆ। ਕੈਂਪ ਦੌਰਾਨ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਦੀ ਧਰਮ ਪਤਨੀ ਅਤੇ ਸਮਾਜ ਸੇਵਿਕਾ ਅਨੀਤਾ ਸੋਮ ਪ੍ਰਕਾਸ਼ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਉਹਨਾਂ 10 ਨਵੇਂ ਤਿਆਰ ਕੀਤੇ ਜਬਾੜੇ ਲੋੜਵੰਦਾਂ ਨੂੰ ਵੰਡਣ ਉਪਰੰਤ ਆਪਣੇ ਸੰਬੋਧਨ 'ਚ ਬਲੱਡ ਬੈਂਕ ਦੀ ਸਮਾਜ ਸੇਵਾ 'ਚ ਪਾਏ ਜਾ ਰਹੇ ਯੋਗਦਾਨ ਲਈ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਿਜੀ ਤੌਰ 'ਤੇ ਜਾਂ ਕਿਸੇ ਸੰਸਥਾ ਦੇ ਨਾਲ ਜੁੜ ਕੇ ਸਮਾਜ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਦੀ 25 ਮੈਂਬਰੀ ਟੀਮ ਨੇ ਡਾ. ਰਿਚਰਡ ਗਿੱਲ ਦੀ ਅਗਵਾਈ ਹੇਠ 150 ਮਰੀਜ਼ਾਂ ਦੇ ਦੰਦਾਂ ਅਤੇ ਜਬਾੜਿਆਂ ਦਾ ਮੁਆਇਨਾ ਕੀਤਾ। ਡਾਕਟਰਾਂ ਵਲੋਂ ਲੋੜਵੰਦਾਂ ਦੇ ਦੰਦਾ ਦੀ ਸਫਾਈ ਤੇ ਭਰਾਈ ਤੋਂ ਇਲਾਵਾ ਮਰੀਜਾਂ ਦੇ ਖਰਾਬ ਦੰਦਾਂ ਨੂੰ ਬਾਹਰ ਕੱਢਿਆ ਗਿਆ ਅਤੇ ਲੋੜਵੰਦਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ। 15 ਨਵੇਂ ਜਬਾੜੇ ਲਗਾਉਣ ਲਈ ਨਾਪ ਲਏ ਗਏ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਪਿਛਲੇ ਪੰਦਰਾਂ ਸਾਲ ਤੋਂ ਮਹੀਨੇ 'ਚ ਦੋ ਵਾਰ ਲਗਾਏ ਜਾਣ ਵਾਲੇ ਦੰਦਾ ਦੇ ਕੈਂਪ ਵਿਚ ਹੁਣ ਤੱਕ ਸੈਂਕੜੇ ਨਵੇਂ ਜਬਾੜੇ ਲਗਾਏ ਜਾ ਚੁੱਕੇ ਹਨ। ਉਹਨਾਂ ਦੱਸਿਆ ਕਿ ਅਗਲਾ ਕੈਂਪ 15 ਮਾਰਚ ਨੂੰ ਲਗਾਇਆ ਜਾਵੇਗਾ। ਕੈਂਪ ਦੌਰਾਨ ਵਿਸ਼ੇਸ਼ ਤੌਰ ਤੇ ਮੌਜੂਦ ਰਹੇ ਸੇਠੀ ਪਰਿਵਾਰ ਦੇ ਮੈਂਬਰਾਂ ਮਹਿੰਦਰ ਸੇਠੀ, ਅਸ਼ੋਕ ਸੇਠੀ ਅਤੇ ਤ੍ਰਿਪਤਾ ਸੇਠੀ ਨੇ ਮੁੱਖ ਮਹਿਮਾਨ ਤੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਟੀ.ਡੀ. ਚਾਵਲਾ, ਕੁਲਦੀਪ ਦੁੱਗਲ, ਗੁਲਸ਼ਨ ਕਪੂਰ, ਨਰਿੰਦਰ ਸਿੰਘ ਸੈਣੀ, ਵਿਸ਼ਵਾ ਮਿੱਤਰ ਸ਼ਰਮਾ, ਕ੍ਰਿਸ਼ਨ ਲਾਲ, ਮੋਹਨ ਲਾਲ ਤਨੇਜਾ, ਅਮਰਜੀਤ ਡਾਂਗ, ਤਾਰਾ ਚੰਦ ਚੁੰਬਰ, ਅਮਰਜੀਤ ਕੁਮਾਰ, ਐਸ.ਸੀ. ਚਾਵਲਾ, ਸੁਧਾ ਬੇਦੀ, ਰੂਪ ਲਾਲ, ਰਾਜਿੰਦਰ ਸਾਹਨੀ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।



# ਲੋਕ ਸਭਾ ਜ਼ਿਮਨੀ ਚੋਣ, ਮੰਤਰੀਆਂ ਨੇ ਕੱਸੀਆਂ ਤਿਆਰੀਆਂ

**ਫਿਲੌਰ (ਬੀ ਐਸ ਕੈਨੈਡੀ)**-ਲੋਕ ਸਭਾ ਜ਼ਿਮਨੀ ਚੋਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਜਲੰਧਰ ਲੋਕ ਸਭਾ ਸੀਟ 14 ਜਨਵਰੀ ਨੂੰ ਫਿਲੌਰ ਵਿਖੇ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਭਾਰਤ ਜੋੜੋ ਯਾਤਰਾ ਦੌਰਾਨ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੇ ਅਚਾਨਕ ਦੇਹਾਂਤ ਕਾਰਨ ਇਹ ਸੀਟ ਖਾਲੀ ਹੋ ਗਈ ਸੀ। ਇੱਥੇ ਉੱਘੇ ਸਮਾਜ ਸੇਵਕ ਸੁਰਿੰਦਰ ਸਿੰਖ ਪਾਲਨੋਂ ਨੇ ਕਿਹਾ ਲੋਕ ਸਭਾ ਦੀ ਜ਼ਿਮਨੀ ਚੋਣ ਕਾਰਨ ਮੰਤਰੀਆਂ ਨੇ ਆਪਣੇ ਘਰਾਂ 'ਚੋਂ ਨਿਕਲਣਾ ਸ਼ੁਰੂ ਕਰ ਦਿੱਤਾ ਹੈ। ਇਹ ਮੰਤਰੀ ਚੋਣਾਂ ਵੇਲੇ ਹੀ ਨਜ਼ਰ ਆਉਂਦੇ ਹਨ। ਮੰਤਰੀ ਚੋਣਾਂ 'ਚ ਝੂਠੇ ਵਾਅਦੇ ਕਰਦੇ ਹਨ। ਜਦੋਂ ਹਾਰ ਜਾਂਦੇ ਹਨ ਤਾਂ ਸ਼ਕਲ ਤੱਕ ਨਹੀਂ ਦਿਖਾਉਂਦੇ। ਉਨ੍ਹਾ ਹਾਰੇ ਹੋਏ ਮੰਤਰੀਆਂ ਨੂੰ ਕਿਹਾ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਦੇ ਦੁੱਖ ਸੁੱਖ 'ਚ ਸ਼ਾਮਲ ਹੋਵੋ, ਉਨ੍ਹਾਂ ਦੀਆਂ ਮੁਸ਼ਕਲਾਂ ਸੁਣੋ, ਉਨ੍ਹਾਂ ਦੇ ਮਸਲੇ ਹੱਲ ਕਰਵਾਉ, ਫਿਰ ਦੇਖੋ ਜਿੱਤ ਤੁਹਾਡੀ ਹੋਵੇਗੀ।

6-MAR-PAGE-10.qxd 3/5/2023 8:29 PM Page 1



# ਬਾਰ ਐਸੋਸੀਏਸ਼ਨ ਸਮਾਣਾ ਦੇ ਵਕੀਲਾਂ ਨੇ ਕੀਤੀ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੇ ਵਕੀਲਾਂ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਦੇ ਪ੍ਰਧਾਨ ਹਰਸਿਮਰਨ ਪਾਲ ਸਿੰਘ ਤਤਲਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਦੀਆਂ ਕੋਰਟਾਂ ਵਿੱਚ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰਨ ਦੀ ਲਟਕਦੀ ਆ ਰਹੀ ਮੰਗ ਨੂੰ ਮਨਵਾਉਣ ਲਈ ਸਨਿੱਚਰਵਾਰ ਨੂੰ ਹੜਤਾਲ ਕਰਕੇ ਅਦਾਲਤਾਂ ਦਾ ਕੰਮ-ਕਾਜ ਬਿਲਕੁਲ ਬੰਦ ਰੱਖਿਆ। ਸ੍ਰੀ ਤੱਤਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਪਠਾਨਕੋਟ ਕੋਰਟ ਦੀ ਬਾਰ ਐਸੋਸੀਏਸ਼ਨ ਵੱਲੋਂ ਇੱਕ ਵਕੀਲ ਨਾਲ ਹੋਈ ਬਦਸਲੂਕੀ ਕਰਕੇ ਪੰਜਾਬ ਸਟੇਟ ਵਿੱਚ ਹੜਤਾਲ ਕਰਨ ਦੀ ਆਈ ਕਾਲ ਦੇ ਤਹਿਤ ਤੇ ਕੋਰਟਾਂ ਦਾ ਕੰਮ ਕਰਨ ਦਾ ਪੰਜ ਦਿਨ ਦਾ ਹਫਤਾ ਕਰਨ ਦੇ ਸਬੰਧ ਵਿੱਚ ਹੜਤਾਲ ਕੀਤੀ ਗਈ ਹੈ। ਇਹ ਹੜਤਾਲ ਹਰ ਸਨਿੱਚਰਵਾਰ ਲਗਾਤਾਰ ਜਾਰੀ ਰਹੇਗੀ, ਜਦੋਂ ਤੱਕ ਕੋਰਟਾਂ ਵਿੱਚ ਕੰਮ ਕਰਨ ਦਾ ਹਫਤਾ ਪੰਜ ਦਿਨ ਦਾ ਨਹੀਂ ਹੋ ਜਾਂਦਾ।

ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਅਹੁਦੇਦਾਰ ਤੇ ਬਾਰ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਸੈਕਟਰੀ ਗੁਰਜੋਤ ਸਿੰਘ ਵਿਰਕ, ਨਵਜੋਤ ਗਰਗ, ਪ੍ਰਿਤਪਾਲ ਸਿੰਘ ਰਵੇਲ, ਜਗਮੀਤ ਕੌਰ, ਸਿਵਚਰਨ ਵਰਤੀਆ, ਖਵਾਬ ਸੋਨੀ, ਜੁਗਰਾਜ ਸਿੰਘ ਵੜੈਚ, ਕਰਮਜੀਤ ਸਿੰਘ ਰੰਧਾਵਾ, ਬਲਬੀਰ ਸਿੰਘ ਧਨੋਆ, ਇੰਦਰਜੀਤ ਸਿੰਘ ਸਲੂਜਾ, ਸੀਤਾ ਰਾਮ ਬਾਂਸਲ, ਕੁਲਵੰਤ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਗਲੌਲੀ, ਨਿਰਲੇਪ ਕੌਰ, ਹਰਪ੍ਰੀਤ ਸਿੰਘ ਅਤਾਲਾਂ, ਨਵਦੀਪ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਮੇਲਿਆਂ 'ਤੇ ਫੜ੍ਹੀ/ਦੁਕਾਨਾਂ ਲਾਉਣ ਵਾਲਿਆਂ ਦੀਆਂ ਜਬਰੀ ਪਰਚੀਆਂ ਕੱਟਣ ਦਾ ਵਿਰੋਧ

## ਮੇਲਾ ਮਾਫੀਆ ਨੂੰ ਨੱਥ ਪਾਈ ਜਾਵੇ-ਵਣਜਾਰਾ ਭਾਈਚਾਰਾ



**ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡਾਂ ਵਿੱਚ ਲੱਗਣ ਵਾਲੇ ਮੇਲਿਆਂ 'ਤੇ ਫੜ੍ਹੀ/ਦੁਕਾਨਾਂ ਲਾਉਣ ਵਾਲੇ ਵਣਜਾਰਿਆਂ ਦੀਆਂ ਜਬਰੀ ਕੱਟੀਆਂ ਜਾ ਰਹੀਆਂ ਪਰਚੀਆਂ ਦਾ ਸਮੂਹ ਵਣਜਾਰਿਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇੱਥੇ ਮੇਲਾ ਮਜ਼ਦੂਰ ਵੈੱਲਫੇਅਰ ਕਮੇਟੀ ਮਾਨਸਾ ਦੇ ਆਗੂ ਸ਼ਿੰਗਾਰਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡਾਂ ਵਿੱਚ ਲੱਗਣ ਵਾਲੇ ਮੇਲਿਆਂ ਦੀਆਂ ਕਮੇਟੀਆਂ ਵਾਲੇ ਫੜ੍ਹੀ/ਦੁਕਾਨਦਾਰਾਂ ਦੀਆਂ ਜਬਰੀ ਪਰਚੀਆਂ ਕੱਟਦੇ ਹਨ, ਜਿਸ ਦਾ ਸਾਡੀ ਵੈੱਲਫੇਅਰ ਕਮੇਟੀ ਵਿਰੋਧ ਕਰਦੀ ਹੈ। ਕਿਸੇ ਵੀ ਪਿੰਡ ਵਿੱਚ ਲੱਗਣ ਵਾਲੇ ਮੇਲਿਆਂ 'ਤੇ ਸਾਡੀ ਕਮੇਟੀ ਵੱਲੋਂ ਕਿਸੇ ਵੀ ਦੁਕਾਨਦਾਰ ਦੀ ਪਰਚੀ ਨਹੀਂ ਕਟਵਾਈ ਜਾਵੇਗੀ। ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਹਿਲਾਂ ਵੀ ਸੂਚਿਤ ਕੀਤਾ ਹੋਇਆ ਹੈ। ਇਸ ਸਬੰਧੀ ਮੁੱਖ ਮੰਤਰੀ ਪੰਜਾਬ ਨੇ ਪ੍ਰਸ਼ਾਸਨ ਤੋਂ ਜਵਾਬ ਵੀ ਮੰਗਿਆ ਹੈ, ਪ੍ਰੰਤੂ ਅਜੇ ਤੱਕ ਇਸ ਦਾ ਮੇਲਾ ਮਜ਼ਦੂਰ ਵੈੱਲਫੇਅਰ ਕਮੇਟੀ ਨੂੰ ਇਨਸਾਫ ਨਹੀਂ ਮਿਲਿਆ। ਦਫਤਰਾਂ ਦੇ ਧੱਕੇ ਖਾ-ਖਾ ਕੇ ਖੱਜਲ ਖੁਆਰ ਹੋ ਰਹੇ ਹਾਂ। ਅਸੀਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕਰਦੇ ਹਾਂ ਕਿ ਮੇਲਾ ਮਾਫੀਏ ਨੱਥ ਪਾਈ ਜਾਵੇ, ਜੋ ਜਬਰੀ ਧੱਕੇ ਨਾਲ 2500/- ਪ੍ਰਤੀ ਫੁੱਟ ਦੇ ਹਿਸਾਬ ਨਾਲ 10 ਫੁੱਟ ਜਗ੍ਹਾ 25000/- ਰੁਪਏ ਵਿੱਚ ਦਿੱਤੀ ਜਾਂਦੀ ਹੈ, ਜਿਵੇਂ ਕਿ ਕੁਲਾਣੇ ਦਾ ਮੇਲਾ, ਜੋਗੀ ਪੀਰ ਦਾ ਮੇਲਾ, ਝੁਨੀਰ, ਮਾਈਸਰ ਖਾਨਾ ਆਦਿ ਮੇਲਿਆਂ ਵਿੱਚ ਅੰਨ੍ਹੇਵਾਹ ਲੁੱਟ ਹੋ ਰਹੀ ਹੈ, ਜਿਸ ਨੂੰ ਬੰਦ ਕਰਵਾਉਣ ਲਈ ਮੇਲਾ ਮਜ਼ਦੂਰ ਵੈੱਲਫੇਅਰ ਜਥੇਬੰਦੀ ਪੁਰਜ਼ੋਰ ਮੰਗ ਕਰਦੀ ਹੈ। ਇਸ ਮੌਕੇ ਮਜ਼ਦੂਰ ਵੈੱਲਫੇਅਰ ਜਥੇਬੰਦੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਪਿੰਡ ਕੁਲਾਣਾ ਵਿਖੇ ਮੇਲੇ 'ਤੇ 04-03-2023 ਤੋਂ 16-03-2023 ਤੱਕ ਜਲ ਦੀ ਛਬੀਲ ਲਾਉਣ ਦੀ ਮਨਜ਼ੂਰੀ ਵੀ ਲਈ ਗਈ। ਇਸ ਮੌਕੇ ਉਨ੍ਹਾਂ ਨਾਲ ਕਾਮਰੇਡ ਨਿੱਕਾ ਸਿੰਘ ਬਹਾਦਰਪੁਰ, ਨਿਰਮਲ ਸਿੰਘ ਮੌਜੀਆ, ਗੁਲਾਬ ਸਿੰਘ, ਸੇਵਕ ਸਿੰਘ ਅੱਕਾਂਵਾਲੀ ਆਦਿ ਆਗੂ ਮੌਜੂਦ ਸਨ।

# ਸਿਹਤ ਵਿਭਾਗ ਵੱਲੋਂ ਮਹਿਲਾ ਦਿਵਸ ਨੂੰ ਸਮਰਪਤ ਸਾਈਕਲ ਰੈਲੀ

## ਗੈਰ ਸੰਚਾਰੀ ਰੋਗਾਂ ਤੋਂ ਬਚਾਓ ਲਈ ਹਰੇਕ ਵਿਅਕਤੀ ਸਮੇਂ 'ਤੇ ਕਰਵਾਏ ਆਪਣੇ ਸਾਰੇ ਟੈਸਟ : ਡਾ. ਰੇਖਾ ਭੱਟੀ



**ਮਮਦੋਟ (ਹਰਪਾਲ ਸਿੰਘ ਸੋਢੀ)**-ਸਿਹਤ ਵਿਭਾਗ ਮਮਦੋਟ ਵੱਲੋਂ ਸਿਵਲ ਸਰਜਨ ਡਾਕਟਰ ਰਜਿੰਦਰ ਪਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਰਲਡ ਵੂਮੈਨ ਡੇਅ 'ਤੇ ਸੀ.ਐੱਚ.ਸੀ. ਮਮਦੋਟ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਤੇ ਸਕੂਲਾਂ ਵਿੱਚ ਸਿਹਤ ਗਤੀਵਿਧੀਆਂ ਕਰਵਾਈਆਂ ਗਈਆਂ। ਡਾ. ਰੇਖਾ ਭੱਟੀ ਐੱਸ ਐੱਮ ਓ ਮਮਦੋਟ ਦੀ ਅਗਵਾਈ ਹੇਠ ਹੈਲਥ ਵੈਲਨੈੱਸ ਸੈਂਟਰ ਲੱਖਾ ਹਾਜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਗੈਰ ਸੰਚਾਰੀ ਰੋਗਾਂ ਦੀ ਜਾਗਰੂਕਤਾ ਸਬੰਧੀ ਸਾਈਕਲ ਰੈਲੀ ਕੱਢੀ ਗਈ। ਵਿਦਿਆਰਥਣਾਂ ਦੀ ਸ਼ਮੂਲੀਅਤ ਨਾਲ ਆਯੋਜਤ ਇਸ ਸਾਈਕਲ ਰੈਲੀ ਨੂੰ ਡਾ. ਰੇਖਾ ਭੱਟੀ ਐੱਸ ਐੱਮ ਓ ਮਮਦੋਟ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਸੰਬੋਧਨ ਦੌਰਾਨ ਸਹਾਇਕ ਡਾ. ਰੇਖਾ ਭੱਟੀ, ਅੰਕੁਸ਼ ਭੰਡਾਰੀ ਬੀ ਈ ਈ ਨੇ ਕਿਹਾ ਕਿ ਬੈਕਟੀਰੀਆ ਤੇ ਵਾਇਰਸ ਆਦਿ ਤੋਂ ਹੋਣ ਵਾਲੀਆਂ ਬਿਮਾਰੀਆਂ 'ਤੇ ਕਾਫੀ ਹੱਦ ਤੱਕ ਕਾਬੂ ਪਾ ਲਿਆ ਹੈ, ਪ੍ਰੰਤੂ ਅਜੋਕੇ ਸਮੇਂ ਵਿੱਚ ਲਾਈਫ ਸਟਾਈਲ ਦੀਆਂ ਬਿਮਾਰੀਆਂ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਬਲੱਡ ਪ੍ਰੈਸ਼ਰ, ਸ਼ੂਗਰ ਤੇ ਕੈਂਸਰ ਵਰਗੀਆਂ ਬੀਮਾਰੀਆਂ ਤੋਂ ਬਚਾਅ ਲਈ ਹਰ ਵਿਅਕਤੀ ਨੂੰ ਸਰੀਰਕ ਕਸਰਤ ਬਹੁਤ ਜ਼ਰੂਰੀ ਹੈ, ਇਹ ਭਾਵੇਂ ਕਿਸੇ ਵੀ ਰੂਪ ਵਿੱਚ ਕੀਤੀ ਜਾਵੇ। ਇਸ ਮੰਤਵ ਲਈ ਸਾਈਕਲਿੰਗ ਇੱਕ ਉੱਤਮ ਸਾਧਨ ਹੈ ਤੇ ਇਹ ਵਾਤਾਵਰਨ ਦੀ ਸ਼ੁਧਤਾ ਵਿੱਚ ਵੀ ਸਹਾਇਕ ਹੁੰਦੀ ਹੈ।

ਇਸ ਮੌਕੇ ਡਾ. ਰੇਖਾ ਭੱਟੀ, ਅੰਕੁਸ਼ ਭੰਡਾਰੀ ਬੀ ਈ ਈ ਸਮੇਤ ਸਿਹਤ ਵਿਭਾਗ ਦੇ ਮੁਲਜ਼ਮਾਂ ਤੇ ਸਕੂਲੀ ਵਿਦਿਆਰਥੀਆਂ ਵੱਲੋਂ ਰੈਲੀ ਰਾਹੀਂ ਲੋਕਾਂ ਨੂੰ ਗੈਰ-ਸੰਚਾਰੀ ਰੋਗਾਂ (ਬੱਲਡ ਪ੍ਰੈਸ਼ਰ, ਡਾਇਬਟਿਜ਼, ਬ੍ਰੈਸਟ ਕੈਂਸਰ, ਸਰਵਾਇਕਲ ਕੈਂਸਰ) ਦੇ ਕਾਰਨਾਂ, ਲੱਛਣਾਂ ਤੇ ਬਚਾਅ ਸਬੰਧੀ ਵਿਸਥਾਰਤ ਜਾਣਕਾਰੀ ਦਿੱਤੀ ਗਈ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਸਮੇਂ 'ਤੇ ਇਨ੍ਹਾਂ ਬਿਮਾਰੀਆਂ ਸਬੰਧੀ ਜਾਂਚ ਕਰਵਾਈ ਜਾਵੇ, ਤਾਂ ਜੋ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕੇ। ਡਾ. ਰੇਖਾ ਭੱਟੀ, ਅਸ਼ੋਕ ਕੁਮਾਰ ਸੀ.ਐੱਚ.ਓ., ਅਮਰਜੀਤ, ਜੱਜਬੀਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜਗਜੀਤ ਸਿੰਘ ਪ੍ਰਿੰਸੀਪਲ, ਰਣਜੀਤ ਸਿੰਘ ਅਧਿਆਪਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਾ ਹਾਜੀ ਤੇ ਮੈਡਮ ਰੁਬੀਨਾ, ਪ੍ਰਿੰਸੀਪਲ ਅਜੇ ਕੁਮਾਰ ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਪਿੰਡ ਜੋਧਪੁਰ ਸਮੇਤ ਸਕੂਲ ਸਟਾਫ ਤੇ ਸਿਹਤ ਵਿਭਾਗ ਦਾ ਸਟਾਫ ਹਾਜ਼ਰ ਸੀ।

## ਕਾਤਰਾਂ

### 8 ਨੂੰ ਸੇਵਾ ਕੇਂਦਰਾਂ 'ਚ ਰਹੇਗੀ ਛੁੱਟੀ

**ਸੰਗਰੂਰ, (ਪ੍ਰਵੀਨ ਸਿੰਘ)** : ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 8 ਮਾਰਚ ਨੂੰ ਹੋਲੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਸੰਗਰੂਰ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ ਵਿੱਚ ਛੁੱਟੀ ਰਹੇਗੀ। ਉਨ੍ਹਾਂ ਦੱਸਿਆ ਕਿ 8 ਮਾਰਚ ਦੀ ਛੁੱਟੀ ਨੂੰ ਛੱਡ ਕੇ ਹੋਰਨਾਂ ਦਿਨਾਂ ਵਿੱਚ ਸੇਵਾ ਕੇਂਦਰ ਆਪਣੀਆਂ ਸੇਵਾਵਾਂ ਆਮ ਵਾਂਗ ਜਾਰੀ ਰੱਖਣਗੇ।

### ਸੱਟਾ ਲਗਵਾਉਂਦਾ ਕਾਬੂ

**ਸ੍ਰੀ ਮੁਕਤਸਰ ਸਾਹਿਬ, ( ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਸੱਟਾ ਲਗਵਾਉਂਦੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 940 ਰੁਪਏ ਬਰਾਮਦ ਕੀਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਸੇਵਕ ਸਿੰਘ ਪੁਰਾਣੀ ਦਾਣਾ ਮੰਡੀ ਵਿੱਚ ਤੁਰ-ਫਿਰ ਕੇ ਸਰੇਆਮ ਦੜਾ ਸੱਟਾ ਲਗਵਾ ਰਿਹਾ ਹੈ ਤੇ ਕਹਿ ਰਿਹਾ ਹੈ, ਜਿਸ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਸੇਵਕ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ ਸੱਟਾ ਲਗਵਾਉਂਦੇ ਹੋਏ ਕਾਬੂ ਕਰ ਲਿਆ ਤੇ ਉਸ ਪਾਸੋਂ 940 ਰੁਪਏ ਬਰਾਮਦ ਹੋਏ। ਮੁਲਜ਼ਮ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਉਕਤ ਦੀ ਜ਼ਮਾਨਤ ਹੋ ਚੁੱਕੀ ਹੈ।

### ਅੰਮ੍ਰਿਤਪਾਲ ਸਿੰਘ ਨੇ ਅਹੁਦਾ ਸੰਭਾਲਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਵਣ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਮੈਡਮ ਰਾਜੀ ਪੀ. ਸ੍ਰੀ ਵਾਸਤਵਾ ਵੱਲੋਂ ਜਾਰੀ ਹੁਕਮਾਂ ਅਨੁਸਾਰ ਵਣ ਮੰਡਲ ਅਫਸਰ ਫਿਰੋਜ਼ਪੁਰ ਅੰਮ੍ਰਿਤਪਾਲ ਸਿੰਘ ਨੇ ਵਣ ਮੰਡਲ ਅਫਸਰ ਸ੍ਰੀ ਮੁਕਤਸਰ ਸਾਹਿਬ ਦਾ ਵਾਧੂ ਚਾਰਜ ਸੰਭਾਲ ਲਿਆ ਹੈ। ਵਣ ਮੰਡਲ ਅਫਸਰ ਮੁਕਤਸਰ ਦਾ ਅਹੁਦਾ ਬਲਜੀਤ ਸਿੰਘ ਦੇ ਸੇਵਾ ਮੁਕਤ ਹੋਣ ਕਾਰਨ ਖਾਲੀ ਹੋਇਆ ਸੀ। ਅਹੁਦਾ ਸੰਭਾਲਣ ਉਪਰੰਤ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਣਾਂ ਤੇ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਹਰ ਸੰਭਵ ਕੰਮ ਕਰਨਗੇ ਤੇ ਲੋਕਾਂ ਨੂੰ ਪੂਰਾ ਸਹਿਯੋਗ ਦੇਣਗੇ।

### ਸਾਈਕਲ ਰੈਲੀ ਕੱਢ ਕੇ ਮਨਾਇਆ ਅੰਤਰਰਾਸ਼ਟਰੀ ਔਰਤ ਦਿਵਸ




**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਦੇ ਹੁਕਮਾਂ ਮੁਤਾਬਕ ਤੇ ਮਾਨਯੋਗ ਸਿਵਿਲ ਸਰਜਨ ਮੋਗਾ ਡਾ. ਰੁਪਿੰਦਰ ਕੌਰ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੰਤਰਰਾਸ਼ਟਰੀ ਔਰਤ ਦਿਵਸ ਦੇ ਸੰਬੰਧ ਵਿੱਚ ਸਿਹਤ ਵਿਭਾਗ ਵੱਲੋਂ ਅਗਰਵਾਲ ਮਹਿਲਾ ਐਨ ਜੀ ਓ ਦੇ ਸਹਿਯੋਗ ਨਾਲ ਸਾਈਕਲ ਰੈਲੀ ਕੱਢੀ ਗਈ। ਰੈਲੀ ਨੂੰ ਸਿਵਲ ਸਰਜਨ ਮੋਗਾ ਡਾਕਟਰ ਰੁਪਿੰਦਰ ਕੌਰ ਗਿੱਲ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸਿਵਿਲ ਸਰਜਨ ਨੇ ਕਿਹਾ ਕਿ ਤੰਦਰੁਸਤ ਔਰਤਾਂ ਸਿਹਤਮੰਦ ਭਾਰਤ ਦੇ ਥੀਮ ਹੇਠ ਸਰੀਰਕ ਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਤੇ ਵਾਤਾਵਰਣ ਪੱਖੀ ਸੰਦੇਸ਼ ਨੂੰ ਉਤਸ਼ਾਹਤ ਕਰਨ ਲਈ ਇੱਕ ਸਾਈਕਲ ਰੈਲੀ ਕੱਢੀ ਗਈ। ਇਹ ਰੈਲੀ ਨੇਚਰ ਪਾਰਕ ਤੋਂ ਸ਼ੁਰੂ ਹੋ ਕੇ ਲੋਕਾਂ ਨੂੰ ਜਾਗਰੂਕ ਕਰਦਿਆਂ ਗੀਤਾ ਭਵਨ ਚੌਕ ਵਿਖੇ ਸਮਾਪਤ ਕੀਤੀ ਗਈ। ਇਸ ਮੌਕੇ ਰੈਲੀ ਵਿੱਚ ਭਾਗ ਲੈਣ ਵਾਲਿਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਮੌਕੇ ਡਾਕਟਰ ਸੁਖਪ੍ਰੀਤ ਬਰਾੜ ਸੀਨੀਅਰ ਮੈਡੀਕਲ ਅਫਸਰ ਮੋਗਾ, ਡਾ. ਗਗਨਦੀਪ ਸਿੰਘ ਐੱਸ ਐਮ.ਓ., ਡਾ. ਅਸ਼ੋਕ ਸਿੰਗਲਾ ਜ਼ਿਲ੍ਹਾ ਟੀਕਾਕਰਨ ਅਫਸਰ ਅਤੇ ਐਨ ਜੀ ਓ ਮਲਵੀਕਾ ਸੱਚਰ, ਭਾਵਨਾ ਅਗਰਵਾਲ, ਰਾਜਸ਼੍ਰੀ ਤੇ ਸਮੂਹ ਅਗਰਵਾਲ ਸਭਾ ਐਨ ਜੀ ਓ ਅਤੇ ਅੰਮ੍ਰਿਤ ਪਾਲ ਸ਼ਰਮਾ ਵੀ ਹਾਜ਼ਰ ਸਨ।

# ਜਨਵਾਦੀ ਮਹਿਲਾ ਸਮਿਤੀ ਵੱਲੋਂ ਗੈਸ ਕੀਮਤਾਂ 'ਚ ਵਾਧੇ ਤੇ ਸਰਪੰਚਾਂ 'ਤੇ ਲਾਠੀਚਾਰਜ ਦਾ ਵਿਰੋਧ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਕੁੱਲ ਹਿੰਦ ਜਨਵਾਦੀ ਮਹਿਲਾ ਸਮਿਤੀ ਸਿਰਸਾ ਨੇ ਭਾਜਪਾ ਸਰਕਾਰ ਵੱਲੋਂ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਤੇ ਪੰਚਕੂਲਾ ਵਿੱਚ ਪੰਚਾਂ ਸਰਪੰਚਾਂ 'ਤੇ ਹੋਏ ਲਾਠੀਚਾਰਜ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਭਾਜਪਾ ਸਰਕਾਰ ਦਾ ਨਾਦਰਸ਼ਾਹੀ ਫਰਮਾਨ ਕਿਹਾ। ਜਨਵਾਦੀ ਮਹਿਲਾ ਸਮਿਤੀ ਦੀ ਜ਼ਿਲ੍ਹਾ ਸਕੱਤਰ ਬਲਬੀਰ ਕੌਰ ਗਾਂਧੀ ਤੇ ਜ਼ਿਲ੍ਹਾ ਖ਼ਜ਼ਾਨਚੀ ਨੀਲਮ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਨੇ ਉੱਤਰ ਪੂਰਬੀ ਰਾਜ ਤ੍ਰਿਪੁਰਾ, ਮੇਘਾਲਿਆ, ਨਾਗਾਲੈਂਡ ਵਿੱਚ ਵੋਟਾਂ ਪੈਣ ਤੋਂ ਤੁਰੰਤ ਬਾਅਦ ਕੀਮਤਾਂ ਵਧਾ ਦਿੱਤੀਆਂ ਹਨ। ਇਨ੍ਹਾਂ ਮਹਿਲਾ ਆਗੂਆਂ ਨੇ ਕਿਹਾ ਕਿ ਔਰਤਾਂ ਪਹਿਲਾਂ ਹੀ ਐੱਲ ਪੀ ਜੀ ਸਿਲੰਡਰ ਖਰੀਦਣ ਦੇ ਸਮਰੱਥ ਨਹੀਂ ਹਨ, ਕਿਉਂਕਿ ਇਸ ਦੀ ਕੀਮਤ ਪਹਿਲਾਂ ਹੀ 1100 ਰੁਪਏ ਹੈ।ਇਨ੍ਹਾਂ ਵਧੀਆਂ ਕੀਮਤਾਂ ਕਾਰਨ 56.5 ਫੀਸਦੀ ਖਪਤਕਾਰ, ਜੋ ਪਹਿਲੇ ਸਾਲ 7 ਤੋਂ ਵੱਧ ਸਿਲੰਡਰ ਭਰਦੇ ਸਨ, ਹੁਣ 4 ਜਾਂ ਇਸ ਤੋਂ ਘੱਟ ਸਿਲੰਡਰ ਭਰਨ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਖਾਣ-ਪੀਣ ਦੀਆਂ ਸਾਰੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਹੋਵੇਗਾ, ਜਿਸ ਨਾਲ ਵੱਡੀ ਪੱਧਰ ਤੇ ਬੇਰੁਜ਼ਗਾਰ ਔਰਤਾਂ ਲਈ ਘਰ ਚਲਾਉਣਾ ਬੇਹੱਦ ਮੁਸ਼ਕਲ ਹੋਵੇਗਾ। ਇਹ ਤਾਜ਼ਾ ਕਦਮ ਭਾਜਪਾ-ਆਰ ਐੱਸ ਐੱਸ ਸ਼ਾਸਨ ਦੀ ਪੂਰੀ ਤਰ੍ਹਾਂ ਅਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ।ਐਡਵੋਕੇਟ ਗਾਂਧੀ ਨੇ ਕਿਹਾ ਕਿ ਜਨਵਾਦੀ ਮਹਿਲਾ ਸਮਿਤੀ ਇਸ ਨਾਜਾਇਜ਼ ਮਹਿੰਗਾਈ ਤੁਰੰਤ ਵਾਪਸ ਲੈਣ ਦੀ ਮੰਗ ਕਰਦੀ ਹੈ ਤੇ ਹਰਿਆਣਾ ਸਰਕਾਰ ਵੱਲੋਂ ਜਨ ਪ੍ਰਤੀਨਿਧੀਆਂ 'ਤੇ ਕੀਤੇ ਹਮਲੇ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੰਦੀ ਹੈ।

# ਦਿਓਲ ਪੱਤੀ ਵਿਖੇ ਧਾਰਮਕ ਸਮਾਗਮ ਕਰਾਇਆ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼ਹੀਦਾਂ ਦੇ ਅਸਥਾਨ ਦਿਓਲ ਪੱਤੀ ਮਹਿਲ ਕਲਾਂ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਸਮੂਹ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਹਰਭਜਨ ਸਿੰਘ ਨਾਨਕਸਰ ਠਾਠ ਦੇ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਇਸ ਮੌਕੇ ਸੰਤ ਬਾਬਾ ਕੇਹਰ ਸਿੰਘ ਮੁੱਖ ਸੇਵਾਦਾਰ ਨਾਨਕਸਰ ਠਾਠ ਮਹਿਲ ਕਲਾਂ, ਗੁਰਦੁਆਰਾ ਕਮੇਟੀ ਪ੍ਰਧਾਨ ਭਾਈ ਸ਼ੇਰ ਸਿੰਘ ਖਾਲਸਾ ਨੇ ਸਮੂਹ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚ ਕੇ ਸਮਾਜ ਸੇਵਾ ਦੇ ਕਾਰਜਾਂ 'ਚ ਯੋਗਦਾਨ ਪਾਉਣ ਲਈ ਅੱਗੇ ਆਉਣ ਦੀ ਅਪੀਲ ਕੀਤੀ।

ਇਸ ਮੌਕੇ ਬਾਬਾ ਗੁਰਦੀਪ ਸਿੰਘ, ਮਹੰਤ ਗੁਰਪ੍ਰੀਤ ਸਿੰਘ, ਪ੍ਰਧਾਨ ਜਗੀਰ ਸਿੰਘ, ਖਜ਼ਾਨਚੀ ਗੁਰਮੇਲ ਸਿੰਘ, ਸਰਬਜੀਤ ਸਿੰਘ ਸੰਭੂ, ਗੁਰਪ੍ਰੀਤ ਸਿੰਘ, ਵਰਿੰਦਰ ਸਿੰਘ ਹੈਪੀ ਕੈਨੇਡਾ, ਹਰੀ ਸਿੰਘ ਕਟਹਿਰੀਆ, ਜਗੀਰ ਸਿੰਘ ਦਿਓਲ, ਅਮਰਜੀਤ ਸਿੰਘ, ਡਾ: ਨਾਹਰ ਸਿੰਘ, ਜੋਰਾ ਸਿੰਘ, ਭਾਈ ਰਾਜਵਿੰਦਰ ਸਿੰਘ, ਗੁਰਚਰਨ ਸਿੰਘ, ਗੁਰਮੇਲ ਸਿੰਘ, ਹਰਵਿੰਦਰ ਸਿੰਘ, ਬਾਬਾ ਬਲਵੀਰ ਸਿੰਘ ਘੋਨਾ, ਭੋਲਾ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਦਾਨੇਵਾਲੀਆ ਪੰਜਾਬ ਕਿਸਾਨ ਯੂਨੀਅਨ ਦੀ ਸ਼ਹਿਰੀ ਇਕਾਈ ਦੇ ਮੁੜ ਪ੍ਰਧਾਨ ਬਣੇ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਦੀ ਸ਼ਹਿਰੀ ਕਮੇਟੀ ਦੀ ਮੀਟਿੰਗ ਕਰਨੈਲ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਸਰਬਸੰਮਤੀ ਨਾਲ ਕੁਝ ਮਤੇ ਵੀ ਪਾਸ ਕੀਤੇ ਗਏ, ਜਿਸ 'ਚ 10 ਮਾਰਚ ਨੂੰ ਦੇਸ਼ ਭਗਤ ਯਾਦਗਰ ਹਾਲ ਜਲੰਧਰ ਵਿਖੇ 'ਫਾਸ਼ੀਵਾਦੀ ਹਮਲਿਆਂ ਵਿਰੋਧੀ' ਹੋ ਰਹੀ ਕਾਨਫਰੰਸ ਵਿੱਚ ਵੱਡੀ ਗਿਣਤੀ 'ਚ ਕਿਸਾਨ ਭਾਗ ਲੈਣਗੇ। 13 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਆਗੂਆਂ 'ਤੇ ਸੀ ਬੀ ਆਈ ਦੇ ਛਾਪਿਆਂ ਖਿਲਾਫ ਤਿੰਨ ਕੋਣੀ ਮਾਨਸਾ ਵਿਖੇ ਅਰਥੀਆਂ ਸਾੜੀਆਂ ਜਾਣਗੀਆਂ ਤੇ ਧਰਨੇ ਵਿੱਚ ਜਥੇਬੰਦੀ ਸ਼ਾਮਲ ਹੋਵੇਗੀ। ਇਸੇ ਦੌਰਾਨ ਸ਼ਹਿਰੀ ਇਕਾਈ ਦੀ ਸਰਬਸੰਮਤੀ ਨਾਲ ਹੋਈ ਚੋਣ 'ਚ ਸੁਖਚਰਨ ਸਿੰਘ ਦਾਨੇਵਾਲੀਆਂ ਨੂੰ ਮੁੜ ਤੋਂ ਪ੍ਰਧਾਨ ਚੁਣਿਆ ਗਿਆ ਅਤੇ ਮਨਜੀਤ ਸਿੰਘ ਸੋਢੀ ਜਨਰਲ ਸਕਤਰ ਤੇ ਹਰਜਿੰਦਰ ਸਿੰਘ ਮਾਨਸ਼ਾਹੀਆ ਨੂੰ ਖਜ਼ਾਨਚੀ ਚੁਣਿਆ ਗਿਆ। ਇਸ ਤੋਂ ਇਲਾਵਾ 26 ਮੈਂਬਰੀ ਕਮੇਟੀ ਵੀ ਚੁਣੀ ਗਈ। ਮੀਟਿੰਗ ਵਿੱਚ ਐਲਾਨ ਕੀਤਾ ਗਿਆ ਕਿ ਸ਼ਹਿਰ ਅੰਦਰ ਕਿਸੇ ਵੀ ਵਰਗ ਦੀ ਬੈਂਕ ਦੇ ਲੈਨ-ਦੇਣ ਕਾਰਨ ਕੁਰਕੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੂਬਾਈ ਆਗੂ ਗੁਰਜੰਟ ਸਿੰਘ ਮਾਨਸਾ, ਨਰਿੰਦਰ ਕੌਰ ਬੁਰਜ ਹਮੀਰਾ ਪ੍ਰੈੱਸ ਸਕੱਤਰ, ਯੂਥ ਆਗੂ ਸੁਖਦੀਪ ਸੁੱਖੀ, ਅਮਰੀਕ ਸਿੰਘ, ਮੱਖਣ ਮਾਨ, ਬਲਕਰਨ ਬੱਲੀ, ਕੁਲਵੰਤ ਸਿੰਘ, ਗੁਰਬਚਨ ਸਿੰਘ, ਬੀਰੀ ਮਾਨ ਆਦਿ ਹਾਜ਼ਰ ਸਨ।

# ਸੀਟੀ 'ਵਰਸਿਟੀ ਵੱਲੋਂ ਪੁਲਸ ਸਹਿਯੋਗ ਨਾਲ ਨਸ਼ਾ ਵਿਰੋਧੀ ਰੋਡ ਸ਼ੋਅ




**ਜਗਰਾਉਂ, (ਸੰਜੀਵ ਅਰੋੜਾ)**-ਸੀਟੀ ਯੂਨੀਵਰਸਿਟੀ ਵੱਲੋਂ ਪੰਜਾਬ ਪੁਲਸ ਦੇ ਸਹਿਯੋਗ ਨਾਲ ਨਸ਼ਾ ਵਿਰੋਧੀ ਜਾਗਰੂਕਤਾ ਰੋਡ ਸ਼ੋਅ ਕੀਤਾ ਗਿਆ, ਜਿਸ ਦਾ ਉਦੇਸ਼ ਨੌਜਵਾਨਾਂ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਰੋਕਣਾ ਸੀ। ਇਸ ਮੁਹਿੰਮ ਦੇ ਹਿੱਸੇ ਵਜੋਂ ਗੁਰਪ੍ਰੀਤ ਸਿੰਘ ਏ.ਸੀ.ਪੀ. ਟ੍ਰੈਫਿਕ ਲੁਧਿਆਣਾ ਤੇ ਅਨੁਰਾਗ ਪੌਲ, ਸੂਬਾ ਜੁਆਇੰਟ ਸਕੱਤਰ ਆਮ ਆਦਮੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਤੇ ਉਨ੍ਹਾਂ ਨੂੰ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਜਾਗਰੂਕ ਕੀਤਾ। ਵਿਦਿਆਰਥੀਆਂ ਨੇ ਪੋਸਟਰਾਂ ਰਾਹੀਂ ਲੁਧਿਆਣਾ ਨਿਵਾਸੀਆਂ ਨੂੰ ਜਾਗਰੂਕ ਕੀਤਾ। ਇਹ ਰੋਡ ਸ਼ੋਅ ਬਾਬਾ ਥਾਨ ਸਿੰਘ ਚੌਂਤ ਤੋਂ ਸ਼ੁਰੂ ਹੋ ਕੇ ਸਮਰਾਲਾ ਚੌਕ ਵਿਖੇ ਸਮਾਪਤ ਹੋਇਆ।

ਗੁਰਪ੍ਰੀਤ ਸਿੰਘ ਏ.ਸੀ.ਪੀ. ਟ੍ਰੈਫਿਕ ਲੁਧਿਆਣਾ ਨੇ ਕਿਹਾ ਕਿ ਨੌਜਵਾਨ ਸਾਡੇ ਦੇਸ਼ ਦਾ ਵੱਡਮੁੱਲਾ ਸਰਮਾਇਆ ਹਨ ਤੇ ਉਨ੍ਹਾਂ ਨੂੰ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਦੇਸ਼ ਦਾ ਜ਼ਿੰਮੇਵਾਰ ਨਾਗਰਿਕ ਬਣਾਉਣਾ ਸਾਡਾ ਸਮੂਹਕ ਫ਼ਰਜ਼ ਹੈ। ਉਨ੍ਹਾਂ ਨਸ਼ਿਆਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਦੱਸਿਆ ਤੇ ਉਨ੍ਹਾਂ ਨੂੰ ਰੋਕਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਅਨੁਰਾਗ ਪੌਲ ਨੇ ਕਿਹਾ ਕਿ ਨੌਜਵਾਨਾਂ ਰਾਹੀਂ ਅਸੀਂ ਉਨ੍ਹਾਂ ਦੇ ਭੈਣ-ਭਰਾ ਤੇ ਦੋਸਤਾਂ ਤੱਕ ਸੰਦੇਸ਼ ਪਹੁੰਚਾ ਰਹੇ ਹਾਂ। ਸਾਨੂੰ ਸਾਰਿਆਂ ਨੂੰ ਸਮੂਹਕ ਤੌਰ 'ਤੇ ਆਤਮ ਚਿੰਤਨ ਕਰਨ ਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਲੋੜ ਹੈ। ਸਾਡਾ ਉਦੇਸ਼ ਵਸਨੀਕਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਲੋੜ ਬਾਰੇ ਜਾਗਰੂਕ ਕਰਨਾ ਸੀ। ਸੀਟੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ (ਕਾਰਜਕਾਰੀ) ਡਾ: ਸਤੀਸ਼ ਕੁਮਾਰ ਨੇ ਪੁਲਸ ਤੇ ਵਿਦਿਆਰਥੀਆਂ ਦੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਓ ਇਕੱਠੇ ਹੋ ਕੇ ਆਪਣੇ ਸੂਬੇ ਨੂੰ 'ਨਸ਼ਾ ਮੁਕਤ' ਬਣਾਈਏ। ਇਸ ਮੌਕੇ ਸੀਟੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ (ਆਫ.) ਡਾ. ਸਤੀਸ਼ ਕੁਮਾਰ, ਦਵਿੰਦਰ ਸਿੰਘ ਡਿਪਟੀ ਡਾਇਰੈਕਟਰ ਵਿਦਿਆਰਥੀ ਭਲਾਈ ਸਕੂਲ ਆਫ਼ ਲਾਅ ਦੇ ਵਿਦਿਆਰਥੀ ਹਾਜ਼ਰ ਸਨ।

# ਸ਼ੀਹਾਂਪਾੜੀ ਦੇ ਕਈ ਪਰਵਾਰ ਭਾਜਪਾ 'ਚ ਹੋਏ ਸ਼ਾਮਲ



**ਮੱਖੂ (ਰਛਪਾਲ ਸਿੰਘ ਸੰਧੂ)** : ਵਿਧਾਨ ਸਭਾ ਹਲਕਾ ਜ਼ੀਰਾ ਦੇ ਬਲਾਕ ਮੱਖੂ ਦੇ ਪਿੰਡ ਸੀਹਾਂਪਾੜੀ ਵਿਖੇ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵਕਤ ਭਾਰੀ ਝਟਕਾ ਲੱਗਿਆ, ਜਦ ਪਿੰਡ ਸੀਹਾਂਪਾੜੀ ਦੇ ਕਈ ਪਰਿਵਾਰ ਭਾਰਤੀ ਜਨਤਾ ਪਾਰਟੀ ਮੰਡਲ ਮੱਖੂ ਦੇ ਪ੍ਰਧਾਨ ਜਥੇ. ਕਾਰਜ ਸਿੰਘ ਆਹਲਾਂ ਦੀ ਪ੍ਰੇਰਣਾ ਸਦਕਾ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਦੀ ਅਗਵਾਈ ਹੇਠ ਸਾਬਕਾ ਸਰਪੰਚ ਹਰਦੀਪ ਸਿੰਘ ਦੇ ਗ੍ਰਹਿ ਵਿਖੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ। ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰਦੀਪ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ, ਪਿੱਪਲ ਸਿੰਘ ਮੈਂਬਰ, ਰਣਵੀਰ ਸਿੰਘ ਰਾਣਾ, ਗੁਰਪ੍ਰੀਤ ਸਿੰਘ, ਬਲਕਾਰ ਸਿੰਘ ਮੈਂਬਰ, ਕੁਲਵੰਤ ਸਿੰਘ ਸਾਬਕਾ ਸਰਪੰਚ, ਡਾ. ਸੁਖਦੇਵ ਸਿੰਘ, ਹਰਬੰਸ ਸਿੰਘ, ਪ੍ਰਤਾਪ ਸਿੰਘ, ਬਗੀਚਾ ਸਿੰਘ, ਗੁਰਦਿਆਲ ਸਿੰਘ, ਸੁਖਵਿੰਦਰ ਸਿੰਘ, ਜਰਨੈਲ ਸਿੰਘ, ਗੁਰਭੇਜ ਸਿੰਘ, ਚਾਨਣ ਸਿੰਘ, ਪਤਰਸ ਮਸੀਹ, ਬੀਲਾ ਮਸੀਹ, ਅਰਸ਼ਦੀਪ ਸਿੰਘ, ਮਨਵੀਰ ਸਿੰਘ, ਜਗਤਾਰ ਸਿੰਘ, ਜਸਵੀਰ ਸਿੰਘ, ਕੁਲਵੰਤ, ਬੋਹੜ ਸਿੰਘ, ਮਲਕੀਤ, ਛਿੰਦਰ, ਹਰਪ੍ਰੀਤ, ਨਿਸ਼ਾਨ, ਜੋਬਨ, ਅਮਰੀਕ, ਗੁਰਵਿੰਦਰ ਸਿੰਘ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਕਰਨ ਤੋਂ ਬਾਅਦ ਭਾਜਪਾ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਨੇ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਦੁਖੀ ਹੋ ਚੁੱਕੇ ਹਨ ਅਤੇ ਸ਼ਹਿਰਾਂ ਦੇ ਨਾਲ ਪਿੰਡਾਂ ਦੇ ਲੋਕ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਬਹੁਤ ਹੀ ਉਤਸ਼ਾਹ ਨਾਲ ਭਾਰਤੀ ਜਨਤਾ ਪਾਰਟੀ ਨਾਲ ਜੁੜ ਰਹੇ ਹਨ। ਭਾਰਤੀ ਜਨਤਾ ਪਾਰਟੀ ਵਿੱਚ ਹਰੇਕ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ।

# ਸਰਕਾਰੀ ਮਹਿਲਾ ਕਾਲਜ ਵਿਖੇ ਕਲਾਤਮਕ ਮੁਕਾਬਲੇ

## ਕਾਂਤਾ ਪਹਿਲੇ, ਖੁਸ਼ਬੂ ਦੂਜੇ ਤੇ ਸਿਮਰਨ ਤੀਜੇ ਸਥਾਨ 'ਤੇ ਰਹੀ



**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਰਕਾਰੀ ਮਹਿਲਾ ਕਾਲਜ ਸਿਰਸਾ ਵਿਖੇ ਵਿਦਿਆਰਥਣਾਂ ਦੇ ਪੇਂਟਿੰਗ, ਸਲੋਗਨ ਰਾਈਟਿੰਗ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਲੋਕ ਸੰਪਰਕ ਅਫ਼ਸਰ ਡਾ: ਹਰਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਿੰਸੀਪਲ ਰਾਮ ਕੁਮਾਰ ਜਾਂਗੜਾ ਦੀ ਪ੍ਰੇਰਣਾ ਨਾਲ ਕੰਜ਼ਰਵੇਸ਼ਨ ਐਂਡ ਇਕਨਾਮਿਕਸ ਸਬਜੈਕਟ ਕੌਂਸਲ ਦੇ ਇੰਚਾਰਜ ਤੇ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਕਿਰਨ ਬਾਲਾ ਦੇ ਸਹਿਯੋਗ ਨਾਲ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੇ ਨਸ਼ਿਆਂ ਦੀ ਰੋਕਥਾਮ ਤੇ ਕੰਨਿਆ ਭਰੂਣ ਹੱਤਿਆ ਨਾਲ ਸਬੰਧਤ ਪੇਂਟਿੰਗ, ਸਲੋਗਨ ਰਾਈਟਿੰਗ ਤੇ ਪੋਸਟਰ ਮੇਕਿੰਗ ਦੀਆਂ ਸੁੰਦਰ ਤੇ ਰਚਨਾਤਮਕ ਪੇਸ਼ਕਾਰੀਆਂ ਕੀਤੀਆਂ।ਇਨ੍ਹਾਂ ਕਲਾਤਮਕ ਮੁਕਾਬਲਿਆਂ ਵਿੱਚ ਬੀ ਏ ਦੂਜੇ ਸਾਲ ਦੀ ਵਿਦਿਆਰਥਣ ਕਾਂਤਾ ਨੇ ਪਹਿਲਾ, ਖੁਸ਼ਬੂ ਨੇ ਦੂਜਾ ਤੇ ਸਿਮਰਨ ਰਾਣੀ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਡਾ: ਰੁਪਿੰਦਰ ਕੌਰ, ਡਾ: ਮਨੀਸ਼ਾ ਗਰਗ, ਸਵਿਤਾ ਦਹੀਆ ਨੇ ਜਿਊਰੀ ਦੀ ਭੂਮਿਕਾ ਨਿਭਾਈ।ਪ੍ਰਿੰਸੀਪਲ ਰਾਮ ਕੁਮਾਰ ਜਾਂਗੜਾ ਤੇ ਪ੍ਰੋ: ਕਿਰਨ ਬਾਲਾ ਨੇ ਜੇਤੂਆਂ ਸਮੇਤ ਸਾਰੇ ਪ੍ਰਤੀਯੋਗੀਆਂ ਨੂੰ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦੇ ਸਫਲ, ਖੁਸ਼ਹਾਲ ਤੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਪ੍ਰਗਟ ਕੀਤੀਆਂ।

# ਅਮਿਤ ਢੀਂਗਰਾ ਡੀਪੂ ਹੋਲਡਰ ਯੂਨੀਅਨ ਸ਼ਹਿਰੀ ਤਪਾ ਦੇ ਸਰਬਸੰਮਤੀ ਨਾਲ ਪ੍ਰਧਾਨ ਬਣੇ

**ਤਪਾ ਮੰਡੀ (ਅਰੁਣ ਗੋਇਲ)**-ਡੀਪੂ ਹੋਲਡਰ ਯੂਨੀਅਨ ਤਪਾ ਦੀ ਇੱਕ ਮੀਟਿੰਗ ਘੁੜੈਲੀ ਰੋਡ 'ਤੇ ਹੋਈ, ਜਿਸ ਵਿੱਚ ਧਰਮ ਪਾਲ ਸ਼ਰਮਾ ਦੇ ਜ਼ਿਲ੍ਹਾ ਪ੍ਰਧਾਨ ਬਨਣ ਨਾਲ ਖਾਲੀ ਪਈ ਸ਼ਹਿਰੀ ਪ੍ਰਧਾਨ ਦੀ ਪੋਸਟ 'ਤੇ ਅਮਿਤ ਢੀਂਗਰਾ ਡੀਪੂ ਹੋਲਡਰ ਤਪਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਬਣਾਇਆ ਗਿਆ ਹੈ। ਨਵ-ਨਿਯੁਕਤ ਪ੍ਰਧਾਨ ਅਮਿਤ ਢੀਂਗਰਾ ਨੇ ਦੱਸਿਆ ਕਿ ਜੋ ਉਸ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਈਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਫੈਸਲਾ ਲਿਆ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਣਕ ਦੀ ਵੰਡ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜੇਕਰ ਖੁਰਾਕ ਸਪਲਾਈ ਵਿਭਾਗ ਵੱਲੋਂ ਕਣਕ 'ਚ ਕਟੌਤੀ ਕਰਕੇ ਚੁਕਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਕਣਕ ਨਹੀਂ ਵੰਡੀ ਜਾਵੇਗੀ, ਕਿਉਂਕਿ ਲਾਭਪਾਤਰੀ, ਡੀਪੂ ਹੋਲਡਰਾਂ ਨਾਲ ਦੁਰਵਿਹਾਰ ਕਰਦੇ ਹਨ, ਜੋ ਸਹਿਣਯੋਗ ਨਹੀਂ ਹੁੰਦਾ।

ਸਰਬਸੰਮਤੀ ਨਾਲ ਪ੍ਰਧਾਨ ਦੇ ਨਾਲ ਚਾਰ ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ, ਜਿਸ ਵਿੱਚ ਰਮੇਸ਼ ਕੁਮਾਰ, ਰਮੇਸ਼ ਕੁਮਾਰ ਪੱਖੋ, ਰੋਹਿਤ ਸਿੰਗਲਾ, ਹਰਸ਼ ਗਰਗ ਮੈਂਬਰ ਲਏ ਗਏ, ਜਿਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਡੀਪੂ ਹੋਲਡਰਾਂ ਦਾ ਬਕਾਇਆ ਪਿਆ ਕਮਿਸ਼ਨ ਜਲਦੀ ਤੋਂ ਜਲਦੀ ਰਿਲੀਜ਼ ਕੀਤਾ ਜਾਵੇ, ਨਹੀਂ ਤਾਂ ਅਗਲੀ ਕਣਕ ਦੀ ਵੰਡ ਨਹੀਂ ਕੀਤੀ ਜਾਵੇਗੀ। ਮੀਟਿੰਗ 'ਚ ਗੈਰ-ਹਾਜ਼ਰ ਰਹੇ ਧਰਮ ਪਾਲ ਸ਼ਰਮਾ ਨੇ ਉਕਤ ਸਾਰੇ ਫੈਸਲਿਆਂ 'ਤੇ ਮੋਬਾਇਲ ਰਾਹੀਂ ਅਪਣੀ ਸਹਿਮਤੀ ਪ੍ਰਗਟਾਈ। ਇਸ ਮੌਕੇ ਮੱਖਣ ਤੇਲ ਵਾਲਾ, ਸ਼ਾਮ ਗਰਗ, ਕੁਲਵੰਤ ਸਿੰਘ ਧਾਲੀਵਾਲ, ਕਰਨ ਮਿੱਤਲ, ਬੱਲਾ ਗੋਇਲ, ਪ੍ਰੇਮ ਧੌਲਾ, ਦੀਪੂ ਮਿੱਤਲ ਆਦਿ ਮਹਿਲਾ ਡੀਪੂ ਹੋਲਡਰਾਂ ਨੇ ਵੀ ਸ਼ਮੂਲੀਅਤ ਕੀਤੀ।

# ਵਰਲਡ 'ਵਰਸਿਟੀ ਵਿਖੇ ਕੈਰੀਅਰ ਗਾਈਡੈਂਸ ਸੈਮੀਨਾਰ




**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਰੋਜ਼ਗਾਰ ਦਫਤਰ ਵੱਲੋਂ ਕੇਂਦਰ ਸਰਕਾਰ ਦੇ ਰੋਜ਼ਗਾਰ ਮੰਤਰਾਲੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਕੈਰੀਅਰ ਗਾਈਡੈਂਸ ਸੈਮੀਨਾਰ ਕਰਵਾਇਆ ਗਿਆ। ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਪ੍ਰੋ. ਅਜੈਬ ਸਿੰਘ ਬਰਾੜ, ਪ੍ਰੋ. ਪਰਿਤਪਾਲ ਸਿੰਘ ਵਾਈਸ ਚਾਂਸਲਰ ਤੇ ਡਾ. ਸੀ ਰਾਜੇਸ਼ ਪ੍ਰੋਫੈਸਰ ਇੰਚਾਰਜ ਟ੍ਰੇਨਿੰਗ ਅਤੇ ਪਲੇਸਮੈਂਟ ਵਿਭਾਗ ਵੱਲੋਂ ਯੂਨੀਵਰਸਿਟੀ ਵਿੱਚ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਸ. ਗੁਰਸਿਮਰਨ ਸਿੰਘ ਓਬਰਾਏ, ਫਾਊਂਡਰ ਐਂਡ ਡਾਇਰੈਕਟਰ ਇੰਸਟੀਚਿਊਟ ਆਫ ਪ੍ਰੋਫੈਸ਼ਨਲ ਬੈਂਕਿੰਗ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਯੂਨੀਵਰਸਿਟੀ ਦੇ ਬੱਚਿਆਂ ਨੂੰ ਪ੍ਰਾਈਵੇਟ ਬੈਂਕਾਂ ਵਿੱਚ ਵਧੀਆ ਨੌਕਰੀ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀ ਮੁਕੇਸ਼ ਕੁਮਾਰ ਸੈਣੀ ਐੱਲ ਡੀ ਐੱਮ (ਐੱਸ ਬੀ ਆਈ ਬੈਂਕ) ਨੇ ਬੱਚਿਆਂ ਨੂੰ ਸਰਕਾਰ ਦੁਆਰਾ ਚਲਾਈਆਂ ਗਈਆਂ ਰੋਜ਼ਗਾਰ ਸਕੀਮਾਂ ਤੇ ਸਰਕਾਰ ਵੱਲੋਂ ਆਪਣਾ ਕੰਮ ਕਰਨ ਲਈ ਦਿੱਤੇ ਜਾਂਦੇ ਕਰਜ਼ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨਾਲ ਸ੍ਰੀਮਤੀ ਰੁਪਿੰਦਰ ਕੌਰ, ਡੀ ਈ ਜੀ ਟੀ ਓ ਸ. ਜਤਿੰਦਰਪਾਲ ਸਿੰਘ ਤੇ ਜਸਵਿੰਦਰ ਸਿੰਘ ਟ੍ਰੇਨਿੰਗ ਆਫੀਸਰ ਜ਼ਿਲ੍ਹਾ ਰੋਜ਼ਗਾਰ ਦਫਤਰ ਵੀ ਇਸ ਸੈਮੀਨਾਰ ਵਿੱਚ ਹਜ਼ਜਰ ਸਨ। ਇਸ ਸੈਮੀਨਾਰ ਵਿੱਚ ਯੂਨੀਵਰਸਿਟੀ ਦੇ 150 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਸੈਮੀਨਾਰ ਦੇ ਅੰਤ ਵਿੱਚ ਪ੍ਰੋ. ਪਰਿਤਪਾਲ ਸਿੰਘ ਨੇ ਪਹੁੰਚੇ ਸਾਰੇ ਮਹਿਮਾਨਾਂ ਦਾ ਇਸ ਸੈਮੀਨਾਰ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ।

# ਬੱਬਰ ਖਾਲਸਾ ਨਾਲ ਸੰਬੰਧ ਰੱਖਣ ਦੇ ਦੋਸ਼ 'ਚ ਅਸਲੇ ਸਮੇਤ ਗ੍ਰਿਫ਼ਤਾਰ ਕੀਤੇ 7 ਵਿਅਕਤੀਆਂ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਵਿਦੇਸ਼ਾਂ ਤੋਂ ਫੰਡ ਹਾਸਲ ਕਰਕੇ ਬੱਬਰ ਖਾਲਸਾ ਇੰਟਰਨੈਸ਼ਨਲ ਦੀ ਸ਼ਹਿ 'ਤੇ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਗੁਰਮੀਤ ਰਾਮ ਰਹੀਮ, ਪਿਆਰਾ ਸਿੰਘ ਭਨਿਆਰਾਂ ਵਾਲਾ ਤੇ ਸ਼ਿਵ ਸੈਨਾ ਆਗੂ ਦੇ ਕਤਲ ਕਰਨ ਅਤੇ ਬੇਅੰਤ ਸਿੰਘ ਦੇ ਬੁੱਤ ਨੂੰ ਤਬਾਹ ਕਰਨ ਦੀ ਸਾਜ਼ਿਸ਼ ਰਚਣ ਦੇ ਕਥਿਤ ਮਾਮਲੇ 'ਚ ਫ਼ਤਹਿਗੜ੍ਹ ਸਾਹਿਬ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ 18 ਵਿਅਕਤੀਆਂ 'ਚੋਂ 7 ਵਿਅਕਤੀਆਂ ਨੂੰ ਫ਼ਤਹਿਗੜ੍ਹ ਸਾਹਿਬ ਦੀ ਇੱਕ ਅਦਾਲਤ ਵੱਲੋਂ ਅ/ਧ 25/54/59 ਅਸਲਾ ਐਕਟ ਤਹਿਤ ਦੋਸ਼ੀ ਮੰਨਦਿਆਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਮਿਤੀ 5/9/13 ਨੂੰ ਅ/ਧ 153-ਏ,120-ਬੀ ਆਈ.ਪੀ.ਸੀ., ਅਨਲਾਫੁੱਲ ਐਕਟੀਵਿਟੀਜ਼ (ਪ੍ਰੀਵੈਨਸ਼ਨ) ਐਕਟ ਦੀ ਧਾਰਾ 17, 18, 20, ਅਸਲਾ ਐਕਟ ਦੀ ਧਾਰਾ 25/54/59 ਤੇ ਆਈ. ਟੀ. ਐਕਟ ਦੀ ਧਾਰਾ 66-ਐੱਫ ਤਹਿਤ ਮੁਕੱਦਮਾ ਨੰਬਰ 144 ਦਰਜ ਕਰਦੇ ਹੋਏ ਕਥਿਤ ਵਿਅਕਤੀਆਂ ਰਾਣਾ ਪ੍ਰਤਾਪ ਤੇ ਮਨਿੰਦਰਜੀਤ ਸਿੰਘ ਉਰਫ ਮਾਨੂੰ ਵਾਸੀਆਨ ਪਿੰਡ ਮੜ੍ਹੀ ਟਾਂਡਾ (ਗੁਰਦਾਸਪੁਰ), ਹਰਵਿੰਦਰ ਸਿੰਘ ਉਰਫ ਹਿੰਦਾ ਵਾਸੀ ਪਿੰਡ ਚਕਰ (ਲੁਧਿਆਣਾ), ਗੁਰਵਿੰਦਰ ਸਿੰਘ ਤੇ ਸਤਨਾਮ ਸਿੰਘ ਵਾਸੀਆਨ ਨਾਂਦੇੜ (ਮਹਾਰਾਸ਼ਟਰ), ਜਾਨਪਾਲ ਸਿੰਘ ਵਾਸੀ ਸ਼ਾਮਲੀ (ਯੂ ਪੀ), ਕਸ਼ਮੀਰ ਸਿੰਘ ਵਾਸੀ ਪਿੰਡ ਗਲਵੱਢੀ (ਲੁਧਿਆਣਾ), ਜਤਿੰਦਰ ਸਿੰਘ ਉਰਫ ਹੈਪੀ ਵਾਸੀ ਪਿੰਡ ਪੀਰਜੈਨ (ਫ਼ਤਹਿਗੜ੍ਹ ਸਾਹਿਬ), ਲਾਭ ਸਿੰਘ ਵਾਸੀ ਪਿੰਡ ਕੰਗ (ਤਰਨ ਤਾਰਨ), ਕਰਮਜੀਤ ਸਿੰਘ ਉਰਫ ਬੰਟੀ ਵਾਸੀ ਸ਼ੰਕਰਪੁਰਾ (ਬਟਾਲਾ), ਧਰਮ ਸਿੰਘ ਉਰਫ ਧੰਮਾ ਵਾਸੀ ਤਰਨਤਾਰਨ, ਬਚਿੱਤਰ ਸਿੰਘ ਉਰਫ ਬਾਬਾ ਵਾਸੀ ਪਿੰਡ ਪੰਡੋਰੀ ਗੋਲਾ (ਤਰਨ ਤਾਰਨ), ਤੇਜਿੰਦਰ ਸਿੰਘ ਉਰਫ ਇੰਦੀ ਵਾਸੀ ਪਿਹੋਵਾ (ਹਰਿਆਣਾ), ਗੁਰਮੁੱਖ ਸਿੰਘ ਉਰਫ ਹੈਪੀ ਵਾਸੀ ਯਮੁਨਾ ਨਗਰ (ਹਰਿਆਣਾ), ਬਲਜਿੰਦਰ ਸਿੰਘ ਥਿੰਦ ਵਾਸੀ ਪਿੰਡ ਗੋਲੀਆਂ (ਹੁਸ਼ਿਆਰਪੁਰ), ਕੁਲਵੰਤ ਸਿੰਘ ਵਾਸੀ ਪਿੰਡ ਨਾਗੋਕੇ (ਅੰਮ੍ਰਿਤਸਰ) ਤੇ ਗੁਰਲਾਲ ਸਿੰਘ ਵਾਸੀ ਗਵਾਲੀਅਰ (ਮੱਧ ਪ੍ਰਦੇਸ਼) ਨੂੰ ਇਸ ਮਾਮਲੇ 'ਚ ਨਾਮਜ਼ਦ ਕੀਤਾ ਗਿਆ ਸੀ। ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਐਡੀਸ਼ਨਲ ਸੈਸ਼ਨਜ਼ ਜੱਜ ਫ਼ਤਹਿਗੜ੍ਹ ਸਾਹਿਬ ਜਸਵਿੰਦਰ ਸ਼ੀਮਾਰ ਦੀ ਅਦਾਲਤ ਨੇ ਕਿਹਾ ਕਿ ਪ੍ਰਾਸੀਕਿਊਸ਼ਨ ਇਹ ਸਾਬਤ ਕਰਨ 'ਚ ਨਾਕਾਮ ਰਹੀ ਕਿ ਉਪਰੋਕਤ ਵਿਅਕਤੀ ਪਾਬੰਦੀਸ਼ੁਦਾ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਮਿਲ ਕੇ ਗੁਰਮੀਤ ਰਾਮ ਰਹੀਮ, ਸੱਜਣ ਕੁਮਾਰ, ਪਿਆਰਾ ਸਿੰਘ ਭਨਿਆਰਾਂਵਾਲਾ, ਸ਼ਿਵ ਸੈਨਾ ਪ੍ਰਧਾਨ ਨੂੰ ਕਤਲ ਕਰਨ ਦੀ ਤੇ ਬੇਅੰਤ ਸਿੰਘ ਦੇ ਬੁੱਤ ਨੂੰ ਤਬਾਹ ਕਰਨ ਦੀ ਸਾਜ਼ਿਸ਼ ਰਚ ਰਹੇ ਸਨ ਤੇ ਇਸ ਕੰਮ ਲਈ ਇਨ੍ਹਾਂ ਨੂੰ ਬਾਹਰਲੇ ਮੁਲਕਾਂ ਤੋਂ ਫੰਡਿੰਗ ਹੋ ਰਹੀ ਸੀ।

ਅਦਾਲਤ ਨੇ ਕਰਮਜੀਤ ਸਿੰਘ, ਸਰਵਨ ਸਿੰਘ, ਸਤਨਾਮ ਸਿੰਘ, ਮਨਿੰਦਰਜੀਤ ਸਿੰਘ, ਗੁਰਵਿੰਦਰ ਸਿੰਘ, ਬਚਿੱਤਰ ਸਿੰਘ ਤੇ ਜਾਨਪਾਲ ਸਿੰਘ ਨੂੰ ਮਾਮਲੇ 'ਚ ਅ/ਧ 25/54/59 ਅਸਲਾ ਐਕਟ ਤਹਿਤ ਦੋਸ਼ੀ ਮੰਨਦਿਆਂ ਦੋ-ਦੋ ਸਾਲ ਕੈਦ ਬਾਮੁਸ਼ੱਕਤ ਤੇ ਪੰਜ-ਪੰਜ ਹਜ਼ਾਰ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ ਹੈ।

# ਕਿਡਜ਼ੀ ਪ੍ਰੀ-ਸਕੂਲ ਨੇ ਮਨਾਇਆ ਗ੍ਰੈਜੂਏਸ਼ਨ ਸਮਾਰੋਹ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨੀਂ ਕਿਡਜ਼ੀ ਪ੍ਰੀ ਸਕੂਲ ਨੇ ਕਿੰਡਰਗਾਰਟਨ ਗ੍ਰੈਜੂਏਸ਼ਨ ਸਮਾਰੋਹ ਬਹੁਤ ਹੀ ਉਤਸ਼ਾਹ ਨਾਲ ਮਨਾਇਆ। ਗ੍ਰੈਜੂਏਸ਼ਨ ਬੱਚਿਆਂ ਲਈ ਇੱਕ ਦਿਲਚਸਪ ਪੜਾਅ ਹੈ, ਕਿਉਂਕਿ ਇਹ ਉਮੀਦਾਂ ਤੇ ਸੰਭਾਵਨਾਵਾਂ ਨਾਲ ਭਰੇ ਭਵਿੱਖ ਵੱਲ ਉਨ੍ਹਾਂ ਦਾ ਪਹਿਲਾ ਕਦਮ ਹੈ। ਜਸ਼ਨਾਂ ਦੀ ਖਾਸ ਗੱਲ ਇਹ ਸੀ ਕਿ ਕੇ. ਜੀ. ਦੇ ਵਿਦਿਆਰਥੀ ਆਪਣੇ ਕਨਵੋਕੇਸ਼ਨ ਲਈ ਸਟੇਜ 'ਤੇ ਚੱਲ ਰਹੇ ਸਨ, ਉਨ੍ਹਾਂ ਦੇ ਮੁਸਕਰਾਉਂਦੇ ਚਿਹਰਿਆਂ ਦਾ ਉਨ੍ਹਾਂ ਦੇ ਮਾਪਿਆਂ ਵੱਲੋਂ ਸ਼ਾਨਦਾਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ, ਕਿਉਂਕਿ ਉਨ੍ਹਾਂ ਨੂੰ ਕਿਡਜ਼ੀ ਟੀਮ ਵੱਲੋਂ ਗ੍ਰੈਜੂਏਸ਼ਨ ਸਰਟੀਫਿਕੇਟ ਤੇ ਪ੍ਰਸ਼ੰਸਾ ਦੇ ਤੋਹਫੇ ਮਿਲੇ ਸਨ। ਸਾਰੇ ਵਿਦਿਆਰਥੀ ਲਾਲ ਰੰਗ ਦੇ ਗ੍ਰੈਜੂਏਸ਼ਨ ਕੋਟ ਤੇ ਕੈਪ ਪਾ ਕੇ ਬਹੁਤ ਸੋਹਣੇ ਲੱਗ ਰਹੇ ਸਨ।

ਇਸ ਮੌਕੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਸਾਰੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਬੱਚਿਆਂ ਦੀ ਜ਼ਿੰਦਗੀ ਦਾ ਉਹ ਮੋੜ ਹੈ, ਜਦ ਬੱਚਾ ਆਪਣੇ ਪਰਿਵਾਰ ਵਰਗੇ ਕਿੰਡਰਗਾਰਟਨ ਸੈਕਸ਼ਨ ਵਿੱਚੋਂ ਨਿੱਕਲ ਕੇ ਜ਼ਿੰਦਗੀ ਦੇ ਅਜਿਹੇ ਪੜਾਅ ਵਿੱਚ ਦਾਖਲ ਹੁੰਦਾ ਹੈ, ਜਿੱਥੇ ਬੱਚੇ ਨੂੰ ਉਸ ਦੀਆਂ ਅਸਲ ਰੁਚੀ ਤੇ ਜ਼ਿੰਮੇਵਾਰੀਆਂ ਦਾ ਪਤਾ ਲੱਗਦਾ ਹੈ। ਡਾਇਰੈਕਟਰ ਸੰਦੀਪ ਮਹਿਤਾ ਨੇ ਕਿਹਾ ਕਿ ਸਮੂਹ ਸਟਾਫ ਦੀ ਮਿਹਨਤ ਸਦਕਾ ਹੀ ਅੱਜ ਅਸੀਂ ਇਸ ਮੋੜ 'ਤੇ ਪਹੁੰਚ ਚੁੱਕੇ ਹਾਂ, ਜਿਸ ਸਦਕਾ ਅੱਜ ਕਿਡਜ਼ੀ ਤੇ ਮਾਊਂਟ ਲਿਟਰਾ ਵਿੱਚ ਦਾਖਲੇ ਲਈ ਸਾਨੂੰ ਸੀਟਾਂ ਸੀਮਤ ਰੱਖਣੀਆਂ ਪੈ ਰਹੀਆਂ ਹਨ। ਸੈਂਟਰ ਹੈੱਡ ਮੈਡਮ ਪਰਮਿੰਦਰ ਕੌਰ ਨੇ ਕਿਹਾ ਕਿ ਜ਼ਿੰਦਗੀ ਦੇ ਇਸ ਮੋੜ 'ਤੇ ਵੀ ਬੱਚਿਆਂ ਨੂੰ ਪਹਿਲਾਂ ਵਾਂਗ ਹੀ ਸਾਂਭ ਸੰਭਾਲ ਮਿਲਦੀ ਰਹੇਗੀ। ਕੋਆਰਡੀਨੇਟਰ ਮੈਡਮ ਮਨਜੀਤ ਕੌਰ ਭੁੱਲਰ ਨੇ ਕਿਹਾ ਕਿ ਕਿਡਜ਼ੀ ਦਾ ਹੀ ਪ੍ਰਾਇਮਰੀ ਸੈਕਸ਼ਨ ਮਾਊਂਟ ਲਿਟਰਾ ਜ਼ੀ ਸਕੂਲ, ਜੋ ਪਿਛਲੇ ਸੈਸ਼ਨ ਵਿੱਚ ਸ਼ੁਰੂ ਕੀਤਾ ਗਿਆ ਤੇ ਲੋਕਾਂ ਦੀ ਪਹਿਲੀ ਪਸੰਦ ਬਣ ਗਿਆ ਹੈ ਅਤੇ ਅਸੀਂ ਇਹ ਭਰੋਸਾ ਦਵਾਉਂਦੇ ਹਾਂ ਕਿ ਮਾਊਂਟ ਲਿਟਰਾ ਇਸੇ ਤਰ੍ਹਾਂ ਹੀ ਬੱਚਿਆਂ ਦੀਆਂ ਰੁਚੀਆਂ ਦਾ ਧਿਆਨ ਰੱਖਦਿਆਂ ਉਨ੍ਹਾਂ ਨੂੰ ਸਹੀ ਮਾਰਗਦਰਸ਼ਨ, ਤਕਨੀਕੀ ਹੁਨਰ ਤੇ ਸਰਵਪੱਖੀ ਵਿਕਾਸ ਲਈ ਗਿਆਨ ਸਰੋਤ ਬਣਦਾ ਰਹੇਗਾ। ਹਾਈ ਸਕੂਲ ਕੋਆਰਡੀਨੇਟਰ ਮੁਕੇਸ਼ ਅਰੋੜਾ ਨੇ ਕਿਹਾ ਕਿ ਅਸਲੀ ਸਫਲਤਾ ਇਹ ਹੀ ਹੈ ਜੋ ਮਾਪਿਆਂ ਨਾਲ ਕੀਤੇ ਵਾਅਦਿਆਂ 'ਤੇ ਖਰੇ ਉੱਤਰੇ ਹਾਂ ਤੇ ਇਸੇ ਤਰ੍ਹਾਂ ਹੀ ਖਰੇ ਉੱਤਰਾਂਗੇ।

# ਦਰਸ਼ਨ ਸਿੰਘ ਕੜਮਾਂ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈ

**ਮਮਦੋਟ (ਹਰਪਾਲ ਸਿੰਘ ਸੋਢੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਜ਼ਿਲ੍ਹਾ ਪੱਧਰ 'ਤੇ ਇੱਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫਿਰੋਜ਼ਪੁਰ ਵਿਖੇ ਸੂਬਾ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਦਰਸ਼ਨ ਸਿੰਘ ਕੜਮਾਂ ਨੂੰ ਫਿਰੋਜ਼ਪੁਰ ਤੋਂ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ, ਜਿਸ ਨੂੰ ਲੈ ਕੇ ਬਲਾਕ ਮਮਦੋਟ ਦੀ ਜਥੇਬੰਦੀ ਦੇ ਆਗੂਆਂ ਵੱਲੋਂ ਦਰਸ਼ਨ ਸਿੰਘ ਕੜਮਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਾਕ ਜਥੇਬੰਦੀ ਦੇ ਪ੍ਰੈੱਸ ਸਕੱਤਰ ਜਗਤਾਰ ਸਿੰਘ ਭੱਟੀਆ ਨੇ ਦੱਸਿਆ ਕਿ ਪਿਛਲੇ ਮਹੀਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਬਠਿੰਡਾ ਵਿਖੇ ਸੂਬਾ ਪੱਧਰ 'ਤੇ ਕੀਤੇ ਗਏ ਅਜਲਾਸ ਦੌਰਾਨ ਪਹਿਲਾਂ ਤੋਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪ੍ਰਧਾਨ ਦੀ ਨੁਮਾਇੰਦਗੀ ਕਰ ਰਹੇ ਹਰਨੇਕ ਸਿੰਘ ਮਹਿਮਾ ਨੂੰ ਸੂਬਾ ਸਕੱਤਰ ਨਿਯੁਕਤ ਕੀਤਾ ਗਿਆ ਸੀ, ਜਿਸ ਦੇ ਚੱਲਦਿਆਂ ਹੀ ਜ਼ਿਲ੍ਹਾ ਪ੍ਰਧਾਨ ਦੀ ਖਾਲੀ ਪਈ ਹੋਈ ਸੀਟ 'ਤੇ ਦਰਸ਼ਨ ਸਿੰਘ ਕੜਮਾਂ ਨੂੰ ਨਵਾਜਿਆ ਗਿਆ ਹੈ। ਇਸ ਮੌਕੇ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਜੁਗਰਾਜ ਸਿੰਘ ਗੱਟੀ, ਕਰਨੈਲ ਸਿੰਘ ਜੱਲੋ ਕੇ, ਗੁਰਪ੍ਰੀਤ ਸਿੰਘ ਗੱਟੀ, ਸੁਖਵਿੰਦਰ ਸਿੰਘ ਮਮਦੋਟ, ਹਰਜੀਤ ਸਿੰਘ ਗੱਟੀ, ਹਰਬੰਸ ਸਿੰਘ ਜੋਧਪੁਰ, ਜਗਤਾਰ ਸਿੰਘ ਭੱਟੀਆ, ਜਤਿੰਦਰ ਸਿੰਘ ਕੜਮਾਂ ਸਮੇਤ ਬਲਾਕ ਜਥੇਬੰਦੀ ਦੇ ਹੋਰ ਆਗੂਆਂ ਨੇ ਦਰਸ਼ਨ ਸਿੰਘ ਕੜਮਾਂ ਨੂੰ ਵਧਾਈ ਦਿੱਤੀ।

CMYK

# ਖਹਿਰਾ ਕੋਟਲੀ 'ਚ ਤਜਵੀਜ਼ਤ ਟੋਲ ਪਲਾਜ਼ੇ ਵਿਰੁੱਧ ਧਰਨਾ 63ਵੇਂ ਦਿਨ ਵੀ ਜਾਰੀ




ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਇਥੋਂ ਨੇੜੇ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ ਤੇ ਸਥਿਤ ਪਿੰਡ ਖਹਿਰਾ ਕੋਟਲੀ ਵਿਖੇ ਲਾਏ ਗਏ ਧਰਨੇ ਦਾ ਅੱਜ 63ਵਾਂ ਦਿਨ ਹੈ। ਅੱਜ ਦਾ ਧਰਨਾ ਵੇਰਕਾ ਡੇਅਰੀ ਕ੍ਰਾਂਤੀਕਾਰੀ ਯੂਨੀਅਨ ਵੱਲੋਂ ਲਖਬੀਰ ਸਿੰਘ ਭੋਪਰ ਸੈਦਾਂ ਦੀ ਅਗਵਾਈ ਹੇਠ ਲਾਇਆ ਗਿਆ।

ਜਥੇ ਵਿੱਚ ਚੰਨਣ ਸਿੰਘ, ਦਰਸ਼ਨ ਸਿੰਘ ਖੈਹਰਾ, ਸਰਬਜੀਤ ਸਿੰਘ ਬੇਰੀ, ਗੁਰਪ੍ਰੀਤ ਸਿੰਘ, ਹਰਜੀਤ ਸਿੰਘ, ਬਚਿੱਤਰ ਸਿੰਘ, ਗੁਰਵੇਲ ਸਿੰਘ ਭਖਾਰੀਵਾਲ, ਮਾਸਟਰ ਗੁਰਚਰਨ ਸਿੰਘ, ਹਰਪ੍ਰੀਤ ਸਿੰਘ ਅਤੇ ਲਖਬੀਰ ਸਿੰਘ ਭੋਪਰ ਆਦਿ ਹਾਜ਼ਰ ਸਨ। ਅੱਜ ਦੇ ਜਥੇ ਨੂੰ ਹਾਰ ਪਾ ਕੇ ਸਨਮਾਨਿਤ ਕਰਨ ਵਾਲਿਆਂ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਪਲਵਿੰਦਰ ਸਿੰਘ ਕਿਲ੍ਹਾ ਨੱਥੂ ਸਿੰਘ, ਬੀਕੇਯੂ ਏਕਤਾ ਉਗਰਾਹਾਂ ਵੱਲੋਂ ਨਾਜਰ ਸਿੰਘ ਪ੍ਰਧਾਨ, ਪੰਜਾਬ ਕਿਸਾਨ ਯੂਨੀਅਨ ਵੱਲੋਂ ਗੁਰਦੀਪ ਸਿੰਘ ਕਾਮਲਪੁਰ ਨੇ ਜਥੇ ਨੂੰ ਸਨਮਾਨਿਤ ਕਰਦੇ ਹੋਏ ਕਿਹਾ ਕਿ ਇਹ ਧਰਨਾ ਉਨਾ ਚਿਰ ਤੱਕ ਜਾਰੀ ਰਹੇਗਾ ਜਿੰਨਾ ਚਿਰ ਤੱਕ ਸਰਕਾਰ ਇਸ ਟੋਲ ਪਲਾਜ਼ੇ ਦੀ ਸਕੀਮ ਨੂੰ ਰੱਦ ਨਹੀਂ ਕਰਦੀ। ਜਨਤਾ ਪਹਿਲਾਂ ਹੀ ਟੈਕਸਾਂ ਦੇ ਬੋਝ ਥੱਲੇ ਪਿਸ ਰਹੀ ਹੈ ਅਤੇ ਇਹ ਸਰਕਾਰਾਂ ਲੋਕਾਂ ਨੂੰ ਰਿਆਇਤ ਦੇਣ ਦੀ ਥਾਂ ਉਸ ਤੇ ਹੋਰ ਬੋਝ ਪਾ ਰਹੀਆਂ ਹਨ।

# ਜੀ-20 ਸੰਮੇਲਨ 'ਤੇ ਟਿੱਪਣੀ ਕਰਦੇ ਹੀ ਕਿਸਾਨ ਆਗੂ ਦਾ ਸੋਸ਼ਲ ਮੀਡੀਆ ਅਕਾਊਂਟ ਬੈਨ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦਾ ਫੇਸਬੁੱਕ ਅਕਾਊਂਟ ਇੱਕ ਵਾਰ ਫਿਰ ਤੋਂ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਮੀਡੀਆ ਨਾਲ ਗੱਲ ਕਰਦੇ ਕਿਹਾ ਕਿ ਸਰਕਾਰਾਂ ਵਲੋਂ ਕਿਸਾਨਾਂ ਤੇ ਮਜ਼ਦੂਰਾਂ ਦੀ ਆਵਾਜ਼ ਲਗਾਤਾਰ ਦੱਬੀ ਜਾ ਰਹੀ ਹੈ ਜਿਸ ਦੇ ਚਲਦੇ ਦਿੱਲੀ ਮੋਰਚੇ ਤੋਂ ਸ਼ੁਰੂ ਹੋ ਕੇ ਅੱਧੀ ਦਰਜਨ ਦੇ ਕਰੀਬ ਅਕਾਊਂਟ ਬੰਦ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰਾਂ ਆਮ ਲੋਕਾਂ ਦੀ ਆਵਾਜ਼ ਤੋਂ ਕਿਸ ਕਦਰ ਡਰੀਆਂ ਪਈਆਂ ਹਨ ਇਸਦਾ ਜ਼ਿੰਦਾ ਜਾਗਦਾ ਸਬੂਤ ਹੈ ਕਿ ਭਾਰਤ ਵਿਚ ਹੋ ਰਹੇ ਜੀ-20 ਸੰਮੇਲਨ ਜਿਸ ਵਿਚ ਮੁਖ ਰੂਪ ਵਿਚ ਉਹ ਦੇਸ਼ ਸ਼ਾਮਿਲ ਹਨ ਜੋ ਕਿਸਾਨਾਂ ਨੂੰ ਐੱਮਐੱਸਪੀ ਦੇਣ ਦੇ ਵਿਰੁੱਧ ਹਨ, ਦੀ ਸੱਚਾਈ ਦੱਸਣ 'ਤੇ ਨਾਲ ਦੀ ਨਾਲ ਸੋਸ਼ਲ ਮੀਡੀਆ 'ਤੇ ਖਾਤੇ ਬੰਦ ਕੀਤੇ ਜਾ ਰਹੇ ਹਨ ਪਰ ਅਸੀਂ ਲੋਕ ਹੱਕਾਂ ਦੀ ਆਵਾਜ਼ ਚੁੱਕਦੇ ਰਹਾਂਗੇ। ਉਨ੍ਹਾਂ ਕਿਹਾ ਕਿ ਅਗਰ ਭਾਰਤ ਸਰਕਾਰ ਵਿਚ ਲੋਕਤੰਤਰ ਦਾ ਕਿਣਕਾ ਮਾਤਰ ਵੀ ਬਾਕੀ ਹੈ ਤਾਂ ਅਜਿਹੀਆਂ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ। ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਪੰਜਾਬ ਸਰਕਾਰ ਦੇ ਵਿਧਾਇਕਾਂ ਤੇ ਮੰਤਰੀਆਂ ਨੂੰ ਸੁਨੇਹਾ ਦਿੰਦੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਬਜਟ ਸੈਸ਼ਨ ਵਿਚ ਲੋਕਾਂ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਕੰਮ ਕੀਤਾ ਜਾਣਾ ਚਾਹੀਦਾ ਹੈ ਅਤੇ ਜ਼ਰੂਰੀ ਹੈ ਕਿ ਵਿਰੋਧੀ ਧਿਰ ਤੇ ਸਰਕਾਰ ਮਿਲ ਕੇ ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ, ਕਿਸਾਨਾਂ-ਮਜ਼ਦੂਰਾਂ ਨੌਜਵਾਨਾਂ-ਵਿਦਿਆਰਥੀਆਂ ਦੇ ਮੁੱਦੇ, ਬੰਦੀ ਸਿੰਘਾਂ ਦੀ ਰਿਹਾਈ ਆਦਿ ਦੇ ਮੁੱਦੇ ਨਿਬੇੜੇ।

ਉਨ੍ਹਾਂ ਕਿਹਾ ਕਿ ਕੇਂਦਰੀ ਖਜਾਨਾ ਮੰਤਰੀ ਨੇ ਕਿਹਾ ਹੈ ਕਿ ਜੀ-20 ਗਰੀਬ ਮੁਲਕਾਂ ਅਤੇ ਤਰੱਕੀ ਕਰ ਰਹੇ ਦੇਸ਼ਾਂ ਦੀ ਆਵਾਜ਼ ਬਣੇਗਾ, ਜੋ ਕਿ ਬਿਲਕੁਲ ਤਰਕ ਸੰਗਤ ਨਹੀਂ ਹੈ ਅਤੇ ਜੀ-20 ਸੰਮੇਲਨ ਪੂੰਜੀਪਤੀਆਂ ਦੇ ਹੱਕ 'ਚ ਹੈ ਨਾ ਕਿ ਭਾਰਤ ਦੇ 42 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਜ਼ਿੰਦਗੀ ਜਿਊਣ ਵਾਲੇ ਲੋਕਾਂ ਦੇ। ਉਨ੍ਹਾਂ ਕਿਹਾ ਕਿ ਪਹਿਲਾਂ ਪ੍ਰਾਈਵੇਟ ਵਪਾਰੀ ਨੇ ਮਹਾਰਾਸ਼ਟਰ ਦੇ ਕਿਸਾਨ ਦਾ ਪਿਆਜ਼ ਲੁੱਟਿਆ ਅਤੇ ਹੁਣ ਕਿਸਾਨਾਂ ਨੇ ਸੌ ਕਰੋੜ ਦੇ ਟਮਾਟਰ ਆਪਣੇ ਖੇਤਾਂ ਵਿੱਚ ਵਾਹ ਦਿੱਤੇ ਹਨ, ਕਰਜ਼ੇ ਕਰਕੇ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਇਸ ਕਰਕੇ ਜੀ-20 ਸੰਮੇਲਨ ਸਾਡੀ ਆਵਾਜ਼ ਨਹੀਂ ਹੋ ਸਕਦਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਰਮਨਜੀਤ ਬੰਡਾਲਾ ਅਤੇ ਜ਼ਿਲ੍ਹਾ ਖਜਾਨਚੀ ਕੰਧਾਰ ਸਿੰਘ ਭੋਏਵਾਲ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਨੇ ਕੈਬਨਿਟ ਮੰਤਰੀ ਭੁੱਲਰ ਨੂੰ ਸੌਂਪਿਆ ਮੰਗ ਪੱਤਰ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੰਦੀ ਸਿੰਘਾਂ ਤੇ ਹੋਰ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਸਖਤ ਸਜ਼ਾਵਾਂ ਦੇਣ ਸਬੰਧੀ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ ਚੂਸਲੇਵੜ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਨਿਰਪਾਲ ਸਿੰਘ ਜੌਣੇਕੇ, ਬੀਕੇਯੂ ਪੰਜਾਬ ਦੇ ਆਗੂ ਪਰਮਜੀਤ ਸਿੰਘ ਗਦਾਈਕੇ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਉਗਰ ਸਿੰਘ ਨਦੋਹਰ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਰਵੀ ਦੇ ਆਗੂ ਜਥੇਦਾਰ ਕਰਤਾਰ ਸਿੰਘ ਦੀ ਅਗਵਾਈ 'ਚ ਪੱਟੀ ਤੋਂ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਗ ਪੱਤਰ ਦੇਣ ਮੌਕੇ ਬਾਜ ਸਿੰਘ ਬਾਹਮਣੀਵਾਲਾ ਤੇ ਜਗਜੀਤ ਸਿੰਘ ਹਰੀਕੇ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਠੀਕ ਰੱਖਣ ਲਈ ਕੌਮੀ ਇਨਸਾਫ ਮੋਰਚੇ ਦੀਆਂ ਜਾਇਜ਼ ਮੰਗਾਂ ਸਬੰਧੀ ਪੰਜਾਬ ਸਰਕਾਰ ਤੁਰੰਤ ਲੋੜੀਂਦੀ ਕਾਰਵਾਈ ਕਰਕੇ ਪੰਜਾਬ ਦਾ ਮਾਹੌਲ ਠੀਕ ਰੱਖੇ।

ਜਥੇਦਾਰ ਕਰਤਾਰ ਨਦੋਹਰ ਤੇ ਚਮਕੌਰ ਸਿੰਘ ਜੈਲਦਾਰ ਨੇ ਕਿਹਾ ਕਿ ਅੱਜ ਪੰਜਾਬ ਦਾ ਹਰੇਕ ਕਿਸਾਨ ਮਜ਼ਦੂਰ ਮੁਲਾਜ਼ਮ ਸਜ਼ਾ ਤੋਂ ਵੱਧ ਕੈਦੀਆਂ ਨੂੰ ਜੇਲ੍ਹ ਵਿੱਚ ਰੱਖਣਾ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਦੁਹਾਈ ਦੇ ਰਿਹਾ ਹੈ। ਜੇਕਰ ਸਰਕਾਰਾਂ ਅਣਗਹਿਲੀ ਕੀਤੀ ਤਾਂ ਇਹ ਦਿੱਲੀ ਕਿਸਾਨ ਮੋਰਚੇ ਵਾਂਗ ਚੰਡੀਗੜ੍ਹ ਕੌਮੀ ਇਨਸਾਫ ਮੋਰਚਾ ਵੀ ਜਨ ਅੰਦੋਲਨ ਦਾ ਰੂਪ ਧਾਰ ਸਕਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਆਲ ਸਿੰਘ ਗੰਡੀਵਿੰਡ ਤੇ ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਪ੍ਰਿੰ. ਪ੍ਰਸ਼ੋਤਮ ਲਾਲ ਨੂੰ ਸਕੂਲ ਸਟਾਫ ਨੇ ਦਿੱਤੀ ਸ਼ਾਨਦਾਰ ਵਿਦਾਇਗੀ ਪਾਰਟੀ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਾਰਗਿੱਲ ਸ਼ਹੀਦ ਸਵਰਨ ਸਿੰਘ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਤਿਹਾਬਾਦ ਵਿਖੇ ਬਤੌਰ ਪ੍ਰਿੰਸੀਪਲ ਸੇਵਾ ਨਿਭਾਉਣ ਵਾਲੇ ਪ੍ਰਸ਼ੋਤਮ ਲਾਲ ਹੋਰਾਂ ਦੀ ਸੇਵਾਮੁਕਤੀ ਮੌਕੇ ਸਕੂਲ ਦੇ ਸਟਾਫ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ।

ਪ੍ਰਿੰ. ਪ੍ਰਸ਼ੋਤਮ ਲਾਲ ਬਹੁਤ ਹੀ ਮਿਲਾਪੜੇ, ਆਪਣੀ ਡਿਊਟੀ ਪ੍ਰਤੀ ਸਮਰਪਿਤ ਅਤੇ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਹਨ। ਉਹ 16 ਸਾਲ ਤੋਂ ਫਤਿਹਾਬਾਦ ਵਿਖੇ ਆਪਣੀਆਂ ਬੇਹਤਰੀਨ ਸੇਵਾਵਾਂ ਨਿਭਾ ਰਹੇ ਸਨ। ਸਮਾਗਮ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ। ਇਸ ਮੌਕੇ ਪ੍ਰੋਸ਼ਤਮ ਲਾਲ ਨੇ ਸਬਮਰਸੀਬਲ ਬੋਰ ਅਤੇ ਪੰਪ ਦੀ ਸੇਵਾ ਸਕੂਲ ਲਈ ਕਰਵਾਈ। ਸਮੁੱਚੇ ਸਟਾਫ ਵੱਲੋਂ ਪ੍ਰਸ਼ੋਤਮ ਲਾਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਮਾਸਟਰ ਮਲਕੀਤ ਸਿੰਘ ਸਿੰਘ ਨੇ ਕੀਤੀ।

ਇਸ ਮੌਕੇ ਸੇਵਾਮੁਕਤ ਪ੍ਰਿੰ. ਪ੍ਰਸ਼ੋਤਮ ਲਾਲ ਨੂੰ ਸਨਮਾਨਿਤ ਕਰਨ ਵਾਲਿਆਂ ਵਿਚ ਰਿਟਾ. ਪ੍ਰਿੰ. ਗੁਰਦੇਵ ਸਿੰਘ, ਰਿਟਾ. ਪ੍ਰਿੰ. ਨਿਰਮਲ ਸਿੰਘ, ਪ੍ਰਿੰ. ਸੁਖਦੇਵ ਸਿੰਘ, ਪ੍ਰਿੰ. ਪਰਮਜੀਤ, ਮਾਸਟਰ ਸੁਰਜੀਤ ਸਿੰਘ ਖਿੰਡਾ, ਪ੍ਰਿੰ. ਸੁਖਵਿੰਦਰ ਸਿੰਘ, ਮਾਸਟਰ ਸੁਖਬੀਰ ਸਿੰਘ ਕੰਗ, ਮਾਸਟਰ ਗੁਰਿੰਦਰ ਸਿੰਘ, ਮਾਸਟਰ ਮਲਕੀਤ ਸਿੰਘ, ਬੀਐੱਲਓ ਰਣਜੀਤ ਸਿੰਘ, ਮਾਸਟਰ ਦਿਲਰਾਜ ਸਿੰਘ, ਪੀ ਟੀ ਆਈ ਲਖਵਿੰਦਰ ਸਿੰਘ ਅਤੇ ਫਤਿਹਾਬਾਦ ਦੇ ਦੋਨਾ ਸਰਕਾਰੀ ਸਕੂਲਾਂ ਦਾ ਸਟਾਫ ਹਾਜ਼ਰ ਸੀ।

# ਜੀ ਐੱਨ ਡੀ ਯੂ ਕਾਲਜ ਨਰੋਟ ਜੈਮਲ ਸਿੰਘ 'ਚ 10ਵਾਂ ਖੇਡ ਸਮਾਰੋਹ ਆਯੋਜਿਤ

## ਕੈਬਨਿਟ ਮੰਤਰੀ ਕਟਾਰੂਚੱਕ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ




ਪਠਾਨਕੋਟ: (ਦਵਿੰਦਰ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਰੋਟ ਜੈਮਲ ਸਿੰਘ ਕਾਲਜ ਵਿਖੇ ਪ੍ਰਿੰਸੀਪਲ ਡਾ. ਅਰਪਨਾ ਦੀ ਪ੍ਰਧਾਨਗੀ ਵਿੱਚ 10ਵੇਂ ਖੇਡ ਦਿਵਸ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਤੋਂ ਇਲਾਵਾ ਰਵਿੰਦਰ ਕੁਮਾਰ, ਕੁਲਵੰਤ ਸਿੰਘ ਬਲਾਕ, ਪਾਲ ਸਿੰਘ, ਨਰੇਸ਼ ਸੈਣੀ, ਖੁਸ਼ਬੀਰ ਕਾਟਲ, ਸੋਹਣ ਸਿੰਘ ਮਾਖਣਪੁਰ, ਪ੍ਰਮੋਦ, ਡਾ. ਨਿਖਿਲ, ਜਤਿੰਦਰ ਭਗਵਾਨਪੁਰ, ਮਾਸਟਰ ਹਜਾਰੀ ਲਾਲ, ਸਰੋਜ, ਰੂਪ ਸਿੰਘ, ਮਾਸਟਰ ਧਰਮ ਚੰਦ, ਹੈਰੀ ਮਜੀਰੀਵਾਲਾ ਆਦਿ ਹਾਜ਼ਰ ਸਨ।

ਖੇਡ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਖੇਡਾਂ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਜੀਵਨ ਵਿੱਚ ਉਹ ਹੀ ਵਿਅਕਤੀ ਕਾਮਯਾਬ ਹੁੰਦਾ ਹੈ ਜਿਸ ਦਾ ਜੀਵਨ ਅਨੁਸ਼ਾਸਨ ਵਿੱਚ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇੱਕ ਵਿਦਿਆਰਥੀ ਲਈ ਸਹੀ ਢੰਗ ਨਾਲ ਸਿੱਖਿਆ ਗ੍ਰਹਿਣ ਕਰਨ ਦੇ ਲਈ ਇੱਕ ਤੰਦਰੁਸਤ ਮਨ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ ਅਤੇ ਤੰਦਰੁਸਤ ਮਨ ਤਦ ਹੀ ਹੋਵੇਗਾ ਜਦੋਂ ਅਸੀਂ ਅਨੁਸ਼ਾਸਨ ਵਿੱਚ ਰਹਿੰਦਿਆਂ ਆਪਣੀ ਸਿਹਤ ਦੇ ਪ੍ਰਤੀ ਪੂਰੀ ਤਰ੍ਹਾਂ ਨਾਲ ਜਾਗਰੂਕ ਰਹਾਂਗੇ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਵਿਧਾਨ ਸਭਾ ਹਲਕਾ ਭੋਆਂ ਵਿੱਚ ਨਰੋਟ ਜੈਮਲ ਸਿੰਘ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਹੈ। ਇਥੇ ਬੱਚਿਆਂ ਦੀ ਰੁਚੀ ਵੀ ਖੇਡਾਂ ਵਿੱਚ ਦੇਖਣ ਨੂੰ ਮਿਲੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਪਿਛਲੇ ਦਿਨ੍ਹਾਂ ਦੌਰਾਨ ਸਾਡੀਆਂ ਰਵਾਇਤੀ ਖੇਡਾਂ ਜੋ ਅਲੋਪ ਹੋ ਰਹੀਆਂ ਸਨ ਉਨ੍ਹਾਂ ਨੂੰ ਜ਼ਿੰਦਾ ਕਰਨ ਲਈ ਖੇਡਾਂ ਵਤਨ ਪੰਜਾਬ ਦੀਆਂ ਚਲਾਈਆਂ ਜਿਨ੍ਹਾਂ ਵਿੱਚ ਲੱਖਾਂ ਖਿਡਾਰੀਆਂ ਵੱਲੋਂ ਉਨ੍ਹਾਂ ਖੇਡਾਂ ਵਿੱਚ ਭਾਗ ਲਿਆ।

ਖੇਡਾਂ ਨੂੰ ਲੈ ਕੇ ਸਰਕਾਰ ਦੀ ਯੋਜਨਾ ਹੈ ਕਿ ਪਿੰਡਾਂ ਅੰਦਰ ਖੇਡ ਸਟੇਡੀਅਮ ਬਣਾਏ ਜਾਣ ਅਤੇ ਪਿੰਡਾਂ ਦੀਆਂ ਕਲੱਬਾਂ ਨੂੰ ਹਰੇਕ ਸਾਲ ਖੇਡਾਂ ਦੇ ਸਮਾਨ ਲਈ ਪੰਜਾਹ ਹਜ਼ਾਰ ਰੁਪਏ ਦਿੱਤੇ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਕਾਲਜ ਦੀ ਸਾਈਕਲ ਸਟੈਂਡ ਦੀ ਡਿਮਾਂਡ ਸੀ, ਉਸ ਸਾਈਕਲ ਸਟੈਂਡ ਦਾ ਨਿਰਮਾਣ ਕਰਵਾਇਆ ਜਾਵੇਗਾ।

ਖੇਡ ਸਮਾਰੋਹ ਦੌਰਾਨ ਰਾਵੀ ਟੀਮ ਨੇ ਕ੍ਰਿਕਟ ਵਿੱਚ ਪਹਿਲਾ ਸਥਾਨ, ਬਿਆਸ ਟੀਮ ਨੇ ਕਬੱਡੀ ਵਿੱਚ ਪਹਿਲਾ, ਝਨਾਅ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਬਾਲੀਬਾਲ ਵਿੱਚ ਰਾਵੀ ਟੀਮ ਨੇ ਪਹਿਲਾ ਅਤੇ ਬਿਆਸ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਬੈਡਮਿੰਟਨ ਲੜਕਿਆ ਸਿੰਗਲ ਵਿੱਚ ਝਨਾਅ ਟੀਮ ਦੇ ਸੰਜੀਵ ਨੇ ਪਹਿਲਾ ਅਤੇ ਰਾਵੀ ਟੀਮ ਦੇ ਅਸੀਸ ਨੇ ਦੂਸਰਾ ਸਥਾਨ, ਲੜਕੀਆਂ ਵਿੱਚ ਬਿਆਸ ਟੀਮ ਦੀ ਅਨੂ ਨੇ ਪਹਿਲਾ ਅਤੇ ਝਨਾਅ ਟੀਮ ਦੀ ਦੀਕਸ਼ਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ, ਲਾਂਗ ਜੰਪ ਵਿੱਚ ਲੜਕੀਆਂ ਵਿੱਚ ਝਨਾਅ ਟੀਮ ਦੀ ਹਰਪ੍ਰੀਤ ਨੇ ਪਹਿਲਾ, ਬਿਆਸ ਟੀਮ ਦੀ ਸਿਵਾਨੀ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਲਾਂਗ ਜੰਪ ਲੜਕਿਆਂ ਵਿੱਚ ਬਿਆਸ ਟੀਮ ਦੇ ਸਾਹਿਲ ਨੇ ਪਹਿਲਾ, ਸਤਲੁਜ ਨੀਮ ਦੇ ਦਿਨੇਸ ਨੇ ਦੂਸਰਾ ਆਦਿ ਵੱਖ ਵੱਖ ਖੇਡਾਂ ਅੰਦਰ ਨਾਮ ਬਣਾਉਂਣ ਵਾਲੇ ਸਾਰੇ ਖਿਡਾਰੀਆਂ ਨੂੰ ਸ਼੍ਰੀ ਕਟਾਰੂਚੱਕ, ਕਾਲਜ ਪ੍ਰਿੰਸੀਪਲ ਡਾ. ਅਰਪਨਾ ਅਤੇ ਹੋਰ ਮੁੱਖ ਮਹਿਮਾਨਾਂ ਵੱਲੋਂ ਯਾਦਗਾਰ ਚਿਨ੍ਹ ਭੇਟ ਕਰਕੇ ਅਤੇ ਸਨਮਾਨ ਪੱਤਰ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਐੱਚ ਡੀ ਐੱਫ ਸੀ ਵੱਲੋਂ ਲਾਈਫ ਗਰੰਟਿਡ ਇਨਕਮ ਇਸ਼ੋਰੈਂਸ ਪਲਾਨ ਲਾਂਚ

ਅੰਮ੍ਰਿਤਸਰ:ਭਾਰਤ ਦੀਆਂ ਪ੍ਰਮੁੱਖ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ ਐਚਡੀਐਫਸੀ ਲਾਈਫ ਨੇ ਐੱਚਡੀਐੱਫਸੀ ਲਾਇਫ ਗਾਰੰਟਿਡ ਇਨਕਮ ਇੰਸ਼ੋਰੈਂਸ ਪਲਾਨ ਲਾਂਚ ਕੀਤੀ ਹੈ। ਇਹ ਪ੍ਰੋਡੈਕਟ ਗਾਰੰਟਿਡ, ਰੈਗੂਲਰ, ਟੈਕਸ- ਫਰੀ ਬੈਨੀਫਿਟ ਅਤੇ ਗਾਰੰਟਿਡ ਡੈੱਥ ਬੈਨੀਫਿਟ ਪ੍ਰਦਾਨ ਕਰਦਾ ਹੈ। ਐੱਚਡੀਐੱਫਸੀ ਲਾਈਫ ਲਗਾਤਾਰ ਅਜਿਹੇ ਪ੍ਰੋਡਕਟ ਦੀ ਪੇਸ਼ਕਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਲੋਕਾਂ ਦੀਆਂ ਜੀਵਨ ਪੱਧਰ ਦੀਆਂ ਵੱਖ-ਵੱਖ ਲੋੜਾਂ ਨੂੰ ਪੂਰਾ ਕਰਦੇ ਹਨ। ਐੱਚਡੀਐੱਫਸੀ ਲਾਈਫ ਗਾਰੰਟਿਡ ਇਨਕਮ ਇੰਸ਼ੋਰੈਂਸ ਪਲਾਨ ਦੁਆਰਾ ਕੰਪਨੀ ਗਾਹਕਾਂ ਨੂੰ ਇੱਕ ਵਿੱਤੀ ਕਾਰਪਸ ਬਣਾਉਣ ਦਾ ਇੱਕ ਮੌਕਾ ਪ੍ਰਦਾਨ ਕਰ ਰਹੀ ਹੈ ਜੋ ਉਹਨਾਂ ਨੂੰ ਰੈਗੂਲਰ ਅਤੇ ਗਾਰੰਟਿਡ ਆਮਦਨ ਦੁਆਰਾ ਸਹਾਇਤਾ ਕਰੇਗਾ।

ਹੈੱਡ ਪ੍ਰੋਡਕਟਸ ਐਂਡ ਸੈਗਮੈਂਟਸ ਐਚਡੀਐਫਸੀ ਲਾਈਫ ਅਨੀਸ ਖੰਨਾ ਨੇ ਕਿਹਾ ਕਿ ਐੱਚਡੀਐੱਫਸੀ ਲਾਈਫ ਦਾ ਉਦੇਸ਼ ਸਾਡੇ ਪਾਲਿਸੀ ਹੋਲਡਰ ਅਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਲਈ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਲਾਈਫ ਇਸ਼ੋਰੈਂਸ ਇੱਕ ਉਤਪਾਦ ਸ਼੍ਰੇਣੀ ਦੇ ਰੂਪ ਵਿੱਚ ਲੰਬੇ ਸਮੇਂ ਦੀ ਬੱਚਤ ਦੇ ਦੋਹਰੇ ਲਾਭ ਪ੍ਰਦਾਨ ਕਰਦਾ ਹੈ।

# ਨਸ਼ੇ ਨੂੰ ਠੱਲ੍ਹ ਪਾਉਣ ਲਈ ਲੋਕ ਸਰਕਾਰ ਤੇ ਪੁਲਸ ਦਾ ਸਹਿਯੋਗ ਕਰਨ : ਭੁੱਲਰ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੂਬੇ ਅੰਦਰ ਨਸ਼ਿਆਂ ਦੇ ਵੱਗਦੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣ ਤੇ ਨਸ਼ੇ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਪ੍ਰਤੀ ਗੰਭੀਰਤਾ ਵਿਖਾਉਂਦੇ ਹੋਏ ਪੱਟੀ ਤੋਂ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਪੁਲਸ ਅਫਸਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਮੁੱਖ ਏਜੰਡਾ ਨਸ਼ਾ ਤੇ ਨਸ਼ਾ ਤਸਕਰ ਰਹੇ। ਭੁੱਲਰ ਨੇ ਪੁਲਸ ਅਫਸਰਾਂ ਨੂੰ ਸਖਤ ਲਹਿਜੇ ਵਿੱਚ ਨਿਰਦੇਸ਼ ਦਿੱਤੇ ਕਿ ਕੋਈ ਨਸ਼ਾ ਵੇਚਣ ਵਾਲਾ ਵਿਅਕਤੀ ਛੱਡਿਆ ਨਾ ਜਾਵੇ। ਜੇਕਰ ਕੋਈ ਵਿਅਕਤੀ ਨਸ਼ੇ ਵੇਚਣ ਵਾਲੇ ਦੀ ਹਮਾਇਤ ਵਿੱਚ ਨਸ਼ਾ ਤਸਕਰ ਨੂੰ ਛੁਡਾਉਣ ਲਈ ਥਾਣੇ ਆਉਂਦਾ ਤਾਂ ਉਸਦੇ ਖਿਲਾਫ ਵੀ ਨਸ਼ੇ ਦਾ ਪਰਚਾ ਦਰਜ ਕੀਤਾ ਜਾਵੇ ਭਾਵੇਂ ਉਹ ਵਿਅਕਤੀ ਆਮ ਆਦਮੀ ਪਾਰਟੀ ਦਾ ਹੀ ਕਿਓ ਨਾ ਹੋਵੇ। ਨਸ਼ੇ ਖਤਮ ਕਰਨ ਦੇ ਮਾਮਲੇ ਵਿਚ ਕਿਸੇ ਨਾਲ ਕੋਈ ਸਮਝੌਤਾ ਨਹੀਂ। ਭੁੱਲਰ ਨੇ ਦੱਸਿਆ ਕਿ ਹਲਕਾ ਦੇ ਲੋਕ ਉਹਨਾਂ ਦਾ ਪਰਿਵਾਰ ਹਨ ਪਰਿਵਾਰ ਨੂੰ ਖਤਮ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਭੁੱਲਰ ਨੇ ਪੁਲਸ ਅਫਸਰਾਂ ਨੂੰ ਤਾੜਨਾ ਕੀਤੀ ਕਿ ਜੇਕਰ ਉਨਾਂ ਦੇ ਧਿਆਨ ਵਿਚ ਆਇਆ ਕਿ ਨਸ਼ੇ ਤਸਕਰਾਂ ਨਾਲ ਪੁਲਸ ਦੀ ਕੋਈ ਵੀ ਮਿਲੀਭੁਗਤ ਸਾਹਮਣੇ ਆਈ ਤਾਂ ਉਨਾਂ ਖਿਲਾਫ ਕਾਰਵਾਈ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

ਭੁੱਲਰ ਨੇ ਦੱਸਿਆ ਕਿ ਨੌਜਵਾਨ ਨਸ਼ੇ ਤਿਆਗ ਕੇ ਪੜ੍ਹਾਈ ਤੇ ਖੇਡਾਂ ਵਿਚ ਮਿਹਨਤ ਕਰਕੇ ਆਪਣਾ ਤੇ ਆਪਣੇ ਪਰਿਵਾਰ ਤੇ ਇਲਾਕੇ ਦਾ ਨਾਂ ਰੌਸ਼ਨ ਕਰਨ। ਉਨ੍ਹਾਂ ਅੱਗੇ ਕਿਹਾ ਕਿ ਮਾਨ ਸਰਕਾਰ ਦੀ ਪਹਿਲਕਦਮੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਦੀ ਸਰਕਾਰ ਪੰਜਾਬ ਦੇ ਵਿਕਾਸ ਤੇ ਲੋਕਾਂ ਦੀ ਬਿਹਤਰੀ ਲਈ ਵੱਧ ਤੋਂ ਵੱਧ ਯੋਜਨਾਵਾਂ ਲੈ ਕੇ ਆਵੇਗੀ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਲੋਕ ਸਰਕਾਰ ਤੇ ਪੁਲਸ ਪ੍ਰਸ਼ਾਸਨ ਨਸ਼ੇ ਖਤਮ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਕਰਨ ਕਿਉਂਕਿ ਕੋਈ ਕੰਮ ਕਰਨਾ ਹੋਵੇ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਮੌਕੇ ਪੀਏ ਦਿਲਬਾਗ ਸਿੰਘ ਸੰਧੂ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਵਰਿੰਦਰ ਸਿੰਘ ਭੁੱਲਰ, ਗੁਰਬਿੰਦਰ ਸਿੰਘ ਕਾਲੇਕੇ, ਗੁਰਪਿੰਦਰ ਸਿੰਘ ਉੱਪਲ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਰਿਸ਼ੀਪਾਲ ਸਿੰਘ ਵੱਲੋਂ ਕੇਂਦਰੀ ਜੇਲ੍ਹ ਗੋਇੰਦਵਾਲ ਦਾ ਅਚਨਚੇਤ ਦੌਰਾ



ਤਰਨਤਾਰਨ (ਪ੍ਰਿਤਪਾਲ ਸਿੰਘ)-ਡਿਪਟੀ ਕਮਿਸ਼ਨਰ ਤਰਨਤਾਰਨ ਰਿਸ਼ੀਪਾਲ ਸਿੰਘ ਵਲੋਂ ਕੇਂਦਰੀ ਜੇਲ੍ਹ ਗੋਇੰਦਵਾਲ ਦਾ ਅਚਨਚੇਤ ਦੌਰਾ ਕਰਦਿਆਂ ਨਿਰੀਖਣ ਕੀਤਾ ਗਿਆ। ਇਸ ਮੌਕੇ ਜੇਲ੍ਹ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਸਨ। ਡੀਸੀ ਵਲੋਂ ਗੋਇੰਦਵਾਲ ਜੇਲ੍ਹ ਪੁਹੰਚਣ ਉਪਰੰਤ ਹਵਾਲਾਤੀਆਂ ਤੇ ਕੈਦੀਆਂ ਦੀਆਂ ਬੈਰਕਾਂ, ਖਾਣਾ ਮੁਹੱਈਆ ਕਰਵਾਉਣ ਲਈ ਬਣੀ ਰਸੋਈ ਅਤੇ ਜੇਲ੍ਹ ਵਿੱਚ ਬਣੇ ਹਸਪਤਾਲ ਦਾ ਦੌਰਾ ਕੀਤਾ ਗਿਆ। ਉਨ੍ਹਾਂ ਨੇ ਵੱਖ-ਵੱਖ ਬੈਰਕਾਂ ਦਾ ਦੌਰਾ ਕਰਕੇ ਹਵਾਲਾਤੀਆਂ ਤੇ ਕੈਦੀਆਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਅਤੇ ਜੇਲ੍ਹ ਦੇ ਸੁਪਰਟੈਂਡੈਂਟ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਉਨ੍ਹਾਂ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ ਸਹਿਣ ਤੇ ਸਾਫ ਸਫਾਈ ਦੀ ਜਾਂਚ ਕੀਤੀ ਅਤੇ ਜੇਲ੍ਹ ਦੀ ਮੈਸ (ਰਸੋਈ) ਚੈੱਕ ਕੀਤੀ ਅਤੇ ਉਥੋਂ ਦੀ ਸਾਫ ਸਫਾਈ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਜੇਲ੍ਹ ਵਿੱਚ ਬਣੇ ਹਸਪਤਾਲ ਦਾ ਦੌਰਾ ਕਰਦਿਆਂ ਵੱਖ-ਵੱਖ ਬਿਮਾਰੀਆਂ ਨਾਲ ਪੀੜਿਤ ਹਵਾਲਾਤੀਆਂ ਅਤੇ ਕੈਦੀਆਂ ਦਾ ਸੰਭਵ ਇਲਾਜ ਕਰਵਾਉਣ ਲਈ ਜ਼ੇਲ੍ਹ ਪ੍ਰਸ਼ਾਸਨ ਅਤੇ ਜ਼ੇਲ੍ਹ ਵਿੱਚ ਤੈਨਾਤ ਡਾਕਟਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਜੇਲ੍ਹ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਕਿ ਜੇਲ੍ਹ ਨੂੰ ਸਮੇਂ-ਸਮੇਂ ਤੇ ਸੈਨੀਟਾਈਜ਼ ਕੀਤਾ ਜਾਵੇ ਅਤੇ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਯਕੀਨੀ ਬਣਾਈ ਜਾਵੇ।

# ਲੋਕਾਂ ਦੀ ਸਹੂਲਤ ਲਈ ਖੇਮਕਰਨ ਵਿਖੇ ਦਾਖਲਾ ਬੂਥ ਲਗਾਇਆ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਅਤੇ ਉਨਾਂ ਨੂੰ ਸਹੂਲਤਾਂ ਦੇਣ ਦੇ ਉਦੇਸ਼ ਨਾਲ ਜ਼ਿਲ੍ਹਾ ਡਿਪਟੀ ਕਮਿਸ਼ਨਰ ਤਰਨ ਤਾਰਨ ਰਿਸ਼ੀਪਾਲ ਸਿੰਘ ਦੀ ਯੋਗ ਅਗਵਾਈ ਹੇਠ ਖੇਮਕਰਨ ਵਿਖੇ ਲੋਕ ਭਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਵੱਖ-ਵੱਖ ਮਹਿਕਮਿਆਂ ਵੱਲੋਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਲੋੜਵੰਦਾਂ ਦੇ ਫਾਰਮ ਵੀ ਭਰੇ ਗਏ। ਇਸ ਮੌਕੇ ਸਹਾਇਕ ਡਿਪਟੀ ਕਮਿਸ਼ਨਰ ਪੁਨੀਤ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਕੈਂਪ ਦਾ ਜਾਇਜ਼ਾ ਲਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਜਗਵਿੰਦਰ ਸਿੰਘ ਲਹਿਰੀ ਵੱਲੋਂ ਦੱਸਿਆ ਗਿਆ ਕਿ ਸਿੱਖਿਆ ਵਿਭਾਗ ਜ਼ਿਲ੍ਹਾ ਤਰਨ ਤਾਰਨ ਵੱਲੋਂ ਵੀ ਦਾਖਲਾ ਬੂਥ ਲਗਾਇਆ ਗਿਆ ਜਿਸ ਵਿੱਚ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾਂਦੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਨਵੇਂ ਦਾਖਲੇ ਲਈ ਪ੍ਰੇਰਿਤ ਕਰਨ ਦੇ ਨਾਲ ਨਾਲ ਪੰਜਾਬ ਵਿੱਚ ਨਵੇਂ ਸ਼ੁਰੂ ਕੀਤੇ ਜਾਣ ਵਾਲੇ ਸਕੂਲ ਆਫ ਐਮੀਨੈਂਸ ਬਾਰੇ ਵਿਸਥਾਰ ਨਾਲ ਦੱਸਿਆ ਗਿਆ।

ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਗੁਰਬਚਨ ਸਿੰਘ ਲਾਲੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਵਰ੍ਹੇ ਦਾਖਲੇ ਨੂੰ ਵਧਾਉਣ ਲਈ ਸਕੂਲ ਮੁਖੀ ਹਰੇਕ ਸੰਭਵ ਕੋਸ਼ਿਸ਼ ਕਰ ਰਹੇ ਹਨ । ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਜਲਦੀ ਹੀ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਆਪਣੀ ਬਿਹਤਰੀਨ ਕਾਰਗੁਜ਼ਾਰੀ ਪੇਸ਼ ਕਰੇਗਾ ।

# ਚੈਰੀਟੇਬਲ ਟਰੱਸਟ ਨੇ ਲੋੜਵੰਦ ਪਰਿਵਾਰ ਨੂੰ ਮਕਾਨ ਬਣਾ ਕੇ ਦਿੱਤਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਲੰਮੇ ਸਮੇਂ ਤੋਂ ਗਰੀਬ ਲੋੜਵੰਦ ਪਰਿਵਾਰਾਂ ਲਈ ਮਸੀਹਾ ਸਾਬਤ ਹੋ ਰਹੀ ਸਿਰਮੌਰ ਸੰਸਥਾ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਪਿਛਲੇ ਉੱਨੀ ਸਾਲਾਂ ਤੋ ਪੱਟੀ ਸ਼ਹਿਰ ਅਤੇ ਨਾਲ ਲੱਗਦੇ ਪਿੰਡਾਂ ਵਿੱਚ ਅਤਿ ਗਰੀਬ, ਲੋੜਵੰਦ, ਰੋਗ ਗ੍ਰਸਤ ਰੋਗੀਆਂ ਦੇ ਇਲਾਜ ਵਿੱਚ ਸਮਰੱਥਾ ਅਨੁਸਾਰ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ! ਇਸ ਦੇ ਨਾਲ ਲੋੜਵੰਦ ਬੱਚਿਆ ਦੀਆਂ ਪੜਾਈ ਦਾ ਖਰਚ, ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਅਨੰਦ-ਕਾਰਜ ਵੇਲੇ, ਲੋੜਵੰਦ ਮਰੀਜਾਂ ਦੀ ਸਹੂਲਤ ਵਾਸਤੇ ਐਂਬੂਲੈਂਸ਼ ਰਾਂਹੀ ਵੀ ਸੇਵਾਵਾਂ ਨਿਭਾਈਆ ਜਾ ਰਹੀਆਂ ਹਨ। ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਅਤੇ ਮੀਤ ਪ੍ਰਧਾਨ ਬਲਬੀਰ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਸੇਵਾਵਾਂ ਗੁਰੂ ਸਾਹਿਬ ਦੀ ਕ੍ਰਿਪਾ,ਪੱਟੀ ਨਿਵਾਸੀ ਸੰਗਤ ਅਤੇ ਐਨ-ਆਰ-ਆਈ ਸੰਗਤ ਦੇ ਸਹਿਯੋਗ ਨਾਲ ਪਿਛਲੇ ਉੱਨੀ ਸਾਲਾਂ ਤੋ ਨਿਰੰਤਰ ਚੱਲਦੀਆ ਆ ਰਹੀਆ ਹਨ ਅਤੇ ਅਗਾਂਹ ਵੀ ਸੰਗਤ ਦੇ ਸਹਿਯੋਗ ਨਾਲ ਨਿਰੰਤਰ ਚੱਲਦੀਆਂ ਰਹਿਣਗੀਆ। ਉਹਨਾਂ ਦੱਸਿਆ ਕਿ ਪਿੰਡ ਸਰਹਾਲੀ ਨਿਵਾਸੀ ਪ੍ਰੇਮ ਸਿੰਘ ਜੋ ਆਪਣੇ ਛੋਟੇ-ਛੋਟੇ ਬੱਚਿਆ ਦੇ ਨਾਲ ਪੰਚਾਇਤੀ ਜਮੀਨ ਤੇ ਕੱਚੇ ਜਿਹੇ ਢਾਰੇ ਦੇ ਵਿੱਚ ਗੁਜਰ-ਬਸਰ ਕਰ ਰਿਹਾ ਸੀ! ਪਿੰਡ ਦੀ ਪੰਚਾਇਤ ਵੱਲੋਂ ਪ੍ਰੇਮ ਸਿੰਘ ਨੂੰ ਪੰਜ ਮਰਲੇ ਜਗਾਂ ਦਿੱਤੀ ਗਈ ਸੀ ਕਿ ਉਹ ਆਪਣਾ ਘਰ ਬਣਾ ਸਕੇ, ਪਰ ਪਰਿਵਾਰ ਕੋਲ ਏਨੀ ਸਮਰੱਥਾ ਨਹੀਂ ਸੀ। ਪਰਿਵਾਰ ਵੱਲੋਂ ਟਰੱਸਟ ਪਾਸ ਬੇਨਤੀ ਕੀਤੀ ਗਈ ਸੀ, ਟਰੱਸਟ ਵੱਲੋਂ ਸਾਰੀ ਜਾਂਚ-ਪੜਤਾਲ ਉਪਰੰਤ ਮਕਾਨ ਬਨਾਉਣ ਦਾ ਕੰਮ ਅਰੰਭ ਕੀਤਾ ਗਿਆ। ਟਰੱਸਟ ਵੱਲੋਂ ਸੰਗਤ ਦੇ ਸਹਿਯੋਗ ਨਾਲ ਇਸ ਪਰਿਵਾਰ ਨੂੰ 1520 ਦਾ ਕਮਰਾ ਅਤੇ 810 ਦੀ ਰਸੋਈ ਬਣਵਾ ਕੇ ਦਿੱਤੀ ਗਈ! ਇਸ ਪਰਿਵਾਰ ਵੱਲੋਂ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਅਤੇ ਸਹਿਯੋਗ ਕਰਨ ਵਾਲੀ ਸੰਗਤ ਦਾ ਧੰਨਵਾਦ ਕੀਤਾ ਗਿਆ! ਇਸ ਮੌਕੇ ਟਰੱਸਟ ਦੇ ਸ਼੍ਰਪਰਸਤ ਡਾਕਟਰ ਰਜਿੰਦਰ ਸਿੰਘ (ਰਾਣਾ ਹਸਪਤਾਲ ਖਾਲੜਾ), ਸਕੱਤਰ ਹਰਚਰਨ ਸਿੰਘ, ਅਮਨਦੀਪ ਸਿੰਘ, ਜਗਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਦਫਤਰ ਇੰਚਾਰਜ ਸੁਖਪਾਲ ਸਿੰਘ ਡਿਪਟੀ ਹਾਜਰ ਸਨ।

# ਪ੍ਰੀਮਿਕਸ ਪਾਉਣ ਕਾਰਨ ਨੀਵੇਂ ਹੋਏ ਸੀਵਰੇਜ ਹੋਲ ਉੱਚੇ ਕੀਤੇ ਜਾਣ ਦੀ ਮੰਗ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਥਾਨਕ ਅੰਮ੍ਰਿਤਸਰ ਬਾਈਪਾਸ ਤੋਂ ਮਾਝਾ ਕਾਲਜ ਤੱਕ ਸ਼ਹਿਰ ਵਿੱਚੋਂ ਦੀ ਲੰਘਦੀ ਸੜਕ ਜਿਸ ਵਿੱਚ ਜਗ੍ਹਾ-ਜਗ੍ਹਾ 'ਤੇ ਟੋਏ ਪਏ ਸਨ ਅਤੇ ਆਮ ਲੋਕਾਂ ਨੂੰ ਆਪਣੇ ਵਾਹਨ ਚਲਾਉਣ ਵਿੱਚ ਪ੍ਰੇਸ਼ਾਨੀ ਹੁੰਦੀ ਸੀ। ਸੁਧਾਰ ਕਰਦਿਆਂ ਮਹਿਕਮਾ ਪੀਡਬਲਯੂਡੀ ਵੱਲੋਂ ਪ੍ਰੀਮਿਕਸ ਪਾ ਕੇ ਸੜਕ ਬਹੁਤ ਉੱਤਮ ਦਰਜੇ ਦੀ ਬਣਾ ਦਿੱਤੀ ਗਈ ਹੈ ਪਰ 3 ਤੋਂ 5 ਇੰਚ ਪ੍ਰੀਮਿਕਸ ਪੈਣ ਕਾਰਨ ਸੀਵਰੇਜ ਦੇ ਹੋਲ ਹੁਣ ਨੀਵੇਂ ਹੋ ਗਏ ਹਨ ਜਿਸ ਕਾਰਨ ਇਨ੍ਹਾਂ ਹੋਲਾਂ ਨਾਲ ਟਕਰਾਉਣ ਕਾਰਨ ਹਾਦਸੇ ਵਾਪਰਨ ਦਾ ਖਤਰਾ ਪੈਦਾ ਹੋ ਗਿਆ ਹੈ। ਇਸ ਸਬੰਧ ਵਿੱਚ ਗੱਲਬਾਤ ਕਰਦਿਆਂ ਸੀਪੀਐੱਮ ਤਰਨ-ਤਾਰਨ ਦੇ ਸਕੱਤਰ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਨੇ ਕਿਹਾ ਕਿ ਜਦ ਵੀ ਪ੍ਰਸ਼ਾਸਨ ਵੱਲੋਂ ਕੋਈ ਕੰਮਕਾਜ ਕੀਤਾ ਜਾਂਦਾ ਹੈ ਤਾਂ ਉਹ ਬਿਨਾਂ ਸਲਾਹ ਮਸ਼ਵਰੇ ਤੋਂ ਕੀਤਾ ਜਾਂਦਾ ਹੈ ਜਿਸ ਕਾਰਨ ਕੋਈ ਚੰਗਾ ਉਪਰਾਲਾ ਹੋਣ ਦੇ ਬਾਵਜੂਦ ਪਰਨਾਲਾ ਉਥੇ ਦਾ ਉਥੇ ਰਹਿ ਜਾਂਦਾ ਹੈ ਮਸਲਨ ਕਿ ਜਿਹੜਾ ਪ੍ਰੀਮਿਕਸ ਪਾਇਆ ਗਿਆ ਹੈ ਉਹ ਪੀ ਡਬਲਯੂ ਡੀ ਵਿਭਾਗ ਵੱਲੋ ਪਾਇਆ ਗਿਆ ਹੈ ਜਦਕਿ ਸੀਵਰੇਜ ਦਾ ਕੰਮ ਨਗਰ ਕੌਂਸਲ ਤਰਨ-ਤਾਰਨ ਦੇ ਅਧੀਨ ਹੈ। ਕਾਮਰੇਡ ਹੀਰਾ ਸਿੰਘ ਨੇ ਕਿਹਾ ਕਿ ਜੇਕਰ ਇਹ ਕਾਰਜ ਪਹਿਲਾਂ ਹੀ ਸਲਾਹ ਮਸ਼ਵਰੇ ਨਾਲ ਕੀਤਾ ਜਾਂਦਾ ਤਾਂ ਪਹਿਲਾਂ ਸੀਵਰੇਜ ਹੋਲ ਉਚੇ ਕੀਤੇ ਜਾਂਦੇ ਅਤੇ ਬਾਅਦ ਵਿੱਚ ਪ੍ਰੀਮਿਕਸ ਪਾਇਆ ਜਾਣਾ ਚਾਹੀਦਾ ਸੀ। ਜਦਕਿ ਹੁਣ ਹੋਲ ਉਚੇ ਕਰਨ ਲਈ ਫਿਰ ਤੋਂ ਨਵੇਂ ਪਏ ਪ੍ਰੀਮਿਕਸ ਨੂੰ ਤੋੜ ਭੰਨ ਕੇ ਕੀਤਾ ਜਾਵੇਗਾ। ਸੀਪੀਐੱਮ ਆਗੂ ਨੇ ਕਿਹਾ ਕਿ ਇਸ ਲਈ ਹਾਦਸੇ ਰੋਕਣ ਲਈ ਸੀਵਰੇਜ ਹੋਲ ਵੀ ਉਚੇ ਕੀਤੇ ਜਾਣ ਤਾਂ ਕਿ ਪ੍ਰੀਮਿਕਸ ਪਾਉਣ ਦਾ ਲਾਭ ਲੋਕਾਂ ਨੂੰ ਮਿਲ ਸਕੇ। ਇਸ ਮੌਕੇ ਜ਼ਿਲ੍ਹਾ ਆਗੂ ਕਾਮਰੇਡ ਜਸਵਿੰਦਰ ਸਿੰਘ ਮਾਸਟਰ, ਗੌਰਮਿੰਟ ਪੈਨਸ਼ਨ ਯੂਨੀਅਨ ਦੇ ਪ੍ਰਧਾਨ ਕਾਮਰੇਡ ਕਰਮ ਸਿੰਘ ਲਾਲਪੁਰਾ, ਮਾਸਟਰ ਅਜਮੇਰ ਸਿੰਘ, ਕਾਮਰੇਡ ਨਰਿੰਦਰ ਸਿੰਘ ਬਘਿਆੜੀ, ਸੀਟੂ ਆਗੂ ਸੁਖਦੇਵ ਸਿੰਘ ਗੋਹਲਵੜ, ਕਾਮਰੇਡ ਕੁਲਵੰਤ ਸਿੰਘ ਛਾਪਾ ਅਤੇ ਹੋਰ ਮੈਂਬਰ ਮੌਜੂਦ ਸਨ।

# ਹਵਾਲਦਾਰ ਚਰਨਜੀਤ ਸਿੰਘ ਦੀ ਮੌਤ ਇਲਾਕੇ ਲਈ ਵੱਡਾ ਘਾਟਾ: ਈ ਟੀ ਓ



ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)-ਹਵਾਲਦਾਰ ਚਰਨਜੀਤ ਸਿੰਘ ਪਿੰਡ ਮੁੱਛਲ ਜੋ ਕਿ ਫੌਜ ਦੀ ਯੂਨਿਟ 15 ਸਿੱਖ ਰੈਜੀਮੈਂਟ ਬਟਾਲੀਅਨ ਪੰਜਾਬ ਵਿੱਚ ਡਿਊਟੀ ਦੌਰਾਨ ਬੀਤੇ ਦਿਨ ਅਹੀਰਗੜ੍ਹ , ਅਰੁਣਾਚਲ ਪ੍ਰਦੇਸ ਵਿਖੇ ਸਦੀਵੀ ਵਿਛੋੜਾ ਦੇ ਗਏ ਸਨ, ਦੇ ਸਸਕਾਰ ਮੌਕੇ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਪੁੱਜੇ।

ਉਨ੍ਹਾਂ ਪਰਿਵਾਰ ਨਾਲ ਦੁੱਖ ਪ੍ਰਗਟ ਕਰਦੇ ਕਿਹਾ ਕਿ ਚਰਨਜੀਤ ਸਿੰਘ ਦਾ ਬੇਵਕਤ ਤੁਰ ਜਾਣਾ ਪੂਰੇ ਇਲਾਕੇ ਲਈ ਵੱਡਾ ਘਾਟਾ ਹੈ। ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਪੈਨਸ਼ਨਰਾਂ ਵੱਲੋਂ ਪਟਿਆਲੇ ਹੈੱਡ ਕੁਆਰਟਰ ਵਿਖੇ ਵਿਸ਼ਾਲ ਧਰਨਾ 10 ਨੂੰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੈਨਸ਼ਨਜ਼ ਐਸੋਸੀਏਸ਼ਨ ਮੰਡਲ ਧਾਰੀਵਾਲ ਰਜਿ. (ਪੰਜਾਬ ਸਟੇਟ ਪਾਵਰ ਅਤੇ ਟਰਾਂਸਮਿਸ਼ਨ ਕਾਰੋਪੇਸ਼ਨ ਲਿਮਟਿਡ) ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਥਾਨਕ ਮਿੱਲ ਗਰਾਊਂਡ ਧਾਰੀਵਾਲ ਵਿੱਚ ਮੰਡਲ ਪ੍ਰਧਾਨ ਅਨੂਪ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਵਿਚਾਰ ਕਰਨ ਉਪਰੰਤ ਸਟੇਟ ਕਮੇਟੀ ਦੇ ਸੱਦੇ 'ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਜਿਵੇਂ ਕਿ ਮੈਡੀਕਲ ਕੈਸ਼ਲੈਸ ਸਕੀਮ, ਸਕੇਲਾਂ ਦਾ ਏਰੀਅਰ 2.59 ਨਾਲ, ਡੀਏ ਦੀਆਂ ਕਿਸ਼ਤਾਂ ਦਾ ਬਕਾਇਆ, 200 ਰੁਪਏ ਡਿਵੈਲਪਮੈਂਟ ਚਾਰਜ ਬੰਦ ਕਰਨਾ, ਵਰਕਚਾਰਜਾਂ ਦੀਆਂ ਸੇਵਾਵਾਂ ਦਾ ਲਾਭ ਦੇਣਾ ਆਦਿ ਮੰਗਾਂ ਲਾਗੂ ਨਾ ਹੋਣ ਕਰਕੇ ਜਥੇਬੰਦੀ ਵਲੋਂ ਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਜਗਾਉਣ ਲਈ ਪਟਿਆਲੇ ਹੈੱਡ ਕੁਆਰਟਰ ਵਿਖੇ 10 ਮਾਰਚ 2023 ਨੂੰ ਵਿਸ਼ਾਲ ਧਰਨਾ ਦੇਣ ਦਾ ਫੈਸਲਾ ਲਿਆ ਗਿਆ।

ਜਥੇਬੰਦੀ ਦੇ ਆਗੂਆਂ ਨੇ ਸਮੂਹ ਪੈਨਸ਼ਨਰਜ਼ ਮੈਂਬਰਾਂ ਨੂੰ 10 ਮਾਰਚ ਦੇ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਦਿੱਤਾ ਹੈ।

ਮੀਟਿੰਗ ਵਿੱਚ ਪ੍ਰਧਾਨ ਅਨੂਪ ਸਿੰਘ, ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ, ਮੀਤ ਪ੍ਰਧਾਨ ਹਰਜਿੰਦਰ ਸਿੰਘ, ਮੀਤ ਪ੍ਰਧਾਨ ਗਿਆਨ ਸਿੰਘ, ਸਕੱਤਰ ਰਣਜੀਤ ਸਿੰਘ ਗਿੱਲ, ਦਫਤਰੀ ਸਕੱਤਰ ਕੁਲਦੀਪ ਸਿੰਘ, ਪ੍ਰਚਾਰ ਸਕੱਤਰ ਰਣਧੀਰ ਸਿੰਘ, ਸਹਾਇਕ ਸਕੱਤਰ ਅਮਰੀਕ ਸਿੰਘ ਬਾਂਗੋਵਾਨੀ, ਵਿੱਤ ਸਕੱਤਰ ਬਲਵਿੰਦਰ ਸਿੰਘ, ਮੁੱਖ ਆਰਗੇਨਾਈਜ਼ਰ ਅਮਰ ਨਾਥ, ਸਹਾਇਕ ਆਰਗੇਨਾਈਜ਼ਰ ਰਤਨ ਸਿੰਘ ਆਦਿ ਹਾਜ਼ਰ ਸਨ।

# 'ਸਮਾਜ 'ਚ ਔਰਤਾਂ ਦੇ ਜਮਹੂਰੀ ਹੱਕਾਂ ਦੀ ਹੋ ਰਹੀ ਉਲੰਘਣਾ ਤੇ ਸਾਡੀ ਜ਼ਿੰਮੇਵਾਰੀ' ਵਿਸ਼ੇ 'ਤੇ ਸੈਮੀਨਾਰ ਆਯੋਜਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਅੰਮ੍ਰਿਤਸਰ ਇਕਾਈ ਵਲੋਂ 'ਸਮਾਜ 'ਚ ਔਰਤਾਂ ਦੇ ਜਮਹੂਰੀ ਹੱਕਾਂ ਦੀ ਹੋ ਰਹੀ ਉਲੰਘਣਾ ਤੇ ਸਾਡੀ ਜ਼ਿੰਮੇਵਾਰੀ' ਵਿਸ਼ੇ 'ਤੇ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਤਰਕਸ਼ੀਲ ਚਿੰਤਕ ਡਾ. ਸ਼ਿਆਮ ਸੁੰਦਰ ਦੀਪਤੀ, ਮੈਡਮ ਊਸ਼ਾ ਦੀਪਤੀ, ਤਰਕਸ਼ੀਲ ਕਾਰਕੁੰਨ ਦਮਨਜੀਤ ਕੌਰ ਅਤੇ ਸ਼ਰਨਜੀਤ ਕੌਰ ਨੇ ਕੀਤੀ।

ਇਸ ਮੌਕੇ ਸੈਮੀਨਾਰ ਦੇ ਮੁੱਖ ਬੁਲਾਰੇ ਡਾਕਟਰ ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਇਕ ਔਰਤ ਬੱਚੇ ਨੂੰ ਜਨਮ ਦੇਣ ਤੋਂ ਲੈ ਕੇ ਪਾਲਣ ਪੋਸ਼ਣ ਕਰਨ ਅਤੇ ਪਰਿਵਾਰ ਦੀ ਸਹੀ ਸੰਭਾਲ ਕਰਨ ਵਿਚ ਆਪਣੀ ਸਾਰੀ ਉਮਰ ਕੁਰਬਾਨ ਕਰ ਦਿੰਦੀ ਹੈ ਪਰ ਇਸਦੇ ਬਾਵਜੂਦ ਉਸਨੂੰ ਪਰਿਵਾਰ ਅਤੇ ਸਮਾਜ ਵਿਚ ਬਣਦਾ ਸਨਮਾਨ ਨਹੀਂ ਦਿੱਤਾ ਜਾਂਦਾ। ਉਨ੍ਹਾਂ ਨੇ ਲੜਕੀਆਂ ਵਿਰੁੱਧ ਵੱਧ ਰਹੇ ਅਪਰਾਧਾਂ ਤੇ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਸਮਾਜ ਵਿਚ ਔਰਤ ਨੂੰ ਅਨਪੜ੍ਹਤਾ, ਗੁਲਾਮੀ, ਨਾਬਰਾਬਰੀ, ਰੂੜੀਵਾਦੀ ਮਾਨਸਿਕਤਾ ਅਤੇ ਜਬਰ ਜ਼ੁਲਮ ਦਾ ਸ਼ਿਕਾਰ ਬਨਾਉਣ ਵਿਚ ਕੁਝ ਧਰਮਾਂ ਦੇ ਰੂੜੀਵਾਦੀ ਗ੍ਰੰਥਾਂ ਅਤੇ ਪ੍ਰਚਾਰਕਾਂ ਨੇ ਨਾਂਹ ਪੱਖੀ ਰੋਲ ਨਿਭਾਇਆ ਹੈ ਅਤੇ ਲੜਕੀਆਂ ਤੇ ਔਰਤਾਂ ਉਤੇ ਹਮੇਸ਼ਾ ਬੰਦਿਸ਼ਾਂ ਲਾਉਣ ਅਤੇ ਦਬਾ ਕੇ ਰੱਖਣ ਦੀ ਵਕਾਲਤ ਕੀਤੀ ਹੈ ਜਿਸਦੇ ਖਿਲਾਫ ਅੱਜ ਦੀ ਔਰਤ ਸਿੱਖਿਅਤ ਅਤੇ ਜਥੇਬੰਦ ਹੋ ਕੇ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਨੇ ਦੇਸ਼ ਵਿਚਲੇ ਮੌਜੂਦਾ ਔਰਤ ਵਿਰੋਧੀ ਹਾਲਾਤ ਦਾ ਮੁਕਾਬਲਾ ਕਰਨ ਲਈ ਲੜਕੀਆਂ ਅਤੇ ਔਰਤਾਂ ਨੂੰ ਘਰਾਂ-ਪਰਿਵਾਰਾਂ, ਸਮਾਜ ਅਤੇ ਹਰ ਖੇਤਰ ਵਿਚ ਪੂਰਨ ਸਨਮਾਨ, ਸੁਰੱਖਿਆ ਅਤੇ ਬਰਾਬਰੀ ਦੇ ਅਧਿਕਾਰ ਅਤੇ ਪੂਰਨ ਹਮਾਇਤ ਦੇਣ ਦੀ ਲੋੜ ਉਤੇ ਜ਼ੋਰ ਦਿੱਤਾ।

ਇਸ ਮੌਕੇ ਮਾਝਾ ਜ਼ੋਨ ਦੇ ਮੁੱਖੀ ਰਾਜਵੰਤ ਬਾਗੜੀਆਂ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਹਮੇਸ਼ਾ ਔਰਤਾਂ, ਦਲਿਤਾਂ, ਪਿਛੜੇ ਵਰਗਾਂ, ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕੀਤੀ ਹੈ ਅਤੇ ਸਮਾਜ ਵਿਚ ਵਿਗਿਆਨਕ ਚੇਤਨਾ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਹੈ।

ਇਸ ਮੌਕੇ ਮੈਡਮ ਦਮਨਜੀਤ ਕੌਰ ਨੇ ਔਰਤਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਅਸੀਂ ਭਾਰਤੀ ਲੋਕਾਂ ਨੇ ਪੱਛਮੀ ਦੇਸ਼ਾਂ ਦੇ ਨੰਗੇਜਵਾਦ, ਫੈਸ਼ਨ ਅਤੇ ਪੂੰਜੀਵਾਦੀ ਰੁੱਚੀਆਂ ਨੂੰ ਤਾਂ ਅਪਣਾ ਲਿਆ ਹੈ ਪਰ ਬੇਹੱਦ ਅਫ਼ਸੋਸ ਹੈ ਕਿ ਉਥੋਂ ਦੇ ਨੈਤਿਕ ਸਭਿਆਚਾਰ ਵਿਚ ਤਰਕਸ਼ੀਲ ਸੋਚ, ਔਰਤ-ਮਰਦ ਬਰਾਬਰੀ, ਔਰਤਾਂ ਪ੍ਰਤੀ ਸਤਿਕਾਰ, ਅਨੁਸ਼ਾਸਨ, ਇਮਾਨਦਾਰੀ, ਸੱਚਾਈ, ਸਖ਼ਤ ਮਿਹਨਤ, ਸਵੈ ਵਿਸ਼ਵਾਸ, ਸੰਘਰਸ਼ ਆਦਿ ਨੈਤਿਕ ਕਦਰਾਂ ਕੀਮਤਾਂ ਨੂੰ ਆਪਣੀ ਜ਼ਿੰਦਗੀ ਅਤੇ ਸਮਾਜ ਦਾ ਜ਼ਰੂਰੀ ਹਿੱਸਾ ਬਣਾਉਣ ਦੀ ਕਦੇ ਸੁਹਿਰਦਤਾ ਨਹੀਂ ਵਿਖਾਈ।

ਸੀਨੀਅਰ ਰੰਗਮੰਚ ਅਦਾਕਾਰ ਸੁਖਵਿੰਦਰ ਵਿਰਕ ਅਤੇ ਮੈਡਮ ਸ਼ਰਨਜੀਤ ਕੌਰ ਨੇ ਕਿਹਾ ਕਿ ਔਰਤਾਂ ਨੂੰ ਪਾਖੰਡੀ ਬਾਬਿਆਂ ਦੇ ਡੇਰਿਆਂ, ਆਸ਼ਰਮਾਂ, ਜੋਤਸ਼ੀਆਂ ਅਤੇ ਪੁਜਾਰੀ ਵਰਗ ਅੱਗੇ ਨਕ ਮੱਥੇ ਰਗੜਨ ਦੀ ਥਾਂ ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਆਪਣੇ ਪਰਿਵਾਰ ਅਤੇ ਸਮਾਜ ਨੂੰ ਅੰਧਵਿਸ਼ਵਾਸ਼ਾਂ ਅਤੇ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਆਪਣੇ ਜਮਹੂਰੀ ਹੱਕ ਲੈਣ ਲਈ ਹਰ ਜਬਰ ਜ਼ੁਲਮ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

ਮੈਡਮ ਊਸ਼ਾ ਦੀਪਤੀ ਨੇ ਸੁਚੇਤ ਕਰਦਿਆਂ ਕਿਹਾ ਕਿ ਮੌਜੂਦਾ ਸਾਮਰਾਜ ਪੱਖੀ ਹਕੂਮਤਾਂ ਦੀਆਂ ਲੋਕ ਵਿਰੋਧੀ ਅਤੇ ਫ਼ਿਰਕੂ ਆਰਥਿਕ ਨੀਤੀਆਂ ਅਤੇ ਅਮਨ ਕਾਨੂੰਨ ਦੇ ਬਦਤਰ ਹਾਲਾਤ ਨੇ ਸਮੁੱਚੇ ਔਰਤ ਵਰਗ ਦੀ ਆਰਥਿਕਤਾ, ਆਜ਼ਾਦੀ, ਸਨਮਾਨ ਅਤੇ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।

ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਮੋਦੀ ਸਰਕਾਰ ਦੇ ਮੌਜੂਦਾ ਫ਼ਿਰਕੂ-ਫਾਸ਼ੀਵਾਦ ਅਤੇ ਬੇਟੀ ਪੜ੍ਹਾਓ-ਬੇਟੀ ਬਚਾਓ- ਦੇ ਫੋਕੇ ਨਾਅਰੇ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਸਾਡਾ ਸਮੁੱਚਾ ਸਿਆਸੀ, ਪ੍ਰਸ਼ਾਸਨਿਕ,ਸਮਾਜਿਕ ਅਤੇ ਆਰਥਿਕ ਢਾਂਚਾ ਹੀ ਪੂੰਜੀਵਾਦੀ ਲੁੱਟ, ਨਾਬਰਾਬਰੀ, ਬੇਇਨਸਾਫ਼ੀ, ਭ੍ਰਿਸ਼ਟਾਚਾਰ, ਜਬਰ ਅਤੇ ਬਸਤੀਵਾਦੀ ਕਾਲੇ ਕਾਨੂੰਨਾਂ ਦੀਆਂ ਲੀਹਾਂ ਉਤੇ ਚਲਦੇ ਹੋਏ ਪੂਰੀ ਤਰਾਂ ਮਨੁੱਖ ਵਿਰੋਧੀ ਅਤੇ ਖਾਸ ਕਰਕੇ ਔਰਤ ਵਿਰੋਧੀ ਹੋ ਚੁੱਕਾ ਹੈ ਜਿਸਦੇ ਖਿਲਾਫ਼ ਔਰਤ ਜਥੇਬੰਦੀਆਂ ਨੂੰ ਕਿਸਾਨੀ ਅੰਦੋਲਨ ਵਾਂਗ ਫੈਸਲਾਕੁੰਨ ਇਨਕਲਾਬੀ ਸੰਘਰਸ਼ ਕਰਕੇ ਆਪਣੇ ਆਜ਼ਾਦੀ, ਬਰਾਬਰੀ ਅਤੇ ਸੁਰੱਖਿਆ ਦੇ ਜਮਹੂਰੀ ਹੱਕ ਲੈਣ ਲਈ ਖੁਦ ਅੱਗੇ ਆਉਣਾ ਹੋਵੇਗਾ।

ਐਡਵੋਕੇਟ ਅਮਰਜੀਤ ਬਾਈ ਨੇ ਕਿਹਾ ਕਿ ਮੌਜੂਦਾ ਸਮਿਆਂ ਵਿਚ ਮਨੁੱਖੀ ਅਧਿਕਾਰਾਂ ਦੀਆਂ ਸਮਾਜਕ ਕਾਰਕੁਨ ਤੀਸਤਾ ਸੀਤਲਵਾੜ, ਬੁੱਧੀਜੀਵੀ ਅਰੁਧੰਤੀ ਰਾਏ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋ. ਨੰਦਿਨੀ ਸੁੰਦਰ, ਅਧਿਆਪਕ ਸੋਨੀ ਸ਼ੋਰੀ, ਪੱਤਰਕਾਰ ਰਾਣਾ ਆਯੂਬ ਆਦਿ ਜਾਂਬਾਜ਼ ਔਰਤਾਂ ਹਕੂਮਤੀ ਜਬਰ ਅਤੇ ਕਾਰਪੋਰੇਟ ਘਰਾਣਿਆਂ ਦੇ ਸਤਾਏ ਆਦਿਵਾਸੀਆਂ, ਕਬਾਇਲੀਆਂ, ਦਲਿਤਾਂ, ਪਿਛੜੇ ਵਰਗਾਂ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਨਿਡਰਤਾ ਨਾਲ ਲਗਾਤਾਰ ਸੰਘਰਸ਼ ਕਰ ਰਹੀਆਂ ਹਨ ਜਿਸਤੋਂ ਸਮੁੱਚੇ ਔਰਤ ਵਰਗ ਨੂੰ ਸੇਧ ਲੈਣ ਦੀ ਲੋੜ ਹੈ।

ਇਸ ਮੌਕੇ ਤਰਕਸ਼ੀਲ ਇਕਾਈ ਮਾਨਾਵਾਲਾ ਦੀ ਬੇਟੀ ਬਲਜੀਤ ਕੌਰ ਵਲੋਂ ਔਰਤ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿਤੀ ਗਈ। ਇਸ ਮੌਕੇ ਮੰਚ ਅਦਾਕਾਰ ਸੁਖਵਿੰਦਰ ਵਿਰਕ ਵਲੋਂ ਮਰਨ ਉਪਰੰਤ ਆਪਣਾ ਸਰੀਰ ਮੈਡੀਕਲ ਕਾਲਜ ਨੂੰ ਪ੍ਰਦਾਨ ਕਰਨ ਲਈ ਤਰਕਸ਼ੀਲ ਸੁਸਾਇਟੀ ਨੂੰ ਲਿਖਤੀ ਹਲਫ਼ੀਆ ਬਿਆਨ ਸੌਂਪਿਆ ਗਿਆ। ਇਸ ਮੌਕੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਔਰਤਾਂ ਸੰਬੰਧੀ ਗਾਲਾਂ ਕੱਢਣ ਨੂੰ ਸਜ਼ਾਯੋਗ ਅਪਰਾਧ ਦੀ ਸ਼੍ਰੇਣੀ ਵਿਚ ਰੱਖਿਆ ਜਾਵੇ ਅਤੇ ਮਾਦਾ ਭਰੂਣ ਹੱਤਿਆ ਦੇ ਅਪਰਾਧ ਲਈ ਦੋਸ਼ੀਆਂ ਉਤੇ ਧਾਰਾ 302 ਦਾ ਕਤਲ ਦਾ ਕੇਸ ਦਰਜ ਕੀਤਾ ਜਾਵੇ।

ਇਸ ਮੌਕੇ ਇਕਾਈ ਮੁਖੀ ਜਸਪਾਲ ਬਾਸਰਕੇ ਨੇ ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਪਰਸ਼ੋਤਮ ਲਾਲ, ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਮਨਜੀਤ ਬਾਸਰਕੇ, ਬਲਦੇਵ ਰਾਜ ਵੇਰਕਾ, ਸ਼ਕਤੀ ਕੁਮਾਰ, ਸੁਖਮੀਤ ਸਿੰਘ, ਹਰਜਿੰਦਰ ਜਲਾਲਪੁਰ,ਕਾ. ਬਲਵਿੰਦਰ ਦੁਧਾਲਾ,ਪੈਰਾ ਮੈਡੀਕਲ ਆਗੂ ਪ੍ਰੇਮ ਚੰਦ, ਰਾਜ ਕੁਮਾਰ ਵੇਰਕਾ, ਪ੍ਰੋ. ਹੇਮੰਤ ਕੁਮਾਰ, ਬਨਾਰਸੀ ਦਾਸ, ਰਮੇਸ਼ ਜੈਨ, ਅਨਮੋਲ ਸਿੰਘ, ਪਰਮਜੀਤ ਸਿੰਘ, ਨਵਰੀਤ, ਨਵਜੀਤ, ਕਪਤਾਨ ਸਿੰਘ ਮਾਨਾਂ ਵਾਲਾ ਇਕਾਈ, ਸੁਰਿੰਦਰ ਕੁਮਾਰ ਜ਼ੀਰਾ, ਹਰਜੀਤ ਕੌਰ, ਪ੍ਰੀਤੀ, ਸ਼ਮਾ ਆਦਿ ਤਰਕਸ਼ੀਲ ਮੈਂਬਰ ਸ਼ਾਮਿਲ ਹੋਏ।

